

# ਅੰਮ੍ਰਿਤਾ
## ਇਕ ਕਾਇਨਾਤ

ਅਮੀਆ ਕੁੰਵਰ

# ਅੰਮ੍ਰਿਤਾ : ਇਕ ਕਾਇਨਾਤ

## ਲੇਖਿਕਾ ਦੀਆਂ ਹੋਰ ਰਚਨਾਵਾਂ :

**ਕਾਵਿ ਸੰਗ੍ਰਹਿ** : ਸਮੇਂ ਗਵਾਹੀ ਦੇਗਾ, ਲਮਹੋਂ ਕੀ ਗਾਥਾ (ਹਿੰਦੀ) ਛਿਣਾਂ ਦੀ ਗਾਥਾ, ਕਵੀ-ਓ-ਵਾਚ, ਧੀਮੀ ਵੇਲਾ, ਢਾਈ ਅੱਖਰ।

**ਆਲੋਚਨਾ** : ਕਾਵਿ ਜਾਵੀਏ, ਗੁਰਮੁਖੀ ਲਿਪੀ ਪਰ ਹਿੰਦੀ ਭਾਸ਼ਾ ਕਾ ਪ੍ਰਭਾਵ, ਬਿੰਬ ਵਿਧਾਨ ਤੇ ਪੰਜਾਬੀ ਪ੍ਰਗੀਤ।

**ਮੌਲਿਕ ਵਾਰਤਕ** : ਅੰਮ੍ਰਿਤਾ : ਇਕ ਕਾਇਨਾਤ

**ਸੰਪਾਦਨ** : ਅੱਖਰਾਂ ਦੀ ਜਾਈ (ਅੰਮ੍ਰਿਤਾ ਪ੍ਰੀਤਮ ਬਾਰੇ ਕਵਿਤਾਵਾਂ), ਜਸ਼ਨ ਜ਼ਾਰੀ ਹੈ (ਇਮਰੋਜ਼ ਦੀਆਂ ਕਵਿਤਾਵਾਂ), ਕਵਿਤਾ ਦੀ ਦਸਤਕ (ਅਰਤਿੰਦਰ ਸੰਧੂ ਦੀਆਂ ਕਵਿਤਾਵਾਂ), ਬਾਹਰੀ ਲੋਕ ਤੇ ਹੋਰ ਕਹਾਣੀਆਂ (ਰਾਜੀ ਸੇਠ ਦੀਆਂ) ਮੁਕਤੀ ਨਾਮਾ (ਵਿਮਲ ਇੱਸਰ ਦੀਆਂ ਕਵਿਤਾਵਾਂ), ਆਈਆਂ ਨੇ ਯਾਦਾਂ ਤੇਰੀਆਂ, ਅੰਮ੍ਰਿਤਾ ਜੋ ਹਮੇਸ਼ਾ ਰਹੇਗੀ, ਪਰਵਾਸੀ ਕਾਵਿ ਸੁਰਾਂ (ਦਿੱਲੀ ਯੂਨੀਵਰਸਿਟੀ ਦੇ ਕੋਰਸ ਵਿਚ)

**ਅਨੁਵਾਦ** : ਲਗਪਗ 70 ਕਿਤਾਬਾਂ ਦਾ, ਪੰਜਾਬੀ ਤੋਂ ਹਿੰਦੀ, ਹਿੰਦੀ ਤੋਂ ਪੰਜਾਬੀ ਅਤੇ ਅੰਗ੍ਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ। ਜਿਹਨਾਂ ਵਿਚੋਂ ਮੁਖ ਤੌਰ ਤੇ ਅੰਮ੍ਰਿਤਾ ਪ੍ਰੀਤਮ ਦੀਆਂ ਅਤੇ ਨੈਸ਼ਨਲ ਬੁਕ ਟ੍ਰਸਟ ਦੀਆਂ ਕਿਤਾਬਾਂ ਦਾ ਅਨੁਵਾਦ—ਇਸ ਤੋਂ ਛੁੱਟ ਅਜੀਤ ਕੌਰ, ਕੁਸੁਮ ਅੰਸਲ, ਹੰਸਰਾਜ ਰਹਿਬਰ, ਦੇਵਿੰਦਰ, ਅਮਰਜੀਤ ਸਿੰਘ, ਨਰਿੰਜਨ ਤਸਨੀਮ, ਸਿੰਮੀ ਹਰਸ਼ਿਤਾ, ਰਾਜੀ ਸੇਠ, ਕਮਲ ਕੁਮਾਰ, ਸੁੱਭਦਰਾ ਕੁਮਾਰੀ ਚੌਹਾਨ, ਉਪਿੰਦਰਨਾਥ ਅਸ਼ਕ, ਰਾਮ ਦਰਸ਼ ਮਿਸ਼ਰ ਆਦਿ ਦੀਆਂ ਪੁਸਤਕਾਂ ਹਨ।

**ਸਨਮਾਨ/ਅਵਾਰਡ** : ਅਖਿਲ ਭਾਰਤੀ ਕਵਿੱਤਰੀ ਸੰਮੇਲਨ, ਖੁਰਜਾ (2001) ਪੰਜਾਬੀ ਸਾਹਿਤ ਕਲਾ ਸੰਗਮ, ਦਿੱਲੀ (ਧਾਲੀਵਾਲ, 2002) ਪੰਜਾਬੀ ਅਕਾਦਮੀ ਦਿੱਲੀ (2003), ਭਾਰਤੀ ਅਨੁਵਾਦ ਪਰਿਸ਼ਦ ਤੋਂ ਡਾ. ਗਾਰਗੀ ਗੁਪਤ ਦਿਵਾਗੀਸ਼ ਸਨਮਾਨ (2009), ਪੰਜਾਬੀ ਸਾਹਿਤ ਸਭਾ, ਜਲਾਲਾਬਾਦ (2012), ਦਿੱਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ - ਬਾਬਾ ਬੰਦਾ ਸਿੰਘ ਬਹਾਦਰ ਸਨਮਾਨ (2016) ਲੇਖਕ ਵਿਸ਼ੇਸ਼, ਅਦਬ ਯਾਤਰਾ ਮੰਚ ਵਲੋਂ (2019) ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਆਨਰਸ 'ਚ ਮੇਰੀਆਂ ਤਿੰਨ ਕਵਿਤਾਵਾਂ ਸ਼ਾਮਲ ਹਨ।

# ਅੰਮ੍ਰਿਤਾ
## ਇਕ ਕਾਇਨਾਤ

ਡਾ. ਅਮੀਆ ਕੁੰਵਰ

ਸ਼ਿਲਾਲੇਖ ਪਬਲੀਸ਼ਰਸ, ਦਿੱਲੀ-110032

ISBN : 978-81-7329-279-8

ਪਹਿਲੀ ਵਾਰ : 2012

ਦੂਜੀ ਵਾਰ : 2020

© ਅਮੀਆ ਕੁੰਵਰ

ਮੁੱਲ : 200 ਰੁਪਏ

ਪ੍ਰਕਾਸ਼ਕ : **ਸ਼ਿਲਾਲੇਖ ਪਬਲੀਸ਼ਰਸ**
4/32 ਸੁਭਾਸ਼ ਗਲੀ
ਵਿਸ਼ਵਾਸ ਨਗਰ
ਸ਼ਾਹਦਰਾ, ਦਿੱਲੀ-110032
ਫ਼ੋਨ : 011-22303184
e-mail : shilalekhbooks@rediffmail.com

ਕੰਪੋਜ਼ਿੰਗ : ਹਰਸਿਮਰਨ ਗ੍ਰੈਫ਼ਿਕਸ, ਦਿੱਲੀ-110051

ਛਾਪਕ : ਬੀ. ਕੇ. ਆਫ਼ਸੈੱਟ, ਦਿੱਲੀ-110032

---

Amrita : Ik Kaynat—Collection of Articles written on Amrita Pritam
by Dr. Amia Kunwar

ਅੰਮ੍ਰਿਤਾ ਕਾਇਨਾਤ ਵਿਚ
ਜੀਵੀਆਂ-ਥੀਵੀਆਂ
ਘੜੀਆਂ ਦੇ ਨਾਂ

# ਤਤਕਰਾ


ਆਦਿਕਾ 9

ਨਿਆਜ਼ ਬੋ ਜਿਹੀ ਸ਼ਖਸੀਅਤ 11

ਅੰਤਲੇ ਦਸ ਵਰ੍ਹਿਆਂ ਦਾ ਅੰਮ੍ਰਿਤਾ ਕਾਵਿ-ਸਫ਼ਰ 16

ਅੰਮ੍ਰਿਤਾ ਪ੍ਰੀਤਮ : ਮੋਹਵੰਤਾ ਰਿਸ਼ਤਾ 23

ਪੀੜ ਛੋਟੀ ਧੀ ਦੀ 29

ਯਾਦਾਂ ਦੀ ਚੰਗੇਰ 31

ਸ਼ਰਧਾਂਜਲੀ 36

ਅੰਮ੍ਰਿਤਾ — ਇਕ ਪੂਰੀ ਕਾਇਨਾਤ 41

ਅੰਮ੍ਰਿਤਾ/ਇਮਰੋਜ਼ ਦੇ ਨਾਲ ਨਾਲ ਤੁਰਦਿਆਂ 49

ਨੇੜਿਓਂ ਵੇਖੀ ਅੰਮ੍ਰਿਤਾ 56

ਲੇਖਕਾਂ-ਪ੍ਰਸ਼ੰਸਕਾਂ ਦੇ ਖ਼ਤਾਂ ਵਿੱਚੋਂ ਝਲਕਦਾ ਅੰਮ੍ਰਿਤਾ ਪ੍ਰੀਤਮ ਬਿੰਬ 65

ਚਿੱਠੀਆਂ ਵਿਚਲਾ ਸੱਚ 71

ਅੰਮ੍ਰਿਤਾ ਨੂੰ ਯਾਦ ਕਰਦਿਆਂ 76

ਕੁਝ ਖ਼ਤ/ਪ੍ਰਤੀਕਰਮ (ਅੱਖਰ ਦੇ ਬਹਾਨੇ) 80

ਅੰਮ੍ਰਿਤਾ ਪ੍ਰੀਤਮ ਦੀਆਂ ਦੋ ਅਣਛਪੀਆਂ ਨਜ਼ਮਾਂ 82

ਅਵਾਈਆਂ ਦੇ ਪ੍ਰਤੀਕਰਮ ਵਜੋਂ 'ਅੱਖਰ' ਨੂੰ ਲਿਖਿਆ ਇਕ ਖ਼ਤ 84

ਅੰਮ੍ਰਿਤਾ ਪ੍ਰੀਤਮ ਸਖਸੀਅਤ : ਕੁਝ ਖੁਲ੍ਹਾਸੇ 87

'ਮੇਰੀ ਅੰਮ੍ਰਿਤਾ ਦੀਦੀ' : ਪ੍ਰਤੀਕਰਮ ਦਰ ਪ੍ਰਤੀਕਰਮ 92

ਇਮਰੋਜ਼/ਬਹੁਪਰਤੀ ਰਿਸ਼ਤਿਆਂ ਦਾ ਸੰਸਾਰ 96

ਇਮਰੋਜ਼ ਜੀ ਨਾਲ ਸਾਖਿਆਤਕਾਰ 106

ਇਮਰੋਜ਼ ਨਾਲ ਇਕ ਹੋਰ ਸਾਖਿਆਤਕਾਰ 16 ਅਪ੍ਰੈਲ, 2008 110

ਅੰਤਿਕਾ : ਕੇ-ਪੰਜੀ ਹੌਜ਼ ਖ਼ਾਸ ਬਨਾਮ ਐਨ. ਤੇਰ੍ਹਾਂ ਗ੍ਰੇਟਰ ਕੈਲਾਸ਼ 114

# ਆਦਿਕਾ

ਪੰਜਾਬੀ ਅਦਬੀ ਜਗਤ ਦੀ ਸ਼ਾਹਣੀ ਅੰਮ੍ਰਿਤਾ ਪ੍ਰੀਤਮ ਹੁਰਾਂ ਨੂੰ ਗਿਆਂ ਸਾਢੇ ਛੇ ਵਰ੍ਹੇ ਤੋਂ ਉੱਤੇ ਹੋ ਗਏ ਹਨ। ਉਹਨਾਂ ਦੀ ਬਿਮਾਰੀ ਦੇ ਦਿਨਾਂ ਵਿਚ, ਉਹਨਾਂ ਦੇ ਅਕਾਲ ਚਲਾਣੇ ਉੱਤੇ ਵੱਖ ਵੱਖ ਅਖ਼ਬਾਰਾਂ, ਰਸਾਲਿਆਂ 'ਚ ਪ੍ਰਤਿਕਰਮ ਵੀ ਆਏ ਅਤੇ ਉਹਨਾਂ ਵਲੋਂ ਕੀਤੇ ਇਸਰਾਰ ਜਾਂ ਮੰਗ ਉੱਤੇ ਮੇਰੇ ਵਲੋਂ ਪ੍ਰਤਿਕਿਰਿਆ ਵਜੋਂ ਕੁਝ ਲੇਖ ਵੀ ਲਿਖੇ ਗਏ। ਸੋ ਇਸ ਕਿਤਾਬ ਵਿਚਲੇ ਕੁਝ ਲੇਖ, ਖ਼ਤ ਅਤੇ ਸਾਖ਼ਿਆਤਕਾਰ ਸਮੇਂ-ਸਮੇਂ 'ਤੇ ਪੰਜਾਬੀ ਟ੍ਰਿਬਿਊਨ, ਨਵਾਂ ਜ਼ਮਾਨਾ, ਅੱਖਰ, ਪ੍ਰਤਿਮਾਨ, ਸਰੂ, ਸੂਹੀ ਸਵੇਰ, ਪਾਲਿਕਾ ਸਮਾਚਾਰ, ਜਨਸਾਹਿਤ, ਦੈਨਿਕ ਭਾਸਕਰ, ਭਾਸ਼ਾ ਵਿਭਾਗ ਵਲੋਂ ਅੰਮ੍ਰਿਤਾ ਹੁਰਾਂ ਉੱਤੇ ਕੱਢੇ ਗਏ ਸੋਵੀਨਰ, ਗੂੜ੍ਹੇ ਅੱਖਰਾਂ ਵਾਲੀ ਵਰਣਮਾਲਾ (ਸੰ. ਮੋਹਨਜੀਤ) ਆਦਿ ਲਈ ਉਚੇਚੇ ਤੌਰ 'ਤੇ ਲਿਖੇ ਗਏ। ਇਹਨਾਂ ਸਭ ਅਖ਼ਬਾਰਾਂ, ਰਸਾਲਿਆਂ ਦੇ ਸੰਪਾਦਕਾਂ ਨੂੰ ਮੇਰਾ ਸਾਧੂਵਾਦ। ਜਿਹਨਾਂ ਵਲੋਂ ਮਿਲੇ ਉਤਸਾਹ ਨੇ ਇਹ ਸਭ ਮੈਥੋਂ ਲਿਖਵਾਇਆ। ਪਰ, ਇਹਨਾਂ ਲੇਖਾਂ ਦਾ ਸੰਕਲਨ ਕਰ 'ਅੰਮ੍ਰਿਤਾ : ਇਕ ਕਾਇਨਾਤ' ਦੇ ਕਿਤਾਬੀ ਸੂਰਤ ਅਖ਼ਤਿਆਰ ਹੋਣ ਦਾ ਸਿਹਰਾ ਨਿਸਚੇ ਹੀ ਪ੍ਰਕਾਸ਼ਕ ਸਤੀਸ਼ ਸ਼ਰਮਾ ਨੂੰ ਜਾਂਦਾ ਹੈ। ਉਹਨਾਂ ਵਲੋਂ ਜੇ ਰਹਿ-ਰਹਿ ਕੇ ਇਸਰਾਰ ਨਾ ਹੁੰਦਾ ਤਾਂ ਇਹ ਲੇਖ ਇਵੇਂ ਹੀ ਇਧਰ-ਉਧਰ ਖਿੰਡੇ-ਪੁੰਡੇ ਰਹਿੰਦੇ। ਉਹਨਾਂ ਵਲੋਂ ਕੀਤਾ ਤਿੰਨ-ਚਾਰ ਵਰ੍ਹਿਆਂ ਦਾ ਲੰਮਾ ਧੀਰਜ, ਸਬਰ ਹੀ ਮੈਥੋਂ ਕੁਝ ਹੋਰ ਲੇਖ ਲਿਖਾ ਗਿਆ। ਕਦੇ ਕਿਸੇ ਕਿਤਾਬ ਦੇ ਪ੍ਰਤਿਕਰਮ ਵਜੋਂ, ਕਦੇ ਕਿਸੇ ਦੀ ਗ਼ੈਰ-ਜ਼ਿੰਮੇਵਰਾਨਾ ਬਿਆਨਬਾਜ਼ੀ ਕਾਰਨ ਅਤੇ ਕਦੇ ਅੰਮ੍ਰਿਤਾ ਜੀ ਦੇ ਜਨਮਦਿਨ ਜਾਂ ਲੋਕਾਂ ਵਲੋਂ ਫੈਲਾਈਆਂ ਅਵਾਈਆਂ, ਸਕੈਂਡਲਾਂ, ਕੇ-ਪੱਚੀ ਹੌਜ਼ ਖ਼ਾਸ ਤੋਂ ਐਨ-ਤੇਰ੍ਹਾਂ ਗ੍ਰੇਟਰ ਕੈਲਾਸ਼ 'ਚ ਅੰਮ੍ਰਿਤਾ ਪਰਿਵਾਰ ਦਾ ਸ਼ਿਫਟ ਹੋਣਾ ਆਦਿ ਸਭ ਇਹਨਾਂ ਲੇਖਾਂ ਦੀ ਕਰਮ-ਭੂਮੀ ਬਣਿਆ। ਇਸ ਪੁਸਤਕ ਵਿਚਲੇ ਲੇਖਾਂ, ਸੰਸਮਰਣਾਂ ਨੂੰ ਬਾਰ-ਬਾਰ ਪੜ੍ਹਨ, ਸੋਧਣ ਅਤੇ ਵਾਕਾਂ ਦੇ ਵਾਕ, ਪੈਰ੍ਹਿਆਂ ਦੇ ਪੈਰ੍ਹੇ ਛਾਂਗਣ, ਲੰਡਣ ਦੇ ਬਾਵਜੂਦ ਵੀ ਕਈ ਥਾਵਾਂ ਉੱਤੇ ਕੁਝ ਯਾਦਾਂ, ਘਟਨਾਵਾਂ, ਖ਼ਤਾਂ ਦੀ ਦੁਹਰਾਈ ਹੈ। ਅਜਿਹਾ ਕਰਨਾ ਮੇਰੀ ਮਜਬੂਰੀ ਅਤੇ ਬੇਵਸੀ ਸੀ ਕਿਉਂਕਿ ਇਹਨਾਂ ਵਿਚੋਂ ਕੁਝ ਲੇਖ ਸਮੇਂ-ਸਮੇਂ 'ਤੇ ਵੱਖ-ਵੱਖ ਲੋਕਾਂ, ਸੰਪਾਦਕਾਂ ਦੀ ਮੰਗ ਉੱਤੇ ਲਿਖੇ ਗਏ। ਹਾਲਾਤ, ਸਮੇਂ ਅਨੁਸਾਰ ਕੁਝ ਜ਼ਿਕਰ, ਕੁਝ ਘਟਨਾਵਾਂ, ਕੁਝ ਅਨੁਭਵਾਂ ਨੂੰ ਸੰਦਰਭ ਅਨੁਸਾਰ ਦੇਣਾ ਢੁਕਵਾਂ ਵੀ ਸੀ ਅਤੇ ਜ਼ਰੂਰੀ ਵੀ। ਜੇ ਉਹਨਾਂ ਮੁਨਾਸਬ ਪ੍ਰਸੰਗਾਂ ਨੂੰ ਨਿਖੇੜ ਦਿੱਤਾ ਜਾਂਦਾ ਤਾਂ ਗੱਲ ਨਿਖੁੱਟਦੀ, ਅਧੂਰੀ ਜਾਪਦੀ। ਸੋ ਇਹਨਾਂ ਸੰਸਮਰਣਾਂ ਦੀ ਵਾਜਿਬ ਮੰਗ ਅਤੇ ਲੋੜ ਨੂੰ ਧਿਆਨ ਵਿਚ ਰੱਖ ਕੇ ਲੇਖਾਂ ਵਿਚ ਇਹਨਾਂ ਦੀ ਸ਼ਮੂਲੀਅਤ ਕਾਇਮ ਰਹਿਣ

ਦਿੱਤੀ। ਆਸ ਕਰਦੀ ਹਾਂ ਅੰਮ੍ਰਿਤਾ ਦੇ ਪ੍ਰਸ਼ੰਸਕ, ਪਾਠਕ, ਦੋਸਤ ਇਸ ਨੂੰ ਵਾਧੂ ਨਹੀਂ ਲੈਣਗੇ। 'ਅੰਮ੍ਰਿਤਾ : ਇਕ ਕਾਇਨਾਤ' ਵਿਚ ਵਧੇਰੇ ਲੇਖ ਅੰਮ੍ਰਿਤਾ ਜੀ ਨਾਲ ਜੁੜੀਆਂ ਯਾਦਾਂ ਨਾਲ ਵਾਬਸਤਾ ਹਨ। ਪਰ, ਇਸ ਹਕੀਕਤ ਤੋਂ ਕੌਣ ਇਨਕਾਰੀ ਹੋ ਸਕਦਾ ਹੈ ਕਿ ਇਮਰੋਜ਼ ਜੀ ਤੋਂ ਬਿਨਾਂ ਇਹ ਕਾਇਨਾਤ ਅਧੂਰੀ ਹੈ। ਸੋ, ਸਮੇਂ-ਸਮੇਂ 'ਤੇ ਇਮਰੋਜ਼ ਹੋਰਾਂ ਨਾਲ ਲਏ ਸਾਖਿਆਤਕਾਰ (ਜਿਹਨਾਂ ਦੇ ਪ੍ਰੇਰਨਾ-ਸਰੋਤ ਦੇਸ ਰਾਜ ਕਾਲੀ ਰਹੇ ਹਨ। ਉਹਨਾਂ ਵਲੋਂ ਦੈਨਿਕ ਭਾਸਕਰ ਲਈ ਕੀਤੀ ਮੰਗ ਵਜੋਂ ਹੀ ਇਹ ਸੰਭਵ ਹੋਇਆ।) ਅਤੇ ਇਮਰੋਜ਼ ਉੱਤੇ ਲਿਖਿਆ ਮੇਰਾ ਰੇਖਾ-ਚਿੱਤਰ 'ਇਮਰੋਜ਼ : ਬਹੁਪਰਤੀ ਰਿਸ਼ਤਿਆਂ ਦਾ ਸੰਸਾਰ' ਵੀ ਇਸ ਪੁਸਤਕ ਦਾ ਹਿੱਸਾ ਬਣੇ ਹਨ ਤਾਂ ਕਿ ਅੰਮ੍ਰਿਤਾ ਦੀ ਕਾਇਨਾਤ ਪੂਰਨ, ਮੁਕੰਮਲ ਰੂਪ ਅਖ਼ਤਿਆਰ ਕਰੇ। ਇਹ ਸਭ ਲਿਖ ਕਰ ਕੇ ਵੀ ਅੰਮ੍ਰਿਤਾ ਜੀ ਨਾਲ ਕੀਤੇ ਵਾਇਦੇ (ਕਿ ਮੈਂ ਉਹਨਾਂ ਦੀ ਜੀਵਨੀ ਲਿਖਾਂ) ਦਾ ਰਿਣ ਉਵੇਂ ਦਾ ਉਵੇਂ ਬਰਕਰਾਰ ਹੈ। ਸਗੋਂ ਦਿਨ-ਬ-ਦਿਨ, ਇਸ ਦਾ ਸੂਦ ਵਧਦਾ ਜਾ ਰਿਹਾ ਹੈ। ਹੋ ਸਕਦਾ ਹੈ, ਆਉਣ ਵਾਲਿਆਂ ਸਮਿਆਂ 'ਚ ਰੱਬ ਮੈਨੂੰ ਇੰਨੀ ਸਮਰੱਥਾ ਅਤੇ ਹੁਨਰ ਦੇਵੇ ਕਿ ਇਸ ਕਰਜ਼ੇ ਤੋਂ ਮੁਕਤ ਹੋ ਸਕਾਂ।

**ਅਮੀਆ ਕੁੰਵਰ**

# ਨਿਆਜ਼ ਬੋ ਜਿਹੀ ਸ਼ਖਸੀਅਤ

ਅੰਮ੍ਰਿਤਾ ਜੀ ਦੇ ਸੰਗ-ਸਾਥ ਰਹਿਣ ਵਾਲੇ ਉਹਨਾਂ ਦੇ ਜੀਵਨ ਸਾਥੀ ਇਮਰੋਜ਼, ਨੂੰਹ, ਧੀ, ਪੁੱਤਰ, ਉਹਨਾਂ ਦੇ ਬੱਚੇ, ਅੰਮ੍ਰਿਤਾ ਜੀ ਦੇ ਨਜ਼ਦੀਕੀ ਦੋਸਤ ਉਹਨਾਂ ਦੀ ਸ਼ਖਸੀਅਤ ਦੀ ਮਹਿਕ ਨਾਲ ਮਹਿਕਦੇ ਤਾਂ ਰਹਿੰਦੇ ਹੀ ਹਨ ਪਰ ਉਹਨਾਂ ਤੋਂ ਦੂਰ-ਪਾਰ ਰਹਿੰਦੇ, ਉਹਨਾਂ ਨੂੰ ਪਿਆਰ ਕਰਨ ਵਾਲੇ ਲੋਕ ਵੀ ਇਸ ਅਲੋਕਾਰ ਨਿਆਜ਼ ਬੋ ਜਿਹੀ ਸਖਸੀਅਤ ਤੋਂ ਸੱਖਣੇ ਨਹੀਂ ਰਹਿ ਸਕਦੇ।

ਇਸ ਨਿਆਜ਼ਬੋਈ ਸ਼ਖਸੀਅਤ ਨੂੰ ਨੇੜਿਓਂ ਜਾਣਦਿਆਂ ਕਰੀਬ ਚੌਦਾਂ ਸਾਲ ਹੋ ਗਏ ਹਨ — ਹਾਲਾਂਕਿ ਉਹਨਾਂ ਦੀਆਂ ਕਿਤਾਬਾਂ ਰਾਹੀਂ ਤੇ ਕਦੇ-ਕਦਾਈਂ ਕਿਸੇ ਸੈਮੀਨਾਰ ਵਿਚ ਉਹਨਾਂ ਨਾਲ ਮੇਲ ਇਸ ਤੋਂ ਪਹਿਲਾਂ ਵੀ ਹੁੰਦਾ ਰਿਹਾ। ਇਕ ਦਿਨ ਫ਼ੋਨ ਆਇਆ — ਮੈਂ ਅਮਰਜੀਤ ਜੀ ਨਾਲ ਗੱਲ ਕਰਨੀ ਏ। ਕਿਹਾ : ਬੋਲ ਰਹੀ ਹਾਂ। ਦੂਜੇ ਪਾਸਿਓਂ ਆਵਾਜ਼ ਆਈ — ''ਮੈਂ ਅੰਮ੍ਰਿਤਾ ਪ੍ਰੀਤਮ ਬੋਲ ਰਹੀ ਹਾਂ। ਸੁਣਿਆ ਏ ਤੁਹਾਡੀ ਪੰਜਾਬੀ ਅਤੇ ਹਿੰਦੀ ਦੋਹਾਂ ਭਾਸ਼ਾਵਾਂ ਉੱਤੇ ਬਰਾਬਰ ਦੀ ਕਮਾਂਡ ਏ। ਮੈਨੂੰ ਆਪਣੇ ਲਈ ਇਕ ਅਨੁਵਾਦਕ ਦੀ ਕਦੇ-ਕਦਾਈਂ ਲੋੜ ਪੈਂਦੀ ਹੈ।'' ਸਰੀਰ ਦਾ ਰੋਮ ਰੋਮ ਸਾਹ ਲੈਣ ਲੱਗ ਪਿਆ। ਇਕ ਛਿਣ ਲਈ ਜਿਵੇਂ ਦਿਲ ਧੜਕਨਾ ਬੰਦ ਹੋ ਗਿਆ ਤੇ ਫਿਰ ਉਹਦੀ ਗਤੀ ਇੰਨੀ ਤੇਜ਼ ਹੋ ਗਈ ਕਿ ਲੱਗਿਆ ਬਸ ਹੁਣੇ ਹੀ...। ਉਸ ਸ਼ਖਸੀਅਤ ਦੀ ਆਵਾਜ਼ ਸੁਨਣਾ ਜਿਹਨੂੰ ਮੈਂ ਸਤਵੀਂ-ਅਠਵੀਂ ਜਮਾਤ ਤੋਂ ਦੀਵਾਨਿਆਂ ਵਾਂਗ ਪੜ੍ਹਦੀ ਆ ਰਹੀ ਸਾਂ। ਉਦੋਂ ਜਦੋਂ ਮੇਰੇ ਘਰ ਨੇੜੇ ਪੰਜਾਬੀ ਦੀਆਂ ਕਿਤਾਬਾਂ ਨਹੀਂ ਮਿਲਦੀਆਂ ਸਨ — ਉਦੋਂ ਹਿੰਦੀ ਵਿਚ ਸਭ ਤੋਂ ਪਹਿਲੀ ਕਿਤਾਬ ਪੜ੍ਹੀ — ''ਕਾਲਾ ਗੁਲਾਬ''। ਉਸ ਕੱਚੀ ਉਮਰ ਵਿਚ ਜਦੋਂ ਇੰਨੀਆਂ ਡੂੰਘੀਆਂ ਗੱਲਾਂ ਸਮਝ ਵਿਚ ਨਹੀਂ ਸਨ ਆਉਂਦੀਆਂ 'ਕਾਲਾ ਗੁਲਾਬ' ਦਿਲੋ-ਦਿਮਾਗ ਉੱਤੇ ਪਤਾ ਨਹੀਂ ਕੀ ਅਸਰ ਕਰਦਾ ਗਿਆ ਕਿ ਮੈਂ ਦੀਵਾਨਾਵਾਰ ਉਸ ਵਿਚਲੀਆਂ ਦਿਲ ਨੂੰ ਛੂਹਣ ਵਾਲੀਆਂ ਸਤਰਾਂ ਨੂੰ ਲਕੀਰਦੀ ਗਈ ਤੇ ਫਿਰ ਹੋਰ ਕਈ 'ਅੱਕ ਦਾ ਬੂਟਾ', 'ਪਿੰਜਰ', 'ਡਾ. ਦੇਵ', 'ਦਿੱਲੀ ਦੀਆਂ ਗਲੀਆਂ', 'ਇਕ ਸੀ ਅਨੀਤਾ' ਪੜ੍ਹੀਆਂ। ਜਿਸ ਗੁਪਤਾ ਬੁਕ ਸ਼ਾਪ ਤੋਂ ਇਕ ਰੁਪਏ 'ਤੇ ਦੋ ਕਿਤਾਬਾਂ ਕਿਰਾਏ ਤੇ ਲੈਕੇ ਆਉਂਦੀ ਸਾਂ, ਉਸ ਨੂੰ ਹੋਰ ਕਿਤਾਬਾਂ ਲਿਆਉਣ ਨੂੰ ਕਹਿੰਦੀ। ਜਦੋਂ ਮੈਨੂੰ ਮਹੀਨੇ ਦਾ ਜੇਬ ਖ਼ਰਚ ਮਿਲਦਾ ਤੇ ਗੁਪਤਾ ਕਿਤਾਬਾਂ ਵਾਲਾ ਵੀ ਉਸ ਕਿਤਾਬ ਨੂੰ ਕਿਰਾਏ 'ਤੇ ਦੇ ਦੇ ਕੇ ਕਾਫ਼ੀ ਪੈਸੇ ਕਮਾ ਚੁੱਕਾ ਹੁੰਦਾ ਤਾਂ ਮੈਂ ਅੱਧਾ ਮੁੱਲ ਦੇ ਕੇ ਉਹ ਕਿਤਾਬ ਖ਼ਰੀਦ ਲੈਂਦੀ। ਉਦੋਂ ਤੋਂ ਹੀ ਮੇਰੀ ਨਿੱਕੀ ਜਿਹੀ ਲਾਇਬ੍ਰੇਰੀ ਦਾ ਆਗਾਜ਼ ਹੋਇਆ। ਉਹ ਕਿਤਾਬਾਂ ਅੱਜ ਵੀ ਮੇਰੀ ਨਿੱਜੀ

ਲਾਇਬ੍ਰੇਰੀ ਦਾ ਸਿੰਗਾਰ ਹਨ। ਇਸ ਵਿਚ ਬਹੁਤ ਵੱਡਾ ਇਜ਼ਾਫ਼ਾ ਹੋਇਆ ਅੰਮ੍ਰਿਤਾ ਜੀ ਵਲੋਂ ਮਿਲੀਆਂ ਪੰਜ-ਛੇ ਸੌ ਕਿਤਾਬਾਂ ਨਾਲ। ਫਿਰ ਮੈਂ ''ਨਾਗਮਣੀ'' ਲੈਣੀ ਸ਼ੁਰੂ ਕੀਤੀ। ਅੰਮ੍ਰਿਤਾ ਇਮਰੋਜ਼ ਦੇ ਵਿਚਾਰਾਂ ਦੀ ਕਾਇਲ ਹੁੰਦੀ ਗਈ। ਹੌਲੀ-ਹੌਲੀ ਸਭ ਨੂੰ ਅੰਮ੍ਰਿਤਾ ਜੀ ਪ੍ਰਤੀ ਮੇਰੀ ਕ੍ਰੇਜ਼ ਦਾ ਪਤਾ ਚਲਦਾ ਗਿਆ।

ਖ਼ੈਰ ਪਿਛਲਝਾਤ ਤੋਂ ਅੱਗੇ ਆਈਏ। ਫ਼ੋਨ ਦੇ ਦੂਜੇ ਪਾਸਿਓਂ ਅੰਮ੍ਰਿਤਾ ਜੀ ਬੋਲ ਰਹੇ ਸਨ, ''ਕੱਲ੍ਹ ਮੇਰੇ ਘਰ ਆ ਸਕਦੇ ਹੋ ? ਮੇਰਾ ਪਤਾ ਹੈ....'' ਮੈਂ ਹੱਸ ਪਈ, ''ਤੁਹਾਡਾ ਘਰ ਮੈਂ ਵੇਖਿਆ ਹੈ। ਕਈ ਵਾਰ ਰਾਤੀਂ ਸੈਰ ਕਰਦਿਆਂ ਤੁਹਾਡੇ ਘਰ ਦੇ ਕੋਲ ਲੰਘੀ ਹਾਂ। (ਬਹੁਤ ਪਹਿਲਾਂ ਦੋ ਵੇਰ ਉਸ ਘਰ ਵਿਚ ਜਾ ਵੀ ਚੁਕੀ ਸਾਂ। ਇਕ ਵੇਰ ਪ੍ਰਸ਼ੰਸਕ ਦੇ ਤੌਰ ਤੇ ਅਤੇ ਇਕ ਵੇਰ ਜੋਗੀ ਦੀਦੀ (ਦੇਵ ਦੀ ਪਤਨੀ) ਦਾ ਕੋਈ ਸੁਨੇਹਾ ਲੈਕੇ। ਸੋ ਕਿਹਾ 'ਕਲ੍ਹ ਆ ਜਾਵਾਂਗੀ।' ਫ਼ੋਨ ਬੰਦ ਹੋ ਗਿਆ ਪਰ ਜਿਵੇਂ ਯਕੀਨ ਨਹੀਂ ਹੋ ਰਿਹਾ ਸੀ। ਆਪਣੀ ਨੌਕਰੀ 'ਤੇ ਜਦ ਅਗਲੇ ਦਿਨ ਗਈ ਤਾਂ ਰਹਿ-ਰਹਿ ਕੇ ਦੋਸਤਾਂ ਨੂੰ ਕਹਿੰਦੀ—ਕਿਸੇ ਨੇ ਮੈਨੂੰ ਮੂਰਖ ਤਾਂ ਨਹੀਂ ਬਣਾਇਆ, ਜੋ ਜਾਣਦਾ ਹੋਵੇ ਕਿ ਮੈਂ ਅੰਮ੍ਰਿਤਾ ਜੀ ਦੀ ਜਨੂੰਨ ਦੀ ਹੱਦ ਤਕ ਪ੍ਰਸ਼ੰਸਕ ਹਾਂ। ਪਰ ਦੋਸਤਾਂ ਦਾ ਕਹਿਣਾ ਸੀ — ਜੋ ਵੀ ਏ, ਤੈਨੂੰ ਇਕ ਵੇਰ ਜ਼ਰੂਰ ਜਾਣਾ ਚਾਹੀਦਾ ਹੈ। ਫਿਰ ਜਦੋਂ ਉਹਨਾਂ ਕੋਲ ਗਈ ਤਾਂ ਆਉਣ-ਜਾਣ ਦਾ ਅਜਿਹਾ ਸਿਲਸਿਲਾ ਕਾਇਮ ਹੋਇਆ ਕਿ ਅੱਜ ਤੀਕ ਬਰਕਰਾਰ ਏ। ਕਈ ਵੇਰ ਪਰਿਵਾਰਕ ਅਤੇ ਸਮਾਜਕ ਖਲਜਗਣਾਂ ਕਾਰਨ ਵਿੱਥ ਆ ਜਾਂਦੀ ਏ ਪਰ ਵਕਤ ਦੀ ਸੂਈ ਨੂੰ ਇੱਧਰ-ਉੱਧਰ ਸਰਕਾ ਕੇ ਅੰਮ੍ਰਿਤਾ ਜੀ ਕੋਲ ਜਾਣ ਲਈ ਸਮਾਂ ਕੱਢ ਹੀ ਲੈਂਦੀ ਹਾਂ — ਜਦੋਂ ਵੀ ਉਹ ਮੈਨੂੰ ਯਾਦ ਕਰਦੇ ਹਨ ਜਾਂ ਮੈਨੂੰ ਉਹਨਾਂ ਦੀ ਯਾਦ ਆਉਂਦੀ ਹੈ ਜਾਂ ਉਸ ਨਿਆਜ਼ਬੋ ਦੀ ਮਹਿਕ ਵਿਚ ਗੁਆਚ ਕੇ ਆਲ-ਦੁਆਲ ਫੈਲੇ ਹੋਏ ਪ੍ਰਦੂਸ਼ਣ ਤੋਂ ਮੁਕਤ ਹੋਣਾ ਚਾਹੁੰਦੀ ਹਾਂ।

ਬਹੁਤ ਸਾਰੇ ਯਾਦਗਾਰੀ ਛਿਣ ਹਨ। ਅੰਮ੍ਰਿਤਾ ਜੀ ਤੇ ਮੈਂ, ਇਕ ਦੂਜੇ ਨਾਲ ਕਈ ਤਰ੍ਹਾਂ ਦੇ ਭੇਤ ਸਾਂਝੇ ਕੀਤੇ ਹਨ — ਦੋਸਤਾਂ ਦੇ, ਸਹਿਕਰਮੀਆਂ ਦੇ, ਲੇਖਕਾਂ ਦੇ, ਪਰਿਵਾਰ ਦੇ, ਇਸ਼ਕ ਦੇ। ਉਹਨਾਂ ਨਾਲ ਜੁੜੀਆਂ ਕਈ ਮੋਹ ਭਰੀਆਂ ਸਿਮਰਿਤੀਆਂ ਮੇਰੀ ਜ਼ਿੰਦਗੀ ਦਾ ਅਨਿੱਖੜਵਾਂ ਹਿੱਸਾ ਹਨ। ਕਈ ਵੇਰ ਅਚਾਨਕ ਕੋਈ ਪ੍ਰਸ਼ਨ, ਕੋਈ ਵਿਸ਼ਾ, ਕੋਈ ਫ਼ੀਚਰ ਅੰਮ੍ਰਿਤਾ ਜੀ ਮੇਰੇ ਹੱਥ ਫੜਾ ਦਿੰਦੇ। ਇਸ ਤਰ੍ਹਾਂ ਮੱਲੋ-ਮੱਲੀ ਚਿਰਾਂ ਤੋਂ ਅੰਤਰਮਨ ਦੇ ਭੋਰਿਆਂ ਵਿਚ ਪਿਆ ਪਤਾ ਨਹੀਂ ਕਿੰਨਾ ਕੁਝ ਬਾਹਰ ਆ ਜਾਂਦਾ — 'ਇਕ ਪ੍ਰਸ਼ਨ', 'ਦਸ ਕਦਮ', 'ਪੰਜ ਬਾਰੀਆਂ' ਜਿਹੇ ਲੇਖ ਇਸੇ ਦਾ ਪ੍ਰਮਾਣ ਹਨ। ਬਹੁਤ ਬਿਮਾਰ ਹੋਣ ਦੇ ਬਾਵਜੂਦ ਮੇਰੀ ਕਿਤਾਬ ਦੇ ਛੱਪਣ ਵਿਚ ਪੂਰੀ ਦਿਲਚਸਪੀ ਲੈਣਾ, ਭੂਮਿਕਾ ਲਈ ਮੋਹਨਜੀਤ ਦਾ ਨਾਂ ਸੁਝਾਉਣਾ, ਕਿਤਾਬ ਦੇ ਫਲੈਪ ਲਈ ਲਿਖੀਆਂ ਅੰਮ੍ਰਿਤਾ ਜੀ ਦੀਆਂ ਚਾਰ ਸਤਰਾਂ ਇਸ ਕਿਤਾਬ ਦਾ ਜੀਵੰਤ ਅਹਿਸਾਸ ਹਨ। ਇਸ ਕਾਵਿ-ਸੰਗ੍ਰਹਿ ਦਾ 'ਛਿਣਾਂ ਦੀ ਗਾਥਾ' ਨਾਮਕਰਨ ਵੀ ਉਹਨਾਂ ਨੇ ਹੀ ਕੀਤਾ। ਮੇਰੀ ਬੇਟੀ ਦਾ ਮੇਰੇ ਘਰ ਆਉਣਾ ਵੀ ਉਹਨਾਂ ਦੀ ਪ੍ਰੇਰਨਾ ਸਦਕਾ ਹੀ ਹੈ। ਜਦੋਂ ਉਹਨਾਂ ਨੂੰ ਫ਼ੋਨ ਕਰਕੇ ਇਹ ਖ਼ੁਸ਼ਖ਼ਬਰੀ ਦਿੱਤੀ — ਉਹਨਾਂ ਨੇ ਉਸ ਨੂੰ ਵੇਖਣਾ ਚਾਹਿਆ ਤਾਂ ਕਿਹਾ ਕਿਸੇ ਦਿਨ ਲੈ ਕੇ ਆਵਾਂਗੀ। ਕਹਿਣ ਲੱਗੇ — ਨਹੀਂ, ਉਹਨੂੰ ਧੁੱਪ 'ਚ ਨਾ ਲਿਆਵੀਂ। ਮੈਂ ਖ਼ੁਦ ਵੇਖਣ ਆਵਾਂਗੀ। ਉਹਨੀਂ ਦਿਨੀਂ ਵੀ ਉਹਨਾਂ ਦੀ ਤਬੀਅਤ ਠੀਕ

ਨਹੀ ਸੀ ਪਰ ਇਸਦੇ ਬਾਵਜੂਦ ਜਦੋਂ ਉਹ ਇਮਰੋਜ਼ ਜੀ ਦੇ ਮੋਢੇ ਦਾ ਆਸਰਾ ਲੈਕੇ ਮੇਰੇ ਘਰ ਦੀਆਂ ਚਾਰ ਪੌੜੀਆਂ ਚੜ੍ਹ ਕੇ ਆਏ ਤਾਂ ਮੈਂ ਆਪਣੇ ਆਪ ਉੱਤੇ ਰਸ਼ਕ ਕਰ ਉੱਠੀ ਤੇ ਉਹਨਾਂ ਪਲਾਂ-ਛਿਣਾਂ ਨੂੰ ਆਪਣੇ ਕੈਮਰੇ ਵਿਚ ਕੈਦ ਕਰ ਲਿਆ। ਅੱਜ ਵੀ ਮੈਨੂੰ ਉਹ ਸਭ ਤੋਂ ਅਮੁੱਲ ਤੁਹਫ਼ਾ ਲਗਦਾ ਹੈ ਜਿਹੜਾ ਉਹਨਾਂ ਮੇਰੀ ਬੱਚੀ ਨੂੰ ਦਿੱਤਾ ਸੀ। ਅੰਮ੍ਰਿਤਾ ਜੀ ਵਲੋਂ ਮਿਲਿਆ ਉਹਨਾਂ ਦਾ ਦਿੱਤਾ ਇਕ ਇਕ ਤੁਹਫ਼ਾ ਸਾਂਭ ਰੱਖਿਆ ਹੈ – ਚਾਹੇ ਉਹ ਕਿਤਾਬਾਂ ਹੋਣ, ਪਹਿਨਣ ਵਾਲੇ ਸੂਟ ਹੋਣ (ਜੋ ਹੁਣ ਤੰਗ ਤੇ ਛੋਟੇ ਹੋ ਗਏ ਹਨ ਪਰ, ਉਹਨਾਂ ਨੂੰ ਕਿਸੇ ਨੂੰ ਦੇਣ ਦਾ ਮਨ ਨਹੀਂ ਕਰਦਾ) ਛੁਟ-ਪੁਟ ਟੂਮਾਂ ਹੋਣ, ਕੁਝ ਹੋਰ ਨਿੱਕ-ਸੁੱਕ ਹੋਵੇ ਜਾਂ ਫਿਰ ਮਿਲੀਨੀਅਮ ਐਵਾਰਡ ਤੇ ਦਿੱਤਾ ਗੋਲਡ-ਨੈਕਲੇਸ ਹੋਏ ਜਾਂ ਪੰਜਾਬ ਸਰਕਾਰ ਵਲੋਂ ਇਨਾਮ ਮਿਲਣ 'ਤੇ ਸੋਨੇ ਦੇ ਝੁਮਕੇ ਹੋਣ। ਫਿਰ ਪਿੱਛੇ ਜਿਹੇ ਮੇਰੇ ਸੂਟ ਦੇ ਰੰਗ ਨੂੰ ਵੇਖ ਉਹਨਾਂ ਚੈਕੋਸਲੋਵਾਕੀਆ ਤੋਂ ਲਿਆਂਦਾ ਇਕ ਖ਼ੂਬਸੂਰਤ ਕੀਮਤੀ ਬ੍ਰੇਸਲੇਟ ਅਲਮਾਰੀ 'ਚੋਂ ਕੱਢ ਕੇ ਮੇਰੀ ਵੀਣੀ ਤੇ ਬੰਨ ਦਿੱਤਾ ਸੀ। ਇਹ ਸਭ ਬੇਸ਼ਕੀਮਤੀ ਤੁਹਫ਼ੇ ਮੇਰੀਆਂ ਯਾਦਾਂ ਨੂੰ ਵਸੀਹ ਕਰਦੇ ਹਨ।

ਅੰਮ੍ਰਿਤਾ ਜੀ, ਮਹਾਨ ਲੇਖਕਾ ਹੋਣ ਦੇ ਨਾਲ ਨਾਲ ਅਜਿਹੀ ਬਿੰਦਾਸ ਸ਼ਖਸੀਅਤ ਹਨ, ਜਿਸਨੇ ਜਿਵੇਂ ਚਾਹਿਆ ਜੀਵਿਆ ਹੈ। ਮੈਂ ਇਕ ਮਾਮੂਲੀ, ਅਦਨਾ ਜਿਹੀ ਸ਼ਾਇਰਾ ਹਾਂ ਪਰ ਕੁਝ ਗੱਲਾਂ ਵਿਚ ਉਹਨਾਂ ਨਾਲ ਸਾਂਝ ਹੈ। ਸਾਡੇ ਦੋਹਾਂ ਦਾ ਹੀ ਪਹਿਲਾ ਇਸ਼ਕ ਕਿਤਾਬਾਂ ਹਨ। ਚਾਹੇ ਉਹ ਕਹਿੰਦੇ ਹਨ ''ਮਾਣ ਸੁੱਚੇ ਇਸ਼ਕ ਦਾ ਹੈ, ਹੁਨਰ ਦਾ ਦਾਅਵਾ ਨਹੀਂ...'' ਚੰਗੇ ਇਨਸਾਨਾਂ, ਫੁੱਲਾਂ, ਕਿਤਾਬਾਂ ਬਾਰੇ ਗੱਲਾਂ ਕਰਦਿਆਂ, ਉਹਨਾਂ ਦੀ ਚੰਗਿਆਈ ਦਾ ਮਾਣ ਦੋਹਾਂ ਦੇ ਚਿਹਰਿਆਂ ਤੇ ਹੁੰਦਾ ਹੈ। ਪੂਰੇ ਸੰਸਾਰ ਵਿਚ ਕਿਸੇ ਨਾਲ ਵੀ ਹੁੰਦੀ ਨਾਇਨਸਾਫ਼ੀ 'ਤੇ ਸਾਡੇ ਦੋਹਾਂ ਦਾ ਮਨ ਭਰ ਆਉਂਦਾ ਹੈ। ਜਿੱਥੇ ਉਹ ਇਸ ਨਾਇਨਸਾਫ਼ੀ ਲਈ ਇਮਰੋਜ਼ ਜੀ ਨਾਲ ਗੱਲ ਕਰ ਲੈਂਦੇ ਹਨ, ਉੱਥੇ ਮੇਰੇ ਕੋਲ ਅਜਿਹਾ ਕੋਈ ਮੁਕੰਮਲ ਮਰਦ ਨਹੀਂ। ਅੰਮ੍ਰਿਤਾ ਜੀ ਨੂੰ ਜਿੱਥੇ ਇਸ ਗੱਲ ਦੀ ਉਮਰ ਜਿੰਨੀ ਤਵੀਲ ਸੰਤੁਸ਼ਟੀ ਹੈ ਕਿ ਅਜਿਹਾ ਪੂਰਨ ਮਰਦ ਉਹਨਾਂ ਦਾ ਹਾਸਿਲ ਏ – ਉੱਥੇ ਕਈ ਵੇਰ ਉਹਨਾਂ ਨੂੰ ਇਹ ਕਸਕ ਵੀ ਹੁੰਦੀ ਹੈ ਕਿ ਦੁਨੀਆ ਦੀਆਂ ਹੋਰ ਔਰਤਾਂ ਨੂੰ ਇਹ ਪ੍ਰਾਪਤੀ ਕਿਉਂ ਨਹੀਂ ਹੁੰਦੀ। ਕਈ ਵੇਰ ਉਹ ਜਦੋਂ ਆਪਣਾ ਰਸਤਾ ਚੁਨਣਾ ਚਾਹੁੰਦੀਆਂ ਹਨ ਤਾਂ ਸਾਰੇ ਰਸਤੇ ਬੰਦ ਕਿਉਂ ਹੋ ਜਾਂਦੇ ਹਨ ? ਉਹ ਬਹੁਤ ਵਾਰ 'ਨਾਗਮਣੀ' ਵਿਚ ਪਾਠਕਾਂ ਵਲੋਂ ਕੀਤੇ ਗਏ ਪ੍ਰਸ਼ਨਾਂ ਦੇ ਇਮਰੋਜ਼ ਵਲੋਂ ਦਿੱਤੇ ਜਵਾਬਾਂ 'ਤੇ ਸਵੈਮਾਣ ਨਾਲ ਭਰ ਜਾਂਦੇ ਹਨ। ਇਕ ਵਾਰ ਕਿਸੇ ਨੇ ਸੁਆਲ ਕੀਤਾ – ''ਔਰਤ ਮਰਦ ਦਾ ਰਿਸ਼ਤਾ ਇੰਨਾ ਉਲਝਿਆ ਹੋਇਆ ਕਿਉਂ ਹੁੰਦਾ ਹੈ ?'' ਇਮਰੋਜ਼ ਜੀ ਦਾ ਜੁਆਬ ਸੀ, ''ਕਿਉਂਕਿ, ਅਜੇ ਤੀਕ ਮਰਦ ਨੇ ਔਰਤ ਨਾਲ ਸੌਣਾ ਹੀ ਸਿਖਿਆ ਏ, ਜਾਗਣਾ ਨਹੀਂ ਸਿੱਖਿਆ...'' ਇਹ ਹੈ ਇਕ ਮੁਕੰਮਲ ਮਰਦ ਦਾ ਜਵਾਬ। ਪਰ ਇਮਰੋਜ਼ ਜੀ ਦੀ ਗੱਲ 'ਚ ਇਜ਼ਾਫ਼ਾ ਕਰਨਾ ਚਾਹੁੰਦੀ ਹਾਂ ਇਹ ਕਹਿ ਕੇ – ''ਅਜੇ ਬਹੁਤਿਆਂ ਮਰਦਾਂ ਨੇ ਸਹੀ ਮਾਇਨੇ ਵਿਚ ਔਰਤ ਨਾਲ ਸੌਣਾ ਵੀ ਨਹੀਂ ਸਿੱਖਿਆ।''

ਪਿੱਛੇ ਜਿਹੇ ਬੂਟਿਆਂ, ਫੁੱਲਾਂ ਦੀ ਗੱਲ ਚੱਲ ਰਹੀ ਸੀ ਤਾਂ ਮੈਂ ਕਿਹਾ – ਦੀਦ੍ਹਾ ਪਤਾ ਜੇ, ਇਕ ਬੂਟੇ ਦਾ ਨਾਂ ਲੈਲਾ-ਮਜਨੂੰ ਏ। ਹਾਲਾਂਕਿ ਕਿਤਾਬਾਂ ਵਿਚ ਵਾੜ ਦੀ ਇਕ ਕਿਸਮ ਦਾ ਨਾਂ ਮਜਨੂੰ ਆਉਂਦਾ ਹੈ। ਮੇਰੇ ਘਰ ਜਿੰਨੇ ਵੀ ਮਾਲੀ ਮਹੀਨੇ, ਦੋ ਮਹੀਨੇ

ਬਾਦ ਮੇਰੀ ਪਸੰਦ ਦੇ, ਆਮ ਅਤੇ ਘੱਟ ਨਜ਼ਰ ਆਉਣ ਵਾਲੇ ਵਿਰਲੇ ਬੂਟੇ ਦੇ ਜਾਂਦੇ ਹਨ, ਉਹ ਸਭ ਇਸਨੂੰ ਲੈਲਾ-ਮਜਨੂੰ ਹੀ ਕਹਿੰਦੇ ਹਨ। ਅੰਮ੍ਰਿਤਾ ਜੀ ਕਹਿਣ ਲੱਗੇ - - ਲੈਲਾ ਮਜਨੂੰ ਹੀ ਹੋਣਾ ਏ ! ਇਕਦਮ ਬੱਚਿਆਂ ਵਰਗੀ ਜਿਗਿਆਸਾ ਸੀ ਉਹਨਾਂ ਦੀ ਆਵਾਜ਼ ਵਿਚ, ਉਸ ਬੂਟੇ ਨੂੰ ਵੇਖਣ ਦੀ। ਫੇਰ ਮੈਂ ਉਹਨਾਂ ਨੂੰ ਲੈਲਾ-ਮਜਨੂੰ ਦਾ ਬੂਟਾ ਦੇ ਕੇ ਆਈ। ਉਸ ਦਿਨ ਜੋ ਵੀ ਸਾਹਮਣੇ ਆਏ — ਅਲਕਾ, ਰਾਜੇਸ਼, ਅੰਮ੍ਰਿਤਾ ਜੀ ਉਹਨੂੰ ਕਹਿਣ, ਇਹ ਅਮੀਆ ਜਿਹੜਾ ਬੂਟਾ ਲਿਆਈ ਏ, ਪਤਾ ਏ ਇਹਦਾ ਕੀ ਨਾਂ ਏ — ਲੈਲਾ ਮਜਨੂੰ।'' ਉਸ ਬੂਟੇ ਦੇ ਪੱਤਿਆਂ ਦਾ ਉਤਲਾ ਪਾਸਾ ਸਬਜ਼ ਅਤੇ ਹੇਠਲਾ ਸੁਰਖ ਲਾਲ ਹੁੰਦਾ ਹੈ, ਇਕ ਪੱਤੇ ਦੀ ਸਿੱਧ-ਪੁੱਠ ਦੋ ਰੰਗੀ ਹੋਣ ਕਾਰਨ ਹੀ ਸ਼ਾਇਦ ਇਸਨੂੰ ਲੈਲਾ-ਮਜਨੂੰ ਕਹਿੰਦੇ ਹੋਣ। ਇਸ ਨੂੰ ਕਿਸੇ ਉੱਚੀ ਥਾਂ ਰੱਖੋ ਤਾਂ ਲਗਦਾ ਜਿਵੇਂ ਦੋ ਸਰੀਰ ਅਭੇਦ ਹੋਏ ਹੋਣ। ਖੈਰ ਉਸ ਦਿਨ ਤੋਂ ਬਾਦ ਹੁਣ ਜਦ ਵੀ ਮਿਲੀਏ ਹੱਸਦੇ ਹੋਏ ਕਹਿਣਗੇ, ਅਮੀਆ ! ਕਿਸੇ ਬੂਟੇ ਦਾ ਨਾਂ 'ਹੀਰ' ਵੀ ਹੈ ਏ ਕਿ ਨਹੀਂ, ਪਤਾ ਕਰ। ਇਸ ਸਭ ਕਾਸੇ ਦਾ ਜ਼ਿਕਰ ਉਹਨਾਂ ਨੇ ਜਸਬੀਰ ਭੁੱਲਰ ਵਲੋਂ ਇਮਰੋਜ਼ ਜੀ ਉੱਤੇ ਸੰਪਾਦਤ ਕੀਤੀ ਕਿਤਾਬ 'ਰੰਗਾਂ ਦੀ ਰਾਸ ਲੀਲਾ' ਵਿਚ ਵੀ ਕੀਤਾ ! ਪਿੱਛੇ ਜਿਹੇ ਨਿਆਜ਼ਬੋ ਦਾ ਬੂਟਾ ਚਾਹੀਦਾ ਸੀ। ਉਹਨਾਂ ਅੱਗੇ ਗੱਲ ਕੀਤੀ, ਕਹਿਣ ਲੱਗੇ - ਨਿਆਜ਼ਬੋ ਦਾ ਬੂਟਾ ਜਿਸ ਗਮਲੇ ਵਿਚ ਲੱਗਿਆ ਹੋਵੇ, ਉਹਦੇ ਨਾਲ ਜੋੜ ਕੇ ਦੂਜਾ ਗਮਲਾ ਰੱਖ ਦੇਵੋ, ਉਸ ਨਾਲ ਦੇ ਗਮਲੇ ਵਿਚ ਉਹਦੇ ਬੀਜ ਡਿਗਦੇ ਹਨ ਤੇ ਨਵਾਂ ਨਿਆਜ਼ਬੋ ਦਾ ਬੂਟਾ ਪੁੰਗਰ ਆਉਂਦਾ ਏ। ਮੈਂ ਉਹਦੇ ਨਾਲ ਗਮਲਾ ਰਖਵਾ ਦਿੰਦੀ ਹਾਂ। ਕੁਝ ਦਿਨਾਂ ਬਾਦ ਜਦੋਂ ਮੈਂ ਫਿਰ ਉਹਨਾਂ ਵਲ ਗਈ, ਕਹਿਣ ਲੱਗੇ, ਉਹ ਆਪਣਾ ਨਿਆਜ਼ਬੋ ਦਾ ਪੌਦਾ ਲੈ ਜਾਈਂ — ਮੈਂ ਕਿਹਾ, ''14 ਅਗਸਤ ਨੂੰ ਇਹ ਬੂਟਾ ਵੀ ਲਵਾਂਗੀ ਤੇ ਇਮਰੋਜ਼ ਜੀ ਦੀ ਬਣਾਈ ਪੇਂਟਿੰਗ ਵੀ ਜਿਸਦੀ ਇਕ ਮਹੀਨਾ ਪਹਿਲਾਂ ਫਰਮਾਇਸ਼ ਕੀਤੀ ਸੀ, (ਇਸ ਦਿਨ ਕਿਸੇ ਨਾਲ ਮੇਰੀ ਦੋਸਤੀ ਦੇ 25 ਵਰ੍ਹੇ ਪੂਰੇ ਹੋ ਜਾਣਗੇ, ਤੇ ਇਸ ਪੇਂਟਿੰਗ ਵਿਚ ਉਹ ਛਿਣ ਕੈਦ ਹੈ ਜਦੋਂ ਇਮਰੋਜ਼ ਜੀ ਨੇ ਪਹਿਲੀ ਵੇਰ ਅੰਮ੍ਰਿਤਾ ਜੀ ਦੇ ਪਟੇਲ ਨਗਰ ਵਾਲੇ ਘਰ ਵਿਚ ਉਹਨਾਂ ਦੇ ਹੱਥੋਂ ਪਰਸਿਆ ਖਾਣਾ ਖਾਧਾ ਸੀ — ਪਿੱਤਲ ਦੀ ਥਾਲੀ, ਇਕ ਰੋਟੀ, ਇਕ ਸਬਜ਼ੀ। ਸਾਹਮਣੇ ਪਿਆ ਪਿੱਤਲ ਦਾ ਪਤੀਲਾ। ਸਾਦਗੀ, ਸੁਹਜ, ਸਹਿਜ ਅਤੇ ਖੂਬਸੂਰਤੀ ਦਾ ਦਿਵ ਸੁਮੇਲ) 14 ਅਗਸਤ ਨੂੰ ਮੈਂ ਉਹਨਾਂ ਵਲ ਗਈ, ਹੇਠਾਂ ਵਿਹੜੇ ਵਿਚ ਲਿਆ ਕੇ ਧਰੇ ਨਿਆਜ਼ਬੋ ਦੇ ਗਮਲੇ ਨੂੰ ਚੁੱਕ ਕੇ ਗੱਡੀ ਵਿਚ ਰੱਖਿਆ ਤੇ ਪੇਂਟਿੰਗ ਲੈਣ ਲਈ ਉੱਤੇ ਵਲ ਨੂੰ ਜਾਣ ਨੂੰ ਮੁੜੀ ਹੀ ਸਾਂ ਕਿ ਅਲਕਾ ਕਹਿਣ ਲੱਗੀ — ਉੱਤੇ ਕੋਈ ਨਹੀਂ। ਅੰਮੀ ਜੀ ਹਾਸਪਿਟਲ ਐਡਮਿਟ ਹਨ। ਬਾਬਾ ਜੀ ਵੀ ਉੱਥੇ ਹਨ। ਅੰਮੀ ਜੀ ਦਾ ਬਲੱਡ ਪ੍ਰੈਸ਼ਰ ਬਹੁਤ ਵੱਧ ਗਿਆ ਸੀ। ਉਹਨਾਂ ਨੂੰ ਵੇਖਣ ਗਈ। ਉਹਨਾਂ ਦੀ ਕਮਜ਼ੋਰ ਸਿਹਤ, ਮੁੰਦੀਆਂ-ਮੁੰਦੀਆਂ ਅੱਖਾਂ ਵੇਖ ਰਹਿ-ਰਹਿ ਕੇ ਅੱਖਾਂ ਭਰ ਆਉਣ ਤੇ ਮੁੜ-ਮੁੜ ਰੱਬ ਅੱਗੇ ਅਰਦਾਸ ਕਰਾਂ — ਪਰਵਰਦਿਗਾਰ ! ਅੰਮ੍ਰਿਤਾ ਜੀ ਨੂੰ ਤੰਦਰੁਸਤ ਕਰ ! ਅਜੇ ਕਈ ਵਰ੍ਹੇ ਉਹਨਾਂ ਦੀ ਸਾਨੂੰ, ਸਾਡੇ ਸਮਾਜ ਨੂੰ ਲੋੜ ਹੈ। ਉਹਨਾਂ ਦੀਆਂ ਕਿਤਾਬਾਂ ਨੇ ਅਜੇ ਹਜ਼ਾਰਾਂ ਲੋਕਾਂ ਦੀ ਨੁਮਾਇੰਦਗੀ ਕਰਨੀ ਏ, ਰਾਹ ਰੌਸ਼ਨ ਕਰਨਾ ਏ। ਏਹੋ ਜਿਹੀਆਂ ਹਸਤੀਆਂ ਤਾਂ ਰੱਬਾ ਤੂੰ ਵੀ ਸਦੀਆਂ ਬਾਅਦ ਭੇਜਦਾ ਏਂ ! ਇਹਨਾਂ ਨੂੰ ਕਿਸੇ ਵੀ ਤਰ੍ਹਾਂ

ਦੀ ਤਕਲੀਫ਼ ਤੋਂ ਬਚਾ। ਇਹਨਾਂ ਦਾ ਨਿੱਘ ਹਮੇਸ਼ਾ ਮਿਲਦਾ ਰਹੇ। ਕਈ ਵਾਰ ਉਹਨਾਂ ਨੇ ਮੇਰੇ ਅਥਰੂ ਪੂੰਝੇ ਹਨ, ਮੈਨੂੰ ਗਲਵਕੜੀ ਵਿਚ ਲਿਆ ਹੈ, ਢਾਰਸ ਬਝਾਇਆ ਏ। ਪਿਛੇ ਜਿਹੇ ਇਟਾਰਸੀ ਤੋਂ ਦਿਨੇਸ਼ ਦਿਵੇਦੀ ਹੋਰੀਂ ਆਏ ਹੋਏ ਸਨ — ਰਾਜੇਸ਼ ਵੀ ਉੱਥੇ ਸੀ ਤੇ ਗੱਲ ਚਲ ਪਈ ਭਗਤ ਸਿੰਘ ਦੀ। ਅੰਮ੍ਰਿਤਾ ਜੀ ਨੇ ਕੋਈ ਕਿਤਾਬ ਲੱਭੀ। ਉਸ ਵਿਚੋਂ ਮਾਸੂਦ ਮੁਨੱਵਰ ਦੀ ਲਿਖੀ ਭਗਤ ਸਿੰਘ ਦੀ ਘੋੜੀ ਪੜ੍ਹ ਕੇ ਗਾਉਣ ਲੱਗੇ — ਹੌਲੀ-ਹੌਲੀ ਉਹਨਾਂ ਦੀ ਆਵਾਜ਼ ਅੱਥਰੂਆਂ ਵਿਚ ਭਿੱਜਦੀ ਗਈ ਤੇ ਮੈਂ ਇਸ ਅਹਿਸਾਸਮੰਦ ਸ਼ਾਇਰਾ, ਹੱਸਾਸ ਦਿਲ ਔਰਤ ਦੀਆਂ ਭਾਵਨਾਵਾਂ ਅੱਗੇ ਸੀਸ ਨਿਵਾਉਂਦੀ ਗਈ। ਕਹਿਣ ਲੱਗੇ ਪਤਾ ਨਹੀਂ ਕਿਉਂ ਜਦ ਵੀ ਭਗਤ ਸਿੰਘ ਦੀ ਘੋੜੀ ਨੂੰ ਗਾਉਂਦੀ ਹਾਂ ਮੇਰੇ ਉੱਤੇ ਇਹੀ ਆਲਮ ਤਾਰੀ ਹੁੰਦਾ ਹੈ। ਉਸਦੀਆਂ ਕੁਰਬਾਨੀਆਂ ਨੂੰ ਲੋਕੀ ਭੁੱਲੀ ਬੈਠੇ ਹਨ। ਇਸੇ ਤਰ੍ਹਾਂ ਮੇਰੀ ਅੰਮ੍ਰਿਤਾ ਦੇ ਬਹੁਤ ਚਾਹੁਣ ਵਾਲੇ ਹਨ ਪਰ ਅਜੇ ਵੀ ਉਸਦੀ ਦੇਣ ਦੀ ਸਹੀ ਕਦਰ ਨਹੀਂ ਪਈ।

ਅੱਜ ਸਵੇਰੇ-ਸਵੇਰੇ ਅੰਮ੍ਰਿਤਾ ਜੀ ਨੂੰ ਮਿਲਣ ਗਈ। ਉਹਨਾਂ ਨੂੰ ਉਹਨਾਂ ਦੇ ਪੁਰਾਣੇ ਰੌਅ ਵਿਚ ਵੇਖ ਕੇ ਮਨ ਖਿੜ ਉੱਠਿਆ ਤੇ ਰਾਤ ਭਰ ਹੋਠਾਂ ਵਿਚੋਂ ਨਿਕਲਦੀ ਦੁਆ ਨੂੰ ਪੂਰੇ ਹੁੰਦੇ ਵੇਖ ਉਸ ਪਰਵਰਦਿਗਾਰ ਦਾ ਸ਼ੁਕਰੀਆ ਅਦਾ ਕੀਤਾ। ਇਸ ਵੇਲੇ ਇਮਰੋਜ਼ ਜੀ ਵੱਲੋਂ ਦਿੱਤੀ ਅੰਮ੍ਰਿਤਾ ਜੀ ਦੀ ਪੁਸਤਕ ''ਓਸ਼ੋ ਰੰਗ ਮਜੀਠੜਾ'' ਮੇਰੇ ਹੱਥਾਂ ਵਿਚ ਹੈ। (ਜਿਸ ਦੇ ਪਹਿਲੇ ਪੰਨੇ ਉੱਤੇ ਉਹਨਾਂ ਲਿਖਿਆ ਹੈ ਅੰਮ੍ਰਿਤਾ ਦੀ ਤੇ ਮੇਰੀ ਵੀ ਛੋਟੀ ਧੀ ਅਮੀਆ ਕੁੰਵਰ ਲਈ) ਅੰਮ੍ਰਿਤਾ ਜੀ ਦੇ ਇਸ ਨਵੇਂ ਮਜੀਠੜੇ ਰੰਗ ਵਿਚ ਮੈਂ ਰੰਗੀ ਜਾ ਰਹੀ ਹਾਂ — ਆਪਣਾ ਆਪਾ ਭੁੱਲਦੀ ਜਾ ਰਹੀ ਹਾਂ। ਜਿਥੇ ਅੰਮ੍ਰਿਤਾ ਜੀ ਇਹਨੂੰ ਲਿਖਣ ਵੇਲੇ ਓਸ਼ੋਮਈ ਹੋ ਗਏ, ਮੈਂ ਅੰਮ੍ਰਿਤਾਮਈ ਹੁੰਦੀ ਜਾ ਰਹੀ ਹਾਂ।

# ਅੰਤਲੇ ਦਸ ਵਰ੍ਹਿਆਂ ਦਾ ਅੰਮ੍ਰਿਤਾ ਕਾਵਿ-ਸਫ਼ਰ

ਅੰਮ੍ਰਿਤਾ ਪ੍ਰੀਤਮ ਦੀ ਕਾਵਿ-ਪ੍ਰਤਿਭਾ, ਸਿਰਜਣ-ਸੰਸਾਰ ਨੂੰ ਲੈ ਕੇ ਵੱਡੇ-ਵੱਡੇ ਵਿਸ਼ੇਸ਼ਣਾਂ, ਬਿੰਬਾਂ ਦੀ ਵਰਤੋਂ ਹੁੰਦੀ ਰਹੀ ਹੈ — ਸਿਰਮੌਰ ਸ਼ਾਇਰਾ, ਸਾਡੇ ਸਮਿਆਂ ਦੀ ਜੀਵਿਤ ਤੇ ਜੀਵੰਤ ਮਿੱਥ, ਵਿਲੱਖਣ ਅਹਿਸਾਸਾਂ ਦੀ ਸ਼ਾਇਰਾਂ, ਨਿਆਜ਼ਬੇਈ ਸ਼ਖਸੀਅਤ, ਪੰਜਾਬ ਦੀ ਆਵਾਜ਼ — ਜਿਹੜੇ ਵਕਤ-ਬ-ਵਕਤ ਮੇਰੇ ਜਾਂ ਹੋਰ ਕਵੀਆਂ ਵਲੋਂ ਵਰਤੇ ਜਾਂਦੇ ਰਹੇ ਹਨ।

ਅੰਮ੍ਰਿਤਾ ਜੀ ਨੇ ਬਹੁਤ ਨਿੱਕੀ ਉਮਰੇ ਲਿਖਣਾ ਸ਼ੁਰੂ ਕੀਤਾ। ਲਗਪਗ 75 ਵਰ੍ਹੇ ਹੋ ਗਏ ਉਹਨਾਂ ਨੂੰ ਲਿਖਦਿਆਂ। ਓ ਗੀਤਾਂ ਵਾਲਿਆ, ਸੰਝ ਦੀ ਲਾਲੀ ਆਦਿ ਕਾਵਿ-ਸੰਗ੍ਰਹਿ ਉਹਨਾਂ ਦੀ ਕੱਚੀ ਉਮਰ ਦੀਆਂ ਰਚਨਾਵਾਂ ਹਨ। ਸਮਾਂ ਆਉਣ ਤੇ, ਅਹਿਸਾਸਾਂ ਦੀ ਉਚਿਆਈ ਛੋਹ ਕੇ ਪੱਥਰ-ਗੀਟੇ ਤੋਂ ਪਹਿਲਾਂ ਦੀਆਂ ਸਭ ਕਵਿਤਾਵਾਂ ਤੋਂ ਉਹ ਆਪ ਹੀ ਮੁਨਕਰ ਹੋ ਗਏ। ਉਹਨਾਂ ਨੇ ਪੱਥਰ-ਗੀਟੇ ਵਿਚਲੀਆਂ ਵੀ ਸਿਰਫ਼ ਚਾਰ ਕਵਿਤਾਵਾਂ ਨੂੰ ਹੀ ਸਵੀਕਾਰ ਕੀਤਾ ਹੈ। ਇਹ ਸੰਗ੍ਰਹਿ ਪਹਿਲੀ ਵੇਰ ਸੰਨ 1946 ਵਿਚ ਪ੍ਰਕਾਸ਼ਿਤ ਹੋਇਆ ਸੀ...ਉਸ ਤੋਂ ਮਗਰੋਂ ਤਾਂ ਸਮੇਂ ਦੇ ਚੱਕਰ ਨੇ ਅੰਮ੍ਰਿਤਾ ਕਾਵਿ ਨੂੰ ਲਗਾਤਾਰ ਕਈ ਅਨੁਭਵਾਂ ਦੇ ਗੇੜ 'ਚੋਂ ਲੰਘਾਇਆ ਹੈ। ਉਹਨਾਂ ਦੇ ਪਾਠਕ, ਪ੍ਰਸ਼ੰਸਕ, ਆਲੋਚਕ ਉਹਨਾਂ ਦੀਆਂ ਕਵਿਤਾਵਾਂ ਵਿਚੋਂ ਨਾਰੀ ਅਨੁਭਵ, ਨਾਰੀ ਚੇਤਨਾ, ਨਾਰੀ ਸਮੱਸਿਆਵਾਂ ਦੀ ਪੇਸ਼ਕਾਰੀ ਜਾਂ ਤੱਤਕਾਲੀ ਸਮਾਜਕ ਮਸਲਿਆਂ ਨੂੰ ਭਾਲਦੇ ਹਨ। ਪਰ ਸਮੁੱਚੇ ਅੰਮ੍ਰਿਤਾ-ਕਾਵਿ ਵਿਚੋਂ ਲੰਘਦਿਆਂ ਇਹ ਸਭ ਗੱਲਾਂ ਮੈਨੂੰ ਆਰਜ਼ੀ ਜਿਹੀਆਂ ਲਗਦੀਆਂ ਹਨ ਅਤੇ ਸਥਾਈ, ਸਦੀਵੀ ਜਾਂ ਨਿਰੰਤਰਤਾ ਦੋ ਮੁੱਖ ਅਨੁਭਵਾਂ ਦੀ ਹੀ ਲਗਦੀ ਹੈ — ਇਕ ਪਿਆਰ ਅਤੇ ਦੂਜੇ ਪ੍ਰੌਢ ਉਮਰੇ ਆਈ ਸਹਿਜ ਤਬਦੀਲੀ ਪੂਰਵ ਜਨਮਾਂ, ਆਉਣ ਵਾਲੇ ਜਨਮਾਂ, ਫਲਸਫ਼ਿਆਂ ਦਾ ਪ੍ਰਗਟਾਵਾ ਹਨ। ਅੰਮ੍ਰਿਤਾ ਪ੍ਰੀਤਮ ਦੀ ਲਿਖਤ ਦੇ ਮੁੱਢਲੇ ਵਰ੍ਹੇ ਤੋਂ ਲੈ ਕੇ ਲਗਪਗ 50-55 ਵਰ੍ਹੇ ਤੀਕ ਚੇਤਰ ਜਾਂ ਇਸ਼ਕ ਦਾ ਸੁਰ ਅੰਮ੍ਰਿਤਾ-ਕਾਵਿ ਦਾ ਮੂਲ ਸਰੋਤ ਰਿਹਾ ਹੈ। ਪਰ ਅੰਤਲੇ ਦਸ-ਕੁ ਵਰ੍ਹਿਆਂ ਤੋਂ ਲਗਾਤਾਰ ਸ਼ਾਇਆ ਹੋਈਆਂ ਅੰਮ੍ਰਿਤਾ-ਪੁਸਤਕਾਂ ਨਿਰੋਲ ਕਾਵਿ-ਸੰਗ੍ਰਹਿ ਨਹੀਂ ਹਨ। ਸ਼ਾਇਰਾ ਨੇ ਇਹਨਾਂ ਕਵਿਤਾਵਾਂ ਦੇ ਜਟਿਲ ਬਿੰਬਾਂ ਵਿਚਲੇ ਸੂਖਮ ਵੇਰਵਿਆਂ ਨੂੰ ਪਾਠਕਾਂ ਅੱਗੇ ਸਪਸ਼ਟ ਕਰਨ ਲਈ ਇਹਨਾਂ ਕਵਿਤਾਵਾਂ ਦੇ ਪਿਛੋਕੜ ਵਿਚ ਆਪਣੇ ਅਨੁਭਵ ਅਤੇ ਅਹਿਸਾਸਾਂ ਦੇ ਸਰੋਤ ਦਰਸਾਏ ਹਨ, ਜਿਹੜੇ ਕਿ ਇਹਨਾਂ ਕਵਿਤਾਵਾਂ ਦੀ ਪ੍ਰੇਰਨਾ ਬਣੇ ਹਨ। ਇਹ ਰਚਨਾਵਾਂ ਉਸ ਫਿਲਾਸਫ਼ੀ ਦਾ ਹੁੰਗਾਰਾ ਭਰਦੀਆਂ ਹਨ, ਜਿਸਨੂੰ ਆਚਾਰੀ ਰਜਨੀਸ਼, ਸ੍ਰੀ

ਅਰਵਿੰਦੋ ਤੇ ਹੋਰ ਕਈ ਦਾਰਸ਼ਨਿਕਾਂ ਨੇ ਥ੍ਰੀ ਡਾਇਮੈਨਸ਼ਨ ਥਿਊਰੀ ਦਾ ਨਾਂ ਦਿੱਤਾ ਹੈ। ਕਿਹਾ ਜਾਂਦਾ ਹੈ ਕਿ ਸਭ ਕੁਝ ਚੇਤਨਾ ਦੀਆਂ ਸੱਤ ਤਹਿਆਂ ਵਿਚ ਸਮਾਇਆ ਹੋਇਆ ਹੈ, ਜਿਸ ਇਕ ਚੇਤਨਾ ਦੇ ਹਿੱਸੇ ਤੋਂ ਆਮ ਮਨੁੱਖ ਜਾਣੂ ਏ, ਉਹ ਸੱਤਾਂ ਦੇ ਵਿਚਕਾਰਲਾ ਹੁੰਦਾ ਹੈ। ਤਿੰਨ ਤੈਹਾਂ ਉਹਦੇ ਹੇਠਾਂ ਤੇ ਤਿੰਨ ਉਹਦੇ ਉੱਤੇ ਹੁੰਦੀਆਂ ਹਨ। ਇਸੇ ਚਿੰਤਨ ਨੂੰ ਉਹਨਾਂ ਨੇ ਆਪਣੀਆਂ ਨਜ਼ਮਾਂ ਵਿਚ ਉਤਾਰਿਆ ਹੈ। ਜਿਥੇ ਕੁਝ ਵੀ ਅਸੰਭਵ ਨਹੀਂ ਪਰ ਜਿਥੇ ਬੇਸੁਰਤੀ ਜਾਂ ਦੀਵਾਨਗੀ ਦੇ ਆਲਮ ਵਿਚ ਹੀ ਪਹੁੰਚਿਆ ਜਾ ਸਕਦਾ ਹੈ। ਇਹ, ਉਹ ਮਹਿਸੂਸਣੀਆਂ ਹਨ ਜਿਹਨਾਂ ਤਕ ਸਧਾਰਨ ਬੰਦੇ ਦੀ ਪਹੁੰਚ ਨਹੀਂ, ਸ਼ਾਇਦ ਇਸ ਲਈ ਵੀ ਕਿ ਇਹ ਉਸ ਵਿਸ਼ਵਾਸ ਤੋਂ ਪਰ੍ਹੇ ਦਾ ਰਹੱਸਮਈ ਸੰਸਾਰ ਏ। ਮਿਸਾਲ ਵਜੋਂ ਇਸ ਕਵਿਤਾ ਨੂੰ ਲਿਆ ਜਾ ਸਕਦਾ ਹੈ :—

'ਨੱਕ ਦਾ ਮੋਤੀ'

ਨੀ ਮੈਂ ਸਾਹਵਾਂ ਦੇ ਪੁਲ ਤੇ ਖਲੋਤੀ ਸਾਂ
ਮੇਰੇ ਨੱਕ ਦਾ ਮੋਤੀ ਤਿਲਕ ਗਿਆ...
ਮੈਨੂੰ ਸੁਰਤ ਪਈ ਤਾਂ ਹੱਥ ਪਸਾਰੇ
ਨੀ ਉਹ ਤਲੀਆਂ ਵਿਚੋਂ ਛੁਲਕ ਗਿਆ...

ਨੀ ਮੈਂ ਜਿਸ ਕੰਢੇ ਤੇ ਜਨਮ ਲਿਆ ਸੀ
ਉਸ ਇਕ ਕੰਢੇ ਦੀ ਕਹੀ ਅਸ਼ਨਾਈ
ਏਸ ਪੁਲ ਦਾ ਰਸਤਾ ਪਾਰ ਨਾ ਹੋਵੇ
ਮੇਰੇ ਜੀਉ ਤੇ ਜਾਮਾ ਵਿਲਕ ਗਿਆ...

ਨੀ ਉਹ ਮੋਤੀ, ਮੇਰੇ ਹੀਆ ਦਾ ਮੋਤੀ
ਜੋ ਇਸ ਪੁਲ ਤੋਂ ਪਾਰ ਗਿਆ ਹੈ
ਮੈਂ ਸਾਹਵਾਂ ਦੇ ਪੁਲ ਤੇ ਉਮਰ ਹੰਢਾਈ
ਉਹਦਾ ਬਿਰਹਾ ਤਨ ਵਿਚ ਕੁਲਕ ਗਿਆ...

ਨੀ ਇਹ ਹਰ ਚੰਦਉਰੀ, ਚੁੱਪ ਦੀ ਲੀਲ੍ਹਾ
ਮੈਂ ਜੋ ਕੁਝ ਕਿਹਾ, ਬੋਲਿਆ, ਲਿਖਿਆ
ਨੀ ਉਹ ਤਾਂ ਮਾਤਰ ਇਕ ਗਲੇਡੂ
ਜੋ ਅੱਖੀਆਂ ਵਿਚੋਂ ਛੁਲਕ ਗਿਆ...

— ਦਰਵੇਸ਼ਾਂ ਦੀ ਮਹਿੰਦੀ, 1996

ਇਸ ਪ੍ਰਗੀਤ ਵਿਚ ਅੰਮ੍ਰਿਤਾ ਨੇ ਆਪਣੀ ਚੇਤਨਾ ਨੂੰ 'ਨੱਕ ਦੇ ਮੋਤੀ' ਨਾਲ ਮੇਲ ਕੇ ਇਵੇਂ ਦਰਸਾਇਆ ਹੈ ਕਿ ਜਿਵੇਂ ਨੱਕ ਦਾ ਮੋਤੀ ਪਿੰਡੇ ਤੋਂ ਤਿਲਕ ਕੇ, ਹੱਥਾਂ ਵਿਚੋਂ ਛੁਲਕ ਕੇ ਕਿਤੇ ਨਜ਼ਰਾਂ ਤੋਂ ਪਰੇ ਗੁਆਚ ਜਾਂਦਾ ਹੈ — ਉਵੇਂ ਹੀ ਚੇਤਨਾ ਵੀ ਪਿੰਡੇ

'ਤੇ ਲਹਿ ਕੇ ਤਲੀਆਂ ਵਿਚੋਂ ਛਲਕ ਕੇ ਅਗਿਆਤ ਵਿਚ ਚਲੀ ਗਈ ਹੋਵੇ, ਉਸ ਥਾਂ 'ਤੇ, ਜਿਥੇ ਸ਼ਾਇਰਾ ਅਨੁਸਾਰ ਉਹਦੇ ਮਨ ਦਾ ਦਰਵੇਸ਼ ਖੜੋਤਾ ਇਸ ਅਵਸਥਾ ਨੂੰ ਵੇਖਦਾ ਹੌਲੇ ਜਿਹੇ ਹੱਸਦਾ ਪਿਆ ਏ।

ਸ਼ਾਇਰਾ ਨੇ ਆਪਣੇ ਸ਼ਬਦਾਂ ਵਿਚ ਇਸ ਕਵਿਤਾ ਵਿਚਲਾ ਅਨੁਭਵ ਜੋ ਇਹਦੀ ਰਚਨਾ ਦੀ ਪਿੱਠਭੂਮੀ ਬਣਿਆ—''ਗਿਆਤ ਅਤੇ ਅਗਿਆਤ ਦੋਵੇਂ ਇਸ ਕਾਇਆ ਵਿਚ ਹੁੰਦੇ ਹਨ ਤੇ ਅਹਿਸਾਸ ਹੁੰਦਾ ਸੀ...ਉਹ ਜੋ ਸਥਿਰ ਬਿੰਦੂ ਹੈ, ਉਹ ਗਿਆਤ ਦੀ ਸੀਮਾ ਤੋਂ ਅੱਗੇ ਉਸ ਅਗਿਆਤ ਵਿਚ ਹੈ — ਜਿਥੇ ਮੇਰੇ ਕੋਲੋਂ ਪਹੁੰਚਿਆ ਨਹੀਂ ਜਾ ਰਿਹਾ...ਪਰ ਕਿਤੇ ਕੋਈ ਤੰਦ-ਤਾਰ ਸੀ — ਜੋ ਉਹਦੇ ਨਾਲ ਜੁੜੀ ਹੋਈ ਵੀ ਜਾਪਦੀ ਸੀ...ਤੇ ਮੇਰਾ ਹੀ ਕੁਝ ਛਲਕ ਕੇ ਮੇਰੇ ਕੋਲੋਂ ਦੂਰ ਉਥੇ ਚਲਾ ਜਾਂਦਾ ਸੀ...ਇਹ ਬੜੇ ਔਖੇ ਵਰ੍ਹੇ ਸਨ, ਕੋਈ ਮੂਰਤ ਇਕ ਛਲਾਵੇ ਵਾਂਗ ਔਂਦੀ, ਮੈਨੂੰ ਦਿੱਸਦੀ ਪਰਸਦੀ, ਤੇ ਫੇਰ ਹੱਸ ਕੇ ਅਲੋਪ ਹੋ ਜਾਂਦੀ...ਇਹੋ ਅਹਿਸਾਸ ਇਕ ਦਿਨ ਅੱਖਰ-ਅੱਖਰ ਹੋ ਗਿਆ...।''

(ਪੰਨਾ-20)

ਇਸ ਪ੍ਰਗੀਤ ਦੇ ਅੰਤਲੇ ਕਾਵਿ-ਬੰਦ ਨੂੰ ਪੜ੍ਹਦਿਆਂ ਆਪਣੇ ਪੂਰੇ ਜੀਵਨ ਦੀ ਫਿਲਾਸਫ਼ੀ ਅਤੇ ਦਰਦ ਨੂੰ ਬਿਆਨਦੀ ਅੰਮ੍ਰਿਤਾ ਦੀ ਇਕ ਨਿੱਕੀ ਜਿਹੀ ਨਜ਼ਮ ਬੇਸਾਖ਼ਤਾ ਧਿਆਨ 'ਚ ਆ ਜਾਂਦੀ ਏ —

ਇਕ ਦਰਦ ਸੀ
ਜੋ ਮੈਂ ਸਿਗਰਟ ਦੀ ਤਰ੍ਹਾਂ
ਚੁੱਪ ਚਾਪ ਪੀਤਾ ਸੀ
ਸਿਰਫ਼ ਕੁਝ ਨਜ਼ਮਾਂ ਸਨ
ਜੋ ਮੈਂ ਸਿਗਰਟ ਦੇ ਨਾਲੋਂ
ਰਾਖ ਵਾਂਗੂਣ ਝਾੜੀਆਂ। (ਕਾਗ਼ਜ਼ ਤੇ ਕੈਨਵਸ, ਪੰਨਾ-60)

ਤੇ ਹੁਣ ਜਦੋਂ ਉਹ ਕਹਿੰਦੀ ਏ—

ਨੀ ਉਹ ਹਰ ਚੰਦਉਰੀ ਚੁੱਪ ਦੀ ਲੀਲਾ
ਮੈਂ ਜੋ ਕੁਝ ਕਿਹਾ, ਬੋਲਿਆ, ਲਿਖਿਆ
ਨੀ ਉਹ ਤਾਂ ਮਾਤਰ ਇਕ ਗਲੇਡੂ
ਜੋ ਅੱਖੀਆਂ ਵਿਚੋਂ ਛਲਕ ਗਿਆ।

ਸ਼ਾਇਰਾ ਦੀਆਂ ਇਹਨੀਂ ਦਿਨੀਂ ਲਿਖੀਆਂ ਕਵਿਤਾਵਾਂ ਦੇ ਨਾਵਾਂ ਤੋਂ ਹੀ ਬੋਧ ਹੋ ਜਾਂਦਾ ਏ ਕਿ ਇਹ ਆਮ ਸੰਸਾਰਕ ਅਨੁਭਵਾਂ ਤੋਂ ਵੱਖਰੀਆਂ ਹਨ ਜਿਵੇਂ ਕਿ ਬੀਜ ਬ੍ਰਹਮ ਦੀ ਲੀਲਾ, ਬੀਜ ਦੀਖਿਆ, ਤੀਜੇ ਪੀਰ ਦੀ ਮਹਿੰਦੀ, ਆਲੀ, ਹਵਨਕੁੰਡ ਦੀ ਮਿੱਟੀ, ਨਾਭੀ ਨਾਦ, ਗੁਫ਼ਾ ਦਰਸ਼ਨ, ਗੁਫ਼ਾ-ਚਿੱਤਰ ਆਦਿ। ਪੁਸਤਕਾਂ ਦੇ ਨਾਂ ਵੀ ਇਸੀ ਅਗਿਆਤ, ਅਧਿਆਤਮਕ ਅਨੁਭਵ ਨਾਲ ਜੁੜੇ ਹਨ — ਦਰਵੇਸ਼ਾਂ ਦੀ ਮਹਿੰਦੀ, ਹੁਜਰੇ

ਦੀ ਮਿੱਟੀ, ਸੱਤ ਕਿਰਨਾਂ, ਲਾਲ ਧਾਗੇ ਦਾ ਰਿਸ਼ਤਾ, ਚਿਰਾਗਾਂ ਦੀ ਰਾਤ ਆਦਿ ਪੁਸਤਕਾਂ ਵਿਚਲੇ ਵਿਸ਼ੇ-ਵਿਲੱਖਣਤਾ ਦਾ ਸੰਕੇਤ ਦਿੰਦੇ ਹਨ। ਅੰਮ੍ਰਿਤਾ ਦੀ 1998 ਵਿਚ ਆਈ ਪੁਸਤਕ 'ਉੱਠ ਨੀ ਸਾਹਿਬਾਂ ਸੁੱਤੀਏ' ਦਾ ਮੁਹਾਂਦਰਾ ਵੀ ਇਹਨਾਂ ਪੁਸਤਕਾਂ ਵਰਗਾ ਹੀ ਹੈ। ਪੁਸਤਕ ਦਾ ਨਾਂ ਹੀ ਸਾਡੀ ਚੇਤਨਾ ਨੂੰ ਝੰਜੋੜਦਾ ਹੈ — ਸੁੱਤਿਆਂ ਨੂੰ ਜਾਗ੍ਰਤ ਹੋ ਜਾਣ ਲਈ ਕਹਿੰਦਾ ਹੈ।

ਜਦੋਂ 'ਮਿਰਜਾ ਸਾਹਿਬਾਂ' ਦੀ ਇਕ ਸਿੱਧੀ ਸਾਦੀ ਪੇਂਡੂ ਕਿਰਦਾਰ ਬੀਬੋ ਮਿਰਜ਼ੇ ਦੀ ਧਰਮ ਦੀ ਮਾਸੀ ਬਣ ਕੇ ਸਾਹਿਬਾਂ ਕੋਲ ਜਾਂਦੀ ਹੈ। ਮਿਰਜ਼ੇ ਦੇ ਵਿਛੋੜ ਵਿਚ ਬੇਸੁਰਤ ਹੋਈ ਸਾਹਿਬਾਂ ਨੂੰ ਉਹ ਏਨਾ ਹੀ ਕਹਿੰਦੀ ਹੈ — 'ਉਠ ਨੀ ਸਾਹਿਬਾਂ ਸੁੱਤੀਏ, ਉਠ ਕੇ ਦੇ ਦੀਦਾਰ'। ਸੋ ਇਹ ਸਦੀਆਂ ਦੇ ਚਿੰਤਨ ਦਾ ਮੂਲ ਤੱਤ ਹੈ ਜਿਥੇ ਦੀਦਾਰ ਕਰਨ ਵਾਲਾ ਹੀ ਦੀਦਾਰ ਦੇਣ ਵਾਲਾ ਹੋ ਜਾਂਦਾ ਹੈ। (ਪੰਨਾ-10)

ਇਸ ਪੁਸਤਕ ਵਿਚਲੇ ਇਕ ਗੀਤ 'ਵੇ ਸਾਈਂ' ਨੂੰ ਇਸ ਨਜ਼ਰੀਏ ਤੋਂ ਵਾਚਿਆ ਜਾ ਸਕਦਾ ਹੈ —

ਵੇ ਸਾਈਂ! ਤੇਰੇ ਚਰਖੇ ਨੇ
ਅੱਜ ਕੱਤ ਲਿਆ — ਕੱਤਣ ਵਾਲੀ ਨੂੰ

ਹਰ ਇਕ ਮੁੱਢਾ ਪੱਛੀ ਪਾਇਆ
ਨਾ ਕੋਈ ਗਿਆ ਤੇ ਨਾ ਕੋਈ ਆਇਆ
ਹਾਏ ਅੱਲਾਹ! ਅੱਜ ਕੀ ਬਣੀਆਂ
ਇਸ ਛੋਪੇ ਘੱਤਣ ਵਾਲੀ ਨੂੰ...

ਤਾਕ ਕਿਸੇ ਨਾ ਖੋਲ੍ਹੇ ਭੀੜੇ
ਨਿੰਸਲ ਪਏ ਰਾਂਗਲੇ ਪੀੜ੍ਹੇ
ਵੇਖ ਅਟੇਰਨ ਬਉਰਾ ਹੋਇਆ
ਲੱਭਦਾ ਅੱਤਣ ਵਾਲੀ ਨੂੰ...

ਕਿਸੇ ਨਾ ਦਿੱਤੀ, ਕਿਸੇ ਨਾ ਮੰਗੀ
ਦੂਜੇ ਕੰਨੀ ਵਾਜ ਨਾ ਲੰਘੀ
ਅੰਬਰ ਹੱਸ ਕੇ ਵੇਖਣ ਲਗਾ
ਢਾਰੇ ਛੱਤਣ ਵਾਲੀ ਨੂੰ...

ਇਸ ਪ੍ਰਗੀਤ ਨੂੰ ਪੜ੍ਹਦੇ ਹੀ ਤਿੰਨ ਨੁਕਤੇ ਸਪਸ਼ਟ ਉਘੜ ਕੇ ਆਉਂਦੇ ਹਨ— ਇੱਕ ਤਾਂ ਇਹ ਸੂਖਮਭਾਵੀ, ਅਹਿਸਾਸਮੰਦ ਅਤੇ ਕਿਸੇ ਸਾਈਂ ਦਾ ਚਰਖਾ ਕਤਣ ਵਾਲੀ ਦਾ ਦ੍ਰਿਸ਼ ਬਿੰਬ ਉਘਾੜਦਾ ਹੈ। ਦੂਜੇ ਸਾਨੂੰ ਉਸ ਤਾਦਾਤਮਕ ਅਵਸਥਾ ਵਿਚ ਲੈ ਜਾਂਦਾ ਹੈ, ਜਿਥੇ ਪੁੱਜ ਕੇ ਦੂਈ ਦਾ ਭੇਦ ਨਹੀਂ ਰਹਿੰਦਾ। ਇਹ ਇਕਮਿਕ ਹੋਣ ਦੀ, ਆਪੇ

ਵਿਚ ਮਗਨ ਹੋਣ ਦੀ ਅਵਸਥਾ, ਜਿਸਨੂੰ ਕਦੇ ਸਾਡੇ ਕਿੱਸਾ - ਕਵੀ ਦਮੋਦਰ ਨੇ ਇਉਂ ਬਿਆਨਿਆ ਸੀ — ''ਰਾਂਝਾ-ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ। ਸਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ।''

ਗੀਤ ਵਿਚਲੀ ਨਾਇਕਾ ਪਹਿਲਾਂ ਉਚੇਚ ਨਾਲ, ਆਪਣੇ ਜਤਨ ਨਾਲ ਚਰਖੇ ਨੂੰ ਕੱਤਣਾ ਸ਼ੁਰੂ ਕਰਦੀ ਹੈ। ਪਰ ਹੌਲੀ-ਹੌਲੀ ਉਹ ਉਸ ਆਲਮ ਵਿੱਚ ਗੁਆਚ ਜਾਂਦੀ ਹੈ ਕਿ ਉਹਨੂੰ ਲਗਦਾ ਹੈ ਕਿ ਉਹ ਚਰਖੇ ਨੂੰ ਨਹੀਂ ਕੱਤ ਰਹੀ, ਚਰਖਾ ਉਹਨੂੰ ਕੱਤ ਰਿਹਾ ਹੈ ਤੇ ਸਹਿਜੇ ਹੀ ਆਪਮੁਹਾਰੇ ਇਹ ਕਾਜ ਹੋ ਰਿਹਾ ਹੈ। ਸੋ ਜਿਸਮ ਇਸੀ ਦੁਨੀਆ ਵਿਚ ਵਿਚਰ ਰਿਹਾ ਹੈ ਤੇ ਚੇਤਨਾ ਕਿਤੇ ਹੋਰ ਹੈ। ਤੀਜੇ ਜੋ ਕਿਹਾ ਜਾਂਦਾ ਹੈ ਕਿ ਸੂਫ਼ੀ-ਕਾਵਿ ਦੀਆਂ ਪ੍ਰਤੀਕ ਵਿਧੀਆਂ ਅੰਮ੍ਰਿਤਾ ਦੇ ਪ੍ਰਗੀਤ-ਕਾਵਿ ਦੀ ਪ੍ਰੇਰਨਾ ਹਨ। ਕਵੀ ਸ਼ਾਹ ਹੁਸੈਨ ਦੇ ਗੀਤਾਂ ਵਿਚ ਚਰਖਾ ਕੱਤਣ, ਅਟੇਰਨ ਆਦਿ ਬਿੰਬਾਵਲੀ ਨਿਰੋਲ ਵੱਖਰੇ ਸੰਦਰਭ ਵਿਚ ਆਈ ਹੈ। ਉਹਨਾਂ ਗੀਤਾਂ ਵਿਚ ਜਿਆਦਾਤਰ ਨਸੀਹਤ ਕੀਤੀ ਗਈ ਹੈ ਦੁਨੀਆਵੀ ਕੁੜੀ ਨੂੰ। ਸੋ ਉਹਨਾਂ ਵਿਚਲਾ ਕਾਜ ਇਕ ਉਚੇਚ, ਇਕ ਧਿਆਨ ਦੀ ਮੰਗ ਕਰਦਾ ਹੈ ਪਰ ਇਥੇ ਉਤਲੀ ਕਾਵਿ-ਟੁਕੜੀ ਵਿਚ ਲਫ਼ਜ਼ 'ਹੁਜਰਾ' ਦਾ ਜਿਸ ਤਰ੍ਹਾਂ ਇਸਤੇਮਾਲ ਹੋਇਆ ਹੈ ਉਹ ਸ਼ਾਇਰਾ ਦੇ ਅੰਤਰਮੁਖੀ ਚਿੰਤਨ ਦੀ ਯਾਤਰਾ ਨੂੰ ਹੀ ਦਰਸਾਉਂਦਾ ਹੈ।

'ਹੁਜਰਾ' ਲਫ਼ਜ਼ ਉਸ ਹਨੇਰੀ ਗੁਫ਼ਾ ਜਾਂ ਕੋਠੜੀ ਲਈ ਹੁੰਦਾ ਏ, ਜਿਥੇ ਬੈਠ ਕੇ ਕੋਈ ਵਰ੍ਹਿਆਂ-ਬੱਧੀ ਸਾਧਨਾ ਕਰਦਾ ਏ, ਤੇ ਫੇਰ ਉਹ ਥਾਂ ਪੂਜਣਯੋਗ ਹੋ ਜਾਂਦੀ ਹੈ। ਪਰ ਤੰਤਰ-ਵਿਗਿਆਨ ਉਸ ਤੋਂ ਬਹੁਤ ਅੱਗੇ ਹੈ। ਉਹ ਬਾਹਰ ਦੀ ਕਿਸੇ ਗੁਫ਼ਾ ਗਾਰ ਨੂੰ ਨਹੀਂ, ਆਪਣੇ ਤਨ ਨੂੰ ਹੁਜਰਾ ਬਣਾ ਲੈਣ ਦੀ ਇਕ ਅਜਿਹੀ ਵਿਧੀ ਹੈ ਜਿਹਦੇ ਨਾਲ ਇਹ ਮਿੱਟੀ ਦੀ ਕਾਇਆ ਤਰੰਗਿਤ ਹੋਕੇ ਰੱਬ ਦਾ ਹੁਜਰਾ ਬਣ ਜਾਂਦੀ ਹੈ। ('ਉੱਠ ਨੀ ਸਾਹਿਬਾਂ ਸੁੱਤੀਏ', ਪੰਨਾ-87)

ਅੰਮ੍ਰਿਤਾ ਆਪਣੀਆਂ ਰਚਨਾਵਾਂ ਵਿਚ ਆਪਣੇ ਲਿਖਣ ਦੇ ਕਰਮ-ਕਾਰਣ ਨੂੰ ਬਾਰ-ਬਾਰ ਨਵੇਂ, ਸੱਜਰੇ, ਅਸਲੋਂ ਮੌਲਿਕ ਤੇ ਵਿਲੱਖਣ ਬਿੰਬਾਂ ਰਾਹੀਂ ਦਰਸਾਉਂਦੀ ਹੈ। ਅਪ੍ਰੈਲ 1999 ਦੇ 'ਨਾਗਮਣੀ' ਅੰਕ ਵਿਚ ਛਪਿਆ ਹੋਇਆ ਅੰਮ੍ਰਿਤਾ ਦਾ ਇਕ ਗੀਤ ਕਿਵੇਂ ਕਬੀਰ ਦੀ ਜਾਤ ਤੇ ਕਿਰਤ ਨੂੰ ਇਕ ਸੱਚੇ ਲੇਖਕ ਦੀ ਜਾਤ ਤੇ ਕਿਰਤ ਨਾਲ ਜੋੜਦਾ ਹੈ — ਆਓ ਇਸ ਦਾ ਝਲਕਾਰਾ ਲਈਏ —

''ਅੱਖਰਾਂ ਦੀ ਖੱਡੀ ਮੈਨੂੰ ਕੀਹਨੇ ਬਿਠਾਇਆ
ਮੇਰੀ ਜਿੰਦ ਕਬੀਰਨ ਹੋਈ...

ਹੱਡਾਂ 'ਚ ਲੱਥਾ ਸੀ ਜਨਮਾਂ ਦਾ ਪਾਲਾ
ਸਿਰ 'ਤੇ ਵੀ ਕੜਕੀ ਸੀ, ਵਰ੍ਹਿਆਂ ਦੀ ਬਿਜਲੀ
ਮੈਂ ਛੰਜੀ ਤੇ ਬੁੱਕੀ ਸਾਂ ਰੋਈ...

ਹੁਣ ਹੱਸੇ ਤਾਂ ਹੱਸੇ ਮੇਰੀ ਜਿੰਦ ਜੁਲਾਹੀ
ਇਕੋ ਤਾਂ ਕੱਪੜਾ ਮੈਂ ਅੰਗ ਹੰਢਾਂਦੀ
ਜਿਹੜੀ ਕਤਨੀ ਆਂ ਅੱਖਰਾਂ ਦੀ ਲੋਈ।

ਚਰਖਾ ਕੱਤਣ ਦੀ ਹਰ ਪ੍ਰਕ੍ਰਿਆ ਬਾਹਰੀ ਉਚੇਚ, ਧਿਆਨ ਤੋਂ ਪਰੇ ਸਹਿਜੇ ਹੀ ਸਾਡੇ ਅੰਦਰ ਵਰਤੀਂਦੀ ਮਹਿਸੂਸ ਹੁੰਦੀ ਹੈ।

ਇਹਨਾਂ ਅੰਤਲੀਆਂ ਰਚਨਾਵਾਂ ਵਿਚ ਅੰਮ੍ਰਿਤਾ ਨੇ ਨਿਰੋਲ ਅੰਤਰ ਦੀ ਯਾਤਰਾ ਕੀਤੀ ਹੈ ਤੇ ਅਜਿਹਾ ਕਰਨ ਵੇਲੇ ਸਹਿਵਨ ਹੀ ਉਹਦੀ ਸੰਬੋਧਨ ਸੁਰ ਵਿਚ ਵੀ ਰੂਪਾਂਤਰਨ ਵਾਪਰ ਗਿਆ ਹੈ। ਉਹ ਮਹਿਬੂਬ, ਦੋਸਤ ਆਦਿ ਸੰਬੋਧਨਾਂ ਨੂੰ ਤਿਆਗ ਜਿਸ 'ਤੂੰ' ਨੂੰ ਸੰਬੋਧਿਤ ਹੁੰਦੀ ਹੈ ਉਹ ਸਾਈਂ, ਆਲੀ ਜਿਹੇ ਅਦਬ ਭਰੇ ਸੰਬੋਧਨ ਹਨ। ਇਥੋਂ ਤਕ ਕਿ ਉਹ ਆਪਣੇ ਹਮਸਫ਼ਰ ਇਮਰੋਜ਼ ਨੂੰ ਸਈਆਂ ਬਾਬਾ ਦੇ ਨਾਂ ਨਾਲ ਸੰਬੋਧਿਤ ਹੁੰਦੀ ਹੈ। ਸੋ ਸਈਆਂ (ਪ੍ਰੀਤਮ) ਨਾਲ ਬਾਬਾ ਸ਼ਬਦ ਲਗਾਉਣ ਦੇ ਕਰਮ ਨਾਲ ਹੀ ਸਈਆਂ ਵਰਗੇ ਆਮ ਸ਼ਬਦ ਦੇ ਸਧਾਰਨ ਅਰਥਾਂ ਵਿਚ ਵੀ ਰੂਪਾਂਤਰਨ ਵਾਪਰ ਜਾਂਦਾ ਹੈ। ਜਦੋਂ ਉਹ ਕਹਿੰਦੀ ਹੈ —

ਅੰਬਰ ਦੇ ਹੁਜਰੇ ਵਿਚ ਜਾਕੇ
ਮੈਂ ਜੱਗ ਦਾ ਬੂਹਾ ਢੋਇਆ
ਤੇ ਇਸ਼ਕ ਬਿਭੂਤੀ ਮਨ ਤੇ ਲਾਕੇ
ਮੇਰਾ ਰੱਬ ਸੰਨਿਆਸੀ ਹੋਇਆ।

ਤਾਂ ਇਥੇ ਆ ਕੇ ਅੰਮ੍ਰਿਤਾ-ਕਾਵਿ ਵਿਚ ਇਕ ਹੋਰ ਰੂਪਾਂਤਰਨ ਵਾਪਰਦਾ ਹੈ। ਉਹ ਨਾਰੀ ਅਨੁਭਵ, ਨਾਰੀ ਸੰਵੇਦਨਾਵਾਂ ਅਤੇ ਨਾਰੀਤੱਵ ਤੋਂ ਉੱਤੇ ਉਠ ਕੇ ਨਿਰੋਲ ਮਨੁੱਖ ਬਣ ਜਾਂਦੀ ਹੈ। ਦਰਅਸਲ ਅੰਮ੍ਰਿਤਾ ਦੀਆਂ ਇਹ ਰਚਨਾਵਾਂ ਅਦਵੈਤਮੁਖੀ, ਅੰਤਰਮੁਖੀ ਚਿੰਤਨ ਨਾਲ ਜੁੜੀਆਂ ਹਨ। ਪੁਰਾਣੇ ਸਮਾਜਕ, ਦੁਨਿਆਵੀ ਅਨੁਭਵਾਂ ਤੋਂ ਪਾਰ ਦੀਆਂ ਕਿਰਤਾਂ ਹਨ। ਪਰ ਲੰਮੇ ਅਰਸੇ ਤੋਂ ਮੰਜੇ ਨਾਲ ਮੰਜਾ ਹੋਈ ਅੰਮ੍ਰਿਤਾ ਮੁੜ ਤੋਂ ਇਸੀ ਜਨਮ ਨਾਲ ਜੁੜ ਗਈ ਹੈ।

ਪੀੜਾ, ਡਰ, ਅਸੁਰੱਖਿਆ ਜਿਹੇ ਅਹਿਸਾਸਾਂ, ਇਸ ਸੰਸਾਰ ਨੂੰ ਤੱਜਣ, ਅਤੇ ਕਈ ਤਰ੍ਹਾਂ ਦੇ ਸੰਸਿਆਂ, ਤੌਖਲਿਆਂ, ਕਿੰਤੂਆਂ ਨਾਲ ਜੁੜੀ, ਬੇਸੁਰਤੀ ਦੇ ਆਲਮ ਵਿਚ ਵੀ ਈਮਾ, ਇਮਰੋਜ਼ ਦੀ ਮੁਹਾਰਨੀ ਰੱਟਦੀ, ਮੁੜ ਤੋਂ ਉਸੀ ਇਕ ਨੂੰ ਆਪਣੀ ਪਹਿਲੀ ਤੇ ਆਖ਼ਰੀ ਟੇਕ ਮੰਨਦੀ, ਇਸੀ ਵਿਸ਼ਵਾਸ ਨੂੰ ਨਾਲ ਲੈ ਕੇ ਚਲ ਰਹੀ ਕਿ ਉਹ ਫਿਰ ਕਿਸੇ ਨਾ ਕਿਸੇ ਰੂਪ ਵਿਚ ਇਮਰੋਜ਼ ਨੂੰ ਹੀ ਮਿਲੇਗੀ। ''ਕਿਥੇ ਤੇ ਕਿਵੇਂ'' ਜਿਹੀ ਦੁਚਿੱਤੀ ਤਾਂ ਹੈ ਪਰ ਇਹ ਦ੍ਰਿੜ ਵਿਸ਼ਵਾਸ ਹੈ ਕਿ ਇਮਰੋਜ਼ ਨੇ ਤਾਂ ਉਸਨੂੰ ਮਿਲਣਾ ਹੀ ਹੈ — ''ਏਕ ਜੋਤਿ ਦੁਈ ਮੂਰਤਿ'' ਜਿਹਾ ਸੰਕਲਪ ਇਸ ਸੱਜਰੀ ਕਵਿਤਾ ਵਿਚ ਦ੍ਰਿਸ਼ਟੀਮਾਨ ਹੁੰਦਾ ਹੈ ਜੋ ਸੰਨ 2004 ਵਿਚ ਛੱਪੇ, 'ਮੈਂ ਤੈਨੂੰ ਫੇਰ ਮਿਲਾਂਗੀ' ਕਾਵਿ-ਸੰਗ੍ਰਹਿ ਵਿਚ ਇਸੀ ਨਾਂ ਦੇ ਸਿਰਲੇਖ ਵਾਲੀ ਕਵਿਤਾ ਵਿਚ ਮਿਲਦਾ ਹੈ...

## ਮੈਂ ਤੈਨੂੰ ਫੇਰ ਮਿਲਾਂਗੀ

ਮੈਂ ਤੈਨੂੰ ਫੇਰ ਮਿਲਾਂਗੀ
ਕਿੱਥੇ ? ਕਿਸ ਤਰ੍ਹਾਂ ? ਪਤਾ ਨਹੀਂ
ਸ਼ਾਇਦ ਤੇਰੇ ਤਖ਼ਈਅਲ ਦੀ ਚਿਣਗ ਬਣਕੇ
ਤੇਰੀ ਕੈਨਵਸ ਤੇ ਉਤਰਾਂਗੀ
ਜਾਂ ਖੋਰੇ ਤੇਰੀ ਕੈਨਵਸ ਦੇ ਉੱਤੇ
ਇਕ ਰਹੱਸਮਈ ਲਕੀਰ ਬਣਕੇ
ਖਾਮੋਸ਼ ਤੈਨੂੰ ਤੱਕਦੀ ਰਵ੍ਹਾਂਗੀ

ਜਾਂ ਖੋਰੇ ਸੂਰਜ ਦੀ ਲੋਅ ਬਣ ਕੇ
ਤੇਰੇ ਰੰਗਾਂ ਵਿਚ ਘੁਲਾਂਗੀ
ਜਾਂ ਰੰਗਾਂ ਦੀਆਂ ਬਾਹਵਾਂ ਵਿਚ ਬੈਠ ਕੇ
ਤੇਰੇ ਕੈਨਵਸ ਨੂੰ ਵਲਾਂਗੀ
ਪਤਾ ਨਹੀਂ ਕਿਸ ਤਰ੍ਹਾਂ — ਕਿੱਥੇ
ਪਰ ਤੈਨੂੰ ਜ਼ਰੂਰ ਮਿਲਾਂਗੀ

ਜਾਂ ਖੋਰੇ ਇਕ ਚਸ਼ਮਾ ਬਣੀ ਹੋਵਾਂਗੀ
ਤੇ ਜਿਵੇਂ ਝਰਨਿਆਂ ਦਾ ਪਾਣੀ ਉੱਡਦਾ
ਮੈਂ ਪਾਣੀ ਦੀਆਂ ਬੂੰਦਾਂ
ਤੇਰੇ ਪਿੰਡੇ ਤੇ ਮਲਾਂਗੀ
ਤੇ ਇਕ ਠੰਢਕ ਜਿਹੀ ਬਣਕੇ
ਤੇਰੀ ਛਾਤੀ ਦੇ ਨਾਲ ਲੱਗਾਂਗੀ...

ਮੈਂ ਹੋਰ ਕੁਝ ਨਹੀਂ ਜਾਣਦੀ
ਪਰ ਏਨਾ ਜਾਣਦੀ
ਕਿ ਵਕਤ ਜੋ ਵੀ ਕਰੇਗਾ
ਇਹ ਜਨਮ ਮੇਰੇ ਨਾਲ ਤੁਰੇਗਾ...

ਇਹ ਜਿਸਮ ਮੁੱਕਦਾ ਹੈ
ਤਾਂ ਸਭ ਕੁਝ ਮੁੱਕ ਜਾਂਦਾ ਹੈ
ਪਰ ਚੇਤਿਆਂ ਦੇ ਧਾਗੇ
ਕਾਇਨਾਤੀ ਕਣਾਂ ਦੇ ਹੁੰਦੇ
ਮੈਂ ਉਹਨਾਂ ਕਣਾਂ ਨੂੰ ਚੁਣਾਂਗੀ
ਧਾਗਿਆਂ ਨੂੰ ਵਲਾਂਗੀ
ਤੇ ਤੈਨੂੰ ਮੈਂ ਫੇਰ ਮਿਲਾਂਗੀ...

# ਅੰਮ੍ਰਿਤਾ ਪ੍ਰੀਤਮ : ਮੋਹਵੰਤਾ ਰਿਸ਼ਤਾ

ਕਹਾਣੀਕਾਰ ਜਸਬੀਰ ਭੁੱਲਰ ਦਵਾਰਾ ਸੰਪਾਦ ਕੀਤੀ ਪੁਸਤਕ 'ਨਮ ਸ਼ਬਦਾਂ ਦੀ ਆਬਸ਼ਾਰ', ਜਿਸ ਵਿੱਚ ਵੱਖ-ਵੱਖ ਲੇਖਕ ਮਿੱਤਰਾਂ ਵੱਲੋਂ ਡਾ. ਦਲੀਪ ਕੌਰ ਟਿਵਾਣਾ ਦੇ ਜੀਵਨ, ਸ਼ਖ਼ਸੀਅਤ, ਸਾਹਿਤ ਅਤੇ ਰਚਨਾ-ਸੰਸਾਰ ਦੀ ਜਾਣਕਾਰੀ ਦਿੰਦੇ ਲੇਖ ਸੰਕਲਿਤ ਹਨ; ਜਦ ਮੇਰੇ ਪਾਸ ਪੁੱਜੀ ਤਾਂ ਸਹਿਵਨ ਹੀ ਉਸ ਵਿਚਲੇ ਕੁਝ ਲੇਖਕਾਂ ਦੇ ਲੇਖ ਪਹਿਲਾਂ ਪੜ੍ਹਨ ਦੀ ਜਿਗਿਆਸਾ ਵਿੱਚ ਸ਼ਾਮਲ ਹੋ ਗਏ। ਇਹ ਮਨੁੱਖੀ ਸੁਭਾਅ ਹੈ, ਫ਼ਿਤਰਤ ਹੈ, ਉਹ ਆਪਣੇ ਮਿੱਤਰਾਂ, ਜਾਣ-ਪਛਾਣ ਵਾਲਿਆਂ ਜਾਂ ਪਸੰਦ ਕਰਨ ਵਾਲਿਆਂ ਨੂੰ ਪਹਿਲ ਦਿੰਦਾ ਹੈ। ਸੋ ਅੱਵਲ ਨੰਬਰ 'ਤੇ ਅੰਮ੍ਰਿਤਾ ਪ੍ਰੀਤਮ ਜੀ ਦਾ ਦਲੀਪ ਟਿਵਾਣਾ ਦੀ ਸ਼ਖ਼ਸੀਅਤ, ਦਰਿਆਦਿਲੀ ਉੱਤੇ ਚਾਨਣਾ ਪਾਉਂਦਾ ਲੇਖ 'ਘੁੱਟ ਕੇ ਮਾਰੀ ਹੋਈ ਬੁੱਕਲ' ਪੜ੍ਹਿਆ, ਜਿਸ ਵਿੱਚ ਉਨ੍ਹਾਂ ਨੇ ਦਲੀਪ ਦੀ ਆਪਣੇ ਅੰਦਰ ਨਪੀੜੀ ਪੀੜਾ, ਮਨੁੱਖੀ ਦਰਦ ਨਾਲ ਸਰੋਕਾਰ ਭਾਵਨਾਵਾਂ, ਉਹਦੀ ਜ਼ਿੰਦਗੀ ਦੇ ਦੁਖਾਂਤ, ਬਹੁਤ ਨਿੱਜੀ ਸੱਖਣ ਆਦਿ ਸਭ ਦੀ ਪੀਢੀ ਬੁੱਕਲ ਪਾਠਕਾਂ-ਮਿੱਤਰਾਂ ਅੱਗੇ ਖੋਲ੍ਹ ਕੇ ਵਿਖਾਈ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਲਿਖਿਆ ਹੈ ਕਿ ਕਿਵੇਂ ਉਹਨੇ ਅੰਮ੍ਰਿਤਾ ਜੀ ਦੀ ਔਖੇ ਵੇਲੇ ਬਹੁੜਨ ਕਾਰਨ ਨੇੜਤਾ, ਹਮਦਰਦੀ ਤੇ ਸਾਂਝ ਭਰਿਆ ਹੱਥ, ਉਸ ਪੀਢੀ ਬੁੱਕਲ 'ਚੋਂ ਕੱਢ ਕੇ ਅੰਮ੍ਰਿਤਾ ਜੀ ਵੱਲ ਵਧਾਉਣ ਦਾ, ਨਿੱਘਾ ਰਿਸ਼ਤਾ ਪੀਢਾ ਕਰਨ ਦਾ ਉਪਰਾਲਾ ਕੀਤਾ ਹੈ — ਇਹ ਪੜ੍ਹ ਕੇ ਦਲੀਪ ਟਿਵਾਣਾ ਮੈਨੂੰ ਹੋਰ ਚੰਗੀ ਲੱਗਣ ਲੱਗ ਪਈ। ਉਸ ਉੱਤੇ ਅੰਤਾਂ ਦਾ ਲਾਡ ਉਮੜ ਆਇਆ। ਦਰਅਸਲ ਜੋ ਵੀ ਅੰਮ੍ਰਿਤਾ ਜੀ ਨਾਲ ਪਿਆਰ ਕਰਦਾ ਹੈ, ਉਹ ਮੈਨੂੰ ਵੀ ਪਿਆਰਾ ਲੱਗਣ ਲਗਦਾ ਹੈ, ਮੋਹਵੰਤਾ ਲਗਦਾ ਹੈ, ਆਪਣਾ ਲਗਦਾ ਹੈ, ਮਨੁੱਖੀ ਅਹਿਸਾਸਾਂ ਨਾਲ ਭਰਿਆ ਲਗਦਾ ਹੈ। ਪਰ ਗੱਲ ਇਸ ਵੇਲੇ ਇਸ ਲੇਖ ਦੀ ਨਹੀਂ, ਇਸ ਤੋਂ ਅੱਗੇ ਦੇ ਦੋ ਹੋਰ ਲੇਖ ਛੱਡ ਇਮਰੋਜ਼ ਜੀ ਦੇ ਉਸ ਲੇਖ 'ਬੇਗਾਨੀਆਂ ਧੀਆਂ ਦਾ ਬਾਬਲ' ਵਿਚਲੇ ਨਿੱਘ-ਪਿਆਰ ਦੀ ਹੈ, ਜਿਸ ਵਿੱਚ ਉਨ੍ਹਾਂ ਨੇ ਅੰਮ੍ਰਿਤਾ ਜੀ ਦੀਆਂ ਉਨ੍ਹਾਂ ਧੀਆਂ ਦੀ ਗੱਲ ਕੀਤੀ ਹੈ, ਜਿਹਦੀ ਗਿਣਤੀ ਬਹੁਤ ਖ਼ੂਬਸੂਰਤ ਅੰਦਾਜ਼ ਨਾਲ ਸ਼ੁਰੂ ਹੁੰਦੀ ਹੈ। ਇਸ ਲੇਖ ਵਿੱਚ ਉਹ ਇਕ ਖ਼ਾਸ ਘਟਨਾ ਦੇ ਪਿਛੋਕੜ ਵਿੱਚ ਦਲੀਪ ਟਿਵਾਣਾ ਦੇ ਬਾਬਲ ਜਿਹੀ ਜ਼ਿੰਮੇਵਾਰੀ ਨਿਭਾਉਣ ਦਾ ਜ਼ਿਕਰ ਕਰਦੇ ਹਨ, ਜਦੋਂ 30 ਕੁ ਵਰ੍ਹੇ ਪਹਿਲਾਂ ਦਲੀਪ ਟਿਵਾਣਾ ਦਾ ਵਿਆਹ ਹੋਇਆ, ਉਹਦੇ ਸਿਰ 'ਤੇ ਪਿਤਾ ਦਾ ਸਾਇਆ ਨਾ ਹੋਣ 'ਤੇ ਕੰਨਿਆਦਾਨ ਕਰਨ ਦਾ ਜ਼ਿੰਮਾ ਇਮਰੋਜ਼ ਜੀ ਨੇ ਆਪਣੇ ਹੱਥੀਂ ਲੈ ਲਿਆ, ਉਦੋਂ ਤੋਂ ਦਲੀਪ ਉਨ੍ਹਾਂ ਨੂੰ 'ਅਣਜੰਮੀਆਂ ਧੀਆਂ ਦਾ ਬਾਬਲ' ਕਹਿਣ ਲੱਗੀ — ਮੇਰਾ ਅੰਮ੍ਰਿਤਾ ਜੀ ਅਤੇ ਇਮਰੋਜ਼

ਜੀ ਨਾਲ ਬਹੁਤ ਨਿੱਘੇ ਮੋਹ-ਪਿਆਰ ਦਾ ਰਿਸ਼ਤਾ ਹੈ, ਜਿਸ ਨੂੰ ਉਨ੍ਹਾਂ ਦੇ ਅਤੇ ਮੇਰੇ ਨੇੜ-ਤੇੜ ਦੇ ਸਭ ਲੋਕ ਜਾਣਦੇ-ਸਮਝਦੇ ਹਨ ਅਤੇ ਅਕਸਰ ਉਨ੍ਹਾਂ ਦਾ ਹਾਲ ਮੇਰੇ ਤੋਂ ਪੁੱਛਦੇ-ਗਿੱਛਦੇ ਹਨ ਤੇ ਕਈ ਵਾਰ ਆਪਣੇ-ਆਪ ਉੱਤੇ ਰਸ਼ਕ ਵੀ ਹੁੰਦਾ ਹੈ ਤੇ ਮਾਣ ਵੀ। ਜਦੋਂ ਕਿਸੇ ਨਾਲ ਹੋਵਾਂ ਜਾਂ ਇਕੱਲੇ ਕਿਸੇ ਦੁਕਾਨ ਤੋਂ ਖ਼ਰੀਦਦਾਰੀ ਕਰ ਰਹੀ ਹੋਵਾਂ, ਸੈਮੀਨਾਰਾਂ-ਗੋਸ਼ਟੀਆਂ ਵਿੱਚ ਬੈਠੀ ਹੋਵਾਂ, ਕਲਾਸ ਲੈ ਰਹੀ ਹੋਵਾਂ ਜਾਂ ਸਟਾਫ਼ ਰੂਮ ਵਿੱਚ ਬੈਠੀ ਅਗਲੇ ਪੀਰੀਅਡ ਦਾ ਇੰਤਜ਼ਾਰ ਕਰ ਰਹੀ ਹੋਵਾਂ ਅਚਾਨਕ ਮੋਬਾਈਲ ਦੀ ਟ੍ਰਿਨ-ਟ੍ਰਿਨ ਹੁੰਦੀ ਹੈ — ਭਈ ਅਮੀਆ, ਇੰਨੇ ਨਾਗੇ ਨਾ ਪਾਇਆ ਕਰ — ਮੇਰੇ ਹੁਣ ਥੋੜ੍ਹੇ ਦਿਨ... — ਮੈਂ ਰੂਹ ਤੀਕ ਕੰਬ ਜਾਂਦੀ ਹਾਂ — ਮੈਂ ਕਈ ਵੇਰ ਦੋਸਤਾਂ-ਮਿੱਤਰਾਂ ਅੱਗੇ ਹੱਸਿਆ ਕਰਦੀ ਹਾਂ — ਇਹ ਮੋਬਾਈਲ ਮੈਂ ਦੋ ਦੋਸਤਾਂ ਕਰਕੇ ਲਿਆ ਹੈ — ਇਕ ਮੇਰੀ ਦੋਸਤ ਡਾ. ਬੇਅੰਤ ਜਿਹਦਾ ਹਮੇਸ਼ਾ ਸ਼ਿਕਵਾ ਹੁੰਦਾ ਸੀ ਕਿ ਤੈਨੂੰ ਲੱਭਣਾ ਚਾਹਵਾਂ ਤਾਂ... ਦੂਜੇ ਬਹੁਤ ਤਕਲੀਫ਼ ਹੁੰਦੀ ਸੀ, ਦੁੱਖ ਹੁੰਦਾ ਸੀ ਕਿ ਅੰਮ੍ਰਿਤਾ ਜੀ ਨੂੰ ਜਦ ਮੇਰੀ ਲੋੜ ਹੋਵੇ, ਫ਼ੋਨ ਕਰਨ ਤੇ ਮੈਂ ਨਾ ਮਿਲਾਂ — ਤੇ ਕਈ ਵੇਰ ਸੁਨੇਹਾ ਮਿਲਣ ਵਿੱਚ ਵੀ ਢਿੱਲ ਲੱਗ ਜਾਵੇ। ਇਕ ਵੇਰ ਬਹੁਤ ਵਰ੍ਹੇ ਪਹਿਲਾਂ ਅੰਮ੍ਰਿਤਾ ਜੀ ਨੇ ਮੈਨੂੰ ਯਾਦ ਕੀਤਾ — ਉਹ ਮੇਰੇ ਵੀ ਬੜੇ ਔਖੇ ਦਿਨ ਸਨ — ਪੇਕੇ ਰਹਿਣ ਗਈ ਹੋਈ ਸਾਂ — (ਅੰਮ੍ਰਿਤਾ ਜੀ ਦੇ ਘਰ ਜਿੱਥੇ ਫ਼ੋਨ ਲੱਗਿਆ ਹੈ — ਉਸ ਤੋਂ ਉਤਲੀ ਕੰਧ 'ਤੇ ਬਲੈਕ ਬੋਰਡ ਲੱਗਿਆ ਹੈ — ਜਿਸ ਵਿੱਚ ਪ੍ਰਕਾਸ਼ਕਾਂ ਅਤੇ ਡਾਕਟਰਾਂ ਤੇ ਹੋਰ ਕੁਝ ਮਿੱਤਰਾਂ, ਪਛਾਣ ਵਾਲਿਆਂ ਦੇ ਫ਼ੋਨ ਨੰਬਰ ਚਾਕ ਨਾਲ ਲਿਖੇ ਹੋਏ ਹਨ — ਉਹਦੇ ਇਕ ਨੁੱਕਰੇ ਅਮਰਜੀਤ (ਅਮੀਆ) ਦੇ ਪੇਕੇ ਅਤੇ ਸਹੁਰੇ ਦੋਵੇਂ ਨੰਬਰ ਲਿਖੇ ਹਨ) ਕਾਹਲੀ ਨਾਲ ਸਹੁਰਾ ਘਰ ਛੱਡ ਕੇ ਪੇਕੇ ਗਈ ਸਾਂ, ਜਾਣ ਵੇਲੇ ਅੰਮ੍ਰਿਤਾ ਜੀ ਨੂੰ ਖ਼ਬਰ ਨਹੀਂ ਕਰ ਸਕੀ ਸਾਂ। ਸੋ ਅੰਮ੍ਰਿਤਾ ਜੀ ਨੇ ਸਹੁਰੇ ਘਰ ਫ਼ੋਨ ਕੀਤਾ। ਉਥੋਂ ਪਤਾ ਚੱਲਣ ਤੇ ਪੇਕੇ ਘਰ — ਫ਼ੋਨ ਕੀਤਾ — ਮਾਂ ਦੇ ਘਰੋਂ ਪਤਾ ਚੱਲਿਆ — ਵੱਡੀ ਭੈਣ ਵੱਲ ਹਾਂ — ਉੱਥੇ ਫ਼ੋਨ ਗਿਆ — ਪਤਾ ਚੱਲਿਆ — ਮੈਂ ਆਪਣੀ ਦੋਸਤ ਜੂਲੀ ਦੇ ਘਰ ਹਾਂ — ਗਈ ਸ਼ਾਮ ਅੰਮ੍ਰਿਤਾ ਜੀ ਦਾ ਉੱਥੇ ਫ਼ੋਨ ਆਇਆ — ਮੋਹ ਤੇ ਹੱਕ ਭਰੇ ਰੋਸੇ ਨਾਲ ਮੇਰੀ ਸਾਰ ਲੈ ਰਹੇ — ਭਈ ਅਮੀਆ ਕਿੱਥੇ ਗਵਾਚ ਜਾਂਦੀ ਏ ਤੂੰ ? ਉਸ ਵੇਲੇ ਆਪਣੇ 'ਤੇ ਫ਼ਖ਼ਰ ਵੀ ਹੋਇਆ ਪਰ ਇਹ ਸੋਚ-ਸੋਚ ਦੁੱਖਿਆ ਅਹਿਸਾਸ ਵੀ ਕਿ ਅੰਮ੍ਰਿਤਾ ਜੀ ਨੂੰ ਇਨ੍ਹਾਂ ਤਰੱਦਦ ਕਰਨਾ ਪਿਆ — ਮੈਨੂੰ ਲੱਭਣ ਲਈ। ਉਸ ਦਿਨ ਤੋਂ ਕਿੱਥੇ ਵੀ ਜਾਵਾਂ — ਘਰੋਂ ਬਾਹਰ ਜਾਂ ਦਿੱਲੀਓਂ ਬਾਹਰ। ਜਾਂ ਤਾਂ ਜਾਣ ਤੋਂ ਪਹਿਲਾਂ ਉਨ੍ਹਾਂ ਨੂੰ ਖ਼ਬਰ ਕਰ ਦਿੰਦੀ ਹਾਂ ਜਾਂ ਉੱਥੇ ਜਾ ਕੇ, ਚਾਹੇ ਉਹ ਨੈਨੀਤਾਲ, ਜੈਪੁਰ ਹੋਵੇ ਜਾਂ ਮਸੂਰੀ, ਭੂਟਾਨ, ਦਾਰਜਲਿੰਗ। ਹੁਣ ਮੋਬਾਈਲ ਕਾਰਨ ਸਾਡਾ ਪ੍ਰਤੱਖ ਸੰਵਾਦ ਹੋ ਜਾਂਦਾ ਹੈ ਤੇ ਮੈਨੂੰ ਇਕਦਮ ਪਤਾ ਚੱਲ ਜਾਂਦਾ ਹੈ ਕਿ ਉਨ੍ਹਾਂ ਨੇ ਮੈਨੂੰ ਯਾਦ ਕੀਤਾ ਹੈ...ਹਾਂ ਗੱਲ ਇਮਰੋਜ਼ ਜੀ ਦੇ ਲੇਖ ਦੀ ਚੱਲ ਰਹੀ ਸੀ — ਉਹ ਇਕ ਜਗ੍ਹਾ ਕਹਿੰਦੇ ਹਨ — "ਅੰਮ੍ਰਿਤਾ ਕੋਈ ਗਹਿਣਾ ਪਾਉਂਦੀ ਨਹੀਂ, ਪਰ ਖ਼ਰੀਦਦੀ ਬੜੇ ਹੈ ਤੇ ਪੁਰਾਣਾ ਜਿਊਲਰ ਜਦੋਂ ਹੱਸਦਾ ਹੈ ਤਾਂ ਉਹ ਕਹਿੰਦੀ ਹੈ, "ਮੇਰੀਆਂ ਬੜੀਆਂ ਧੀਆਂ ਨੇ, ਇਕ ਧੀ ਤੇ ਅੱਗੋਂ ਉਹਦੀ ਧੀ, ਇਕ ਨੂੰਹ-ਧੀ ਤੇ ਅੱਗੋ ਉਹਦੀ ਧੀ ਤੇ ਪੰਜਵੀਂ ਜਿਹਨੇ ਮੇਰੇ ਲਈ ਡਾਕਟਰਾਂ ਕੋਲ ਜਾ ਕੇ ਐਕਯੂਪ੍ਰੈਸ਼ਰ ਦੀ ਸਿਖਲਾਈ ਲਈ ਤੇ ਇਕ ਛੋਟੀ ਜਿਹੜੀ ਮੇਰਾ

ਸਾਰਾ ਲਿਖਿਆ ਹਿੰਦੀ ਲਿਪੀ ਵਿੱਚ-ਉਲਥਾ ਦਿੰਦੀ ਹੈ ਤੇ ਇਕ ਸਤਵੀ ਜਿਹਦੀ ਮੁਹੱਬਤ ਜਾਤੋਂ ਮਜ਼ਹਬੋਂ ਬਾਹਰੀ ਹੋ ਗਈ ਹੈ ਤੇ ਉਹਨੂੰ ਝੱਲਦਾ ਕੋਈ ਨਹੀਂ...।

ਇਹ ਪੜ੍ਹ ਅੰਮ੍ਰਿਤਾ ਜੀ ਦੀਆਂ ਮੋਹ ਭਰੀਆਂ ਮਹਿਸੂਸਣੀਆਂ ਨੂੰ ਬੇਸਾਖਤਾ ਸਲਾਮ ਕਰਨ ਨੂੰ ਜੀ ਚਾਹਿਆ। ਪਹਿਲੀਆਂ ਚਾਰ ਧੀਆਂ ਤਾਂ ਘਰ ਦੀਆਂ ਹੋ ਗਈਆਂ — ਧੀ, ਦੋਹਤਰੀ, ਨੂੰਹ ਤੇ ਪੋਤਰੀ — ਪੰਜਵੀਂ ਸਤੀ ਜਿਹੜੀ ਗਲਤ ਜਿਹਾ ਵਿਆਹ ਕਰ ਦੂਜੇ ਸ਼ਹਿਰ ਰਹਿ ਰਹੀ ਤੇ ਮਿਲਣੋਂ ਵੀ ਰਹਿ ਗਈ। ਛੇਵੀਂ ਮੈਂ — ਜੋ ਪਿਛਲੇ 16-17 ਸਾਲ ਤੋਂ ਉਨ੍ਹਾਂ ਦੇ ਅਨੁਵਾਦ ਕਾਰਜ ਨਾਲ ਜੁੜੀ (ਹਾਂ ਪਿਛਲੇ ਇਕ-ਦੋ ਸਾਲ ਤੋਂ ਕੁਝ ਨਿੱਜੀ ਕਾਰਨਾਂ ਕਾਰਨ ਉਨ੍ਹਾਂ ਦੇ ਸਾਹਿਤ ਅਨੁਵਾਦ ਵੱਲ ਘੱਟ ਧਿਆਨ ਦੇ ਸਕੀ ਹਾਂ — ਇਹਨੀ ਦਿਨੀ ਇਕ ਮੁੰਡਾ ਰਾਜੇਸ਼ ਜੋ ਪੰਜਾਬੀ ਲਿਖਣਾ-ਪੜ੍ਹਨਾ ਤਾਂ ਨਹੀ ਜਾਣਦਾ ਪਰ ਅੰਮ੍ਰਿਤਾ ਜੀ ਜਦੋਂ ਥੋੜ੍ਹਾ ਠੀਕ ਹੁੰਦੇ, ਉਹਨੂੰ ਹਿੰਦੀ 'ਚ ਬੋਲ-ਬੋਲ ਡਿਕਟੇਟ ਕਰਾ ਦਿੰਦੇ।) ਸਤਵੀਂ ਧੀ ਅੱਜ ਕੱਲ੍ਹ ਆਪਣੇ ਨਿੱਜੀ ਸਬੰਧਾਂ, ਸੋਚਾਂ ਕਾਰਨ ਥੋੜੀ ਉਖੜੀ ਹੋਈ ਹੈ। ਸੋ ਪੰਜਵੀ ਤੇ ਸਤਵੀ ਧੀਆਂ ਭਾਵੇਂ ਅੰਮ੍ਰਿਤਾ ਜੀ ਨੂੰ ਆਪਣੇ ਆਪਣੇ ਹਾਲਾਤ ਕਾਰਨ (ਦੋਵੇਂ) ਮਿਲਣੋਂ ਰਹੀਆਂ ਹੋਈਆਂ ਹਨ ਪਰ ਅੰਮ੍ਰਿਤਾ ਜੀ ਅਕਸਰ ਮੇਰੇ ਸਾਹਵੇਂ ਇਕ ਹੇਰਵੇ ਨਾਲ ਉਨ੍ਹਾਂ ਦਾ ਵਿਗੋਚਾ ਮਹਿਸੂਸ ਕਰਦੇ, ਇਵੇਂ ਯਾਦ ਕਰਦੇ ਹਨ; ਜਿਵੇਂ ਕੋਈ ਆਪਣੀਆਂ ਵਿਆਹੀਆਂ, ਦੂਰ ਪਰਦੇਸ ਵੱਸਦੀਆਂ ਧੀਆਂ ਦਾ ਉਦਰੇਵਾਂ ਕਰਦਾ ਹੈ, ਵਿਰਾਗਿਆ ਜਾਂਦਾ ਹੈ। ਸਤਵੀਂ ਧੀ, ਉਨ੍ਹਾਂ ਤੋਂ ਨਾਰਾਜ਼ ਦਿੱਲੀ ਆ ਕੇ ਉਨ੍ਹਾਂ ਨੂੰ ਮਿਲੇ ਬਿਨਾਂ ਚਲੀ ਜਾਂਦੀ ਹੈ — ਇਕ-ਦੋ ਵਾਰ ਮੈਂ ਵੀ ਉਹਨੂੰ ਅੰਮ੍ਰਿਤਾ ਜੀ ਦਾ ਸੁਨੇਹਾ ਦਿੱਤਾ ਸੀ। ਜਦੋਂ ਅੰਮ੍ਰਿਤਾ ਜੀ ਨੂੰ ਪਤਾ ਚਲਦਾ — ਉਹ ਉਦਾਸ ਹੋ ਜਾਂਦੇ ''ਅਮੀਆ, ਸੁਣਿਆ ਏ, ਉਹ ਦਿੱਲੀ ਆਈ ਸੀ — ਮੈਨੂੰ ਮਿਲੇ ਬਿਨਾਂ ਚਲੀ ਗਈ — ਮੈਂ ਉਹਨੂੰ ਕੁਝ ਵੀ ਤਾਂ ਅਜਿਹਾ ਨਹੀਂ ਕਿਹਾ ਸੀ — ਬਸ ਚਾਹਿਆ ਸੀ, ਉਹਦੇ ਸਬੰਧ ਘਰਵਾਲਿਆਂ ਨਾਲ ਨਾਰਮਲ ਹੋ ਜਾਣ। ਉਹਦੀ ਸੋਚ ਥੋੜ੍ਹੀ ਸਾਕਾਰਾਤਮਕ ਹੋ ਜਾਵੇ — ਪਰ ਖੌਰੇ ਉਹ ਕਿਉਂ ਬੁਰਾ ਮੰਨ ਗਈ... ਇਸ ਦੇ ਬਾਵਜੂਦ ਉਨ੍ਹਾਂ ਨੇ ਕਦੇ ਉਹਦਾ ਬੁਰਾ ਨਹੀਂ ਸੋਚਿਆ, ਨਾ ਕਿਹਾ।

ਇਸ ਵਰ੍ਹੇ ਉਨ੍ਹਾਂ ਦੀ ਵਰ੍ਹੇ ਗੰਢ ਬਹੁਤ ਉਦਾਸ ਇਕੱਲੀ ਲੱਗੀ, ਪਿਛਲੇ ਸਾਲ ਦੇ ਜਸ਼ਨ ਦੇ ਮੁਕਾਬਲੇ 'ਤੇ — ਜਦ ਹਮੇਸ਼ਾ ਵਾਂਗ ਫੁੱਲਾਂ ਦੇ ਗੁੱਛਿਆਂ ਤੇ ਤੁਹਫ਼ੇ ਨੂੰ ਲੈ ਕੇ ਉਨ੍ਹਾਂ ਦੀ ਵਰ੍ਹੇ-ਗੰਢ ਤੇ ਗਈ — ਜਨਮ-ਦਿਨ ਮੁਬਾਰਕ ਕਿਹਾ — ਮੱਥੇ ਨੂੰ ਚੁੰਮਿਆ — ਉਨ੍ਹਾਂ ਦੇ ਸਿਰਹਾਣੇ ਫੁੱਲ ਰੱਖੇ — ਹਮੇਸ਼ਾ ਵਾਂਗ ਅੰਮ੍ਰਿਤਾ ਜੀ ਨੇ ਇਮਰੋਜ਼ ਜੀ ਨੂੰ ਆਵਾਜ਼ ਮਾਰ ਕਿਹਾ — ਈਮਾ, ਇਨ੍ਹਾਂ ਨੂੰ ਫੁੱਲਦਾਨ ਵਿੱਚ ਲਗਾ ਦਿਓ ਤੇ ਕੁਝ ਹੇਠਾਂ ਬੱਚਿਆਂ ਨੂੰ ਦੇ ਦਿਓ। ਉਨ੍ਹਾਂ ਦੇ ਹੱਥ ਤੁਹਫ਼ਾ ਰੱਖਿਆ। ਉਨ੍ਹਾਂ ਦੀ ਥੱਕੀ ਹੋਈ ਆਵਾਜ਼ ਗੂੰਜੀ — 'ਦੁਆ ਕਰ ਜਾਂ ਤਾਂ ਆਪਣੇ ਪੈਰਾਂ ਤੇ ਚਲ ਸਕਾਂ ਜਾਂ ਫਿਰ ਇਸ ਦਰਦ ਦੀ ਇੰਤਹਾ — ਮੈਂ ਕੰਬ ਕੇ ਉਨ੍ਹਾਂ ਦੇ ਬੁੱਲਾਂ ਤੇ ਹੱਥ ਧਰ ਦਿੱਤਾ — ਦੀਦਾ ਕਰਿਸ਼ਮਾ ਵੀ ਹੋ ਸਕਦਾ ਹੈ — ਰੱਬ ਕਰੇ ਤੁਸੀਂ ਛੇਤੀ ਠੀਕ ਹੋਵੋ ਤੇ ਤੁਹਾਨੂੰ ਤੁਰਦੇ-ਫਿਰਦੇ ਵੇਖਣ ਦੀ ਖੁਸ਼ੀ ਲੈ ਸਕਾਂ। ਜਲੰਧਰ ਤੋਂ ਰਮੇਸ਼ ਸ਼ਰਮਾ ਦਾ 'ਜਨਮ ਦਿਨ ਮੁਬਾਰਕ' ਕਹਿੰਦਾ ਫ਼ੋਨ ਆਇਆ। ਅੰਮ੍ਰਿਤਾ ਜੀ ਆਪਣੀ ਪੀੜ-ਉਦਾਸੀ ਨੂੰ ਭੁੱਲ ਉਸ ਤੋਂ ਪੁੱਛ ਰਹੇ — ਤੂੰ ਜਲੰਧਰ ਕਿਦਾਂ ਪਹੁੰਚ ਗਿਆ ? ਏਨੇ 'ਚ ਹਿੰਦੀ-ਅੰਗਰੇਜ਼ੀ ਸ਼ਾਇਰਾ

ਉਮਾ ਤ੍ਰਿਲੋਕ ਆਪਣੇ ਖਾਵੰਦ ਨਾਲ ਤਸ਼ਰੀਫ਼ ਲੈ ਆਈ। ਉਹਦੇ ਹੱਥਾਂ ਵਿੱਚ ਨਿੱਕੇ ਜਿਹੇ ਗੋਲਡਨ ਚਤੁਰਥੀ ਵੀ ਹਨ। ਮੈਨੂੰ ਪਿਛਲੇ ਵਰ੍ਹੇ ਦੀ 31 ਅਗਸਤ ਧਿਆਨ ਵਿੱਚ ਆਈ — ਅਜੀਬ ਸੰਜੋਗ ਹੈ — ਉਨ੍ਹਾਂ ਦੇ ਪਿਛਲੇ ਜਨਮਦਿਨ ਤੇ ਮੈਂ ਉਨ੍ਹਾਂ ਨੂੰ ਇਸ ਤੋਂ ਤਿਗੁਣੇ ਆਕਾਰ ਦੇ ਇਹੀ ਗਣੇਸ਼ ਜੀ ਦਿੱਤੇ ਸਨ —ਪਰ ਉਦੋਂ ਜਨਮਾਸ਼ਟਮੀ ਸੀ ਤੇ ਸਬਬ ਇਹ ਸੀ ਕਿ ਜਨਮਾਸ਼ਟਮੀ ਵਾਲੇ ਦਿਨ ਅੰਮ੍ਰਿਤਾ ਜੀ ਦੇ ਸਾਈਂ ਕਾਕਾ ਦਾ ਜਨਮ ਹੋਇਆ ਸੀ, ਇਸ ਲਈ ਉਹ ਹਰ ਜਨਮ ਅਸ਼ਟਮੀ 'ਤੇ ਆਪਣੀ ਵਰ੍ਹੇ-ਗੰਢ ਮਨਾਉਂਦੇ ਹਨ ਤੇ ਪਿਛਲੇ ਵਰ੍ਹੇ ਜਨਮਾਸ਼ਟਮੀ 31 ਅਗਸਤ ਦੀ ਪਈ — ਸੋ ਉਸ ਵਰ੍ਹੇ ਕਾਕਾ ਦਾ ਵੀ ਉਸੇ ਦਿਨ ਦਾ ਜਨਮ ਦਿਨ ਹੋ ਗਿਆ — ਜਿਸ ਦਿਨ ਅੰਮ੍ਰਿਤਾ ਜੀ ਦਾ ਜਨਮ ਦਿਨ ਹੁੰਦਾ ਹੈ। ਉਹ ਕਈ ਦਿਨ ਪਹਿਲਾਂ ਬੱਚਿਆਂ ਵਰਗੇ ਮਾਸੂਮ ਉਮਾਹ ਨਾਲ ਭਰੇ ਰਹੇ। ਮੈਨੂੰ ਚੰਗੀ ਤਰ੍ਹਾਂ ਯਾਦ ਏ 30 ਅਗਸਤ 2002 ਦੀ ਦੁਪਹਿਰ — ਜਦ ਮੈਂ ਲਲਾਰੀ ਦੀ ਦੁਕਾਨ ਤੇ ਖੜ੍ਹੀ ਚੁੰਨੀਆਂ ਦੇ ਰੰਗ ਵੇਖ ਰਹੀ — ਬੈਗ ਵਿੱਚ ਪਏ ਮੋਬਾਈਲ ਦੀ ਟ੍ਰਿਨ-ਟ੍ਰਿਨ ਹੋਈ। ਫ਼ੋਨ ਕੰਨਾਂ ਨਾਲ ਲਾਇਆ। ਅੰਮ੍ਰਿਤਾ ਜੀ ਦੀ ਖਿੜੀ ਹੋਈ ਅਵਾਜ਼ ਆਈ — ਅਮੀਆ ਕਲ੍ਹ ਸਵੇਰੇ 9 ਵਜੇ ਪਹੁੰਚ ਜਾਵੀਂ। ਸਾਈਂ ਕਾਕਾ ਦਾ ਜਨਮ ਦਿਨ ਏ। ਬਹੁਤ ਥੋੜੇ ਜਿਹੇ ਦੋਸਤਾਂ ਨੂੰ ਸੱਦਾ ਦਿੱਤਾ ਹੈ। ਮੇਰੀ ਤਬੀਅਤ-ਚ ਠੀਕ ਨਹੀਂ ਰਹਿੰਦੀ। ਮੇਰੇ ਧਿਆਨ ਵਿੱਚ ਤਾਂ ਮੇਰੀ ਅੰਮ੍ਰਿਤਾ ਦਾ ਜਨਮਦਿਨ...ਸੋ ਢੇਰ ਸਾਰੇ ਸੂਰਜਮੁਖੀ ਫੁੱਲ੍ਹਾਂ ਦੇ ਨਾਲ — ਆਰਚੀ ਦੀਆਂ ਕਈ ਦੁਕਾਨਾਂ ਘੁੰਮ ਕੇ ਆਪਣੀ ਪਸੰਦ ਦੀ ਮੁਦਰਾ ਦੇ ਗਣੇਸ਼ ਜੀ ਖ਼ਰੀਦੇ। ਆਲੇ-ਦੁਆਲੇ ਲੱਗੇ ਨਗ ਚਮਕਦੇ। ਜਦ ਉਨ੍ਹਾਂ ਦੇ ਘਰ ਗਈ। ਉਨ੍ਹਾਂ ਨੂੰ ਜਨਮ ਦਿਨ ਮੁਬਾਰਕ ਕਿਹਾ — ਉਨ੍ਹਾਂ ਦੇ ਹੱਥਾਂ ਵਿੱਚ ਉਹ ਫੁੱਲਾਂ ਦਾ ਗੁੱਛਾ ਫੜਾਇਆ। ਪਰ ਜਦ ਉਨ੍ਹਾਂ ਨੂੰ ਗਣੇਸ਼ ਜੀ ਦੇਣ ਲੱਗੀ — ਕਹਿਣ ਲੱਗੇ — ਨਹੀਂ ਇਹ ਸਾਈਂ ਕਾਕਾ ਦੇ ਆਉਣ ਤੇ ਉਨ੍ਹਾਂ ਨੂੰ ਹੀ ਦੇਵੀਂ। ਉਸ ਵੇਲੇ ਤੀਕ ਰਾਜੇਸ਼, ਅਸਮਾ, ਦੇਵਿੰਦਰ, ਅਲਕਾ, ਕੰਦਲਾ, ਨੂਰੀ, ਮੋਹਨਜੀਤ, ਕਮਲੇਸ਼ਵਰ ਆਪਣੀ ਹਾਜ਼ਰੀ ਭਰ ਰਹੇ ਸਨ। ਸਾਈਂ ਕਾਕਾ ਆਏ — ਇਕ ਅਨੋਖੇ ਅੰਦਾਜ਼ ਵਿੱਚ, ਉਨ੍ਹਾਂ ਦੇ ਸ਼ਾਗਿਰਦਾਂ ਨੇ ਉਨ੍ਹਾ ਨੂੰ ਜਨਮ ਦਿਨ ਮੁਬਾਰਕ ਕੀਤਾ। ਉਹ ਮੁੱਖ ਦਰਵਾਜ਼ੇ ਤੋਂ ਅੰਮ੍ਰਿਤਾ ਜੀ ਦੇ ਕਮਰੇ ਤੀਕ ਸਾਈਂ ਕਾਕਾ ਦੇ ਸਿਰ, ਮੋਢਿਆਂ ਤੇ ਗੁਲਾਬ ਅਤੇ ਗੇਂਦੇ ਦੀਆਂ ਪੰਖੜੀਆਂ ਦਾ ਸੇਟ ਕਰਦੇ ਗਏ। ਸਾਈਂ ਕਾਕਾ ਜਦ ਅੰਮ੍ਰਿਤਾ ਜੀ ਦੇ ਨੇੜੇ ਬੈਠੇ — ਅੰਮ੍ਰਿਤਾ ਜੀ ਦੇ ਇਸ਼ਾਰੇ 'ਤੇ ਮੈਂ ਉਹ ਤੁਹਫ਼ਾ ਕਢਿਆ ਤਾਂ ਜਾਪਿਆ ਜਿਵੇਂ ਗਣੇਸ਼ ਦਾ ਰੂਪ ਧਾਰ ਕ੍ਰਿਸ਼ਨ ਜੀ ਵੀ ਉਨ੍ਹਾਂ ਨਾਲ ਬੈਠ ਗਏ। ਇਨ੍ਹਾਂ ਤਿੰਨ ਅਜੀਮ ਹਸਤੀਆਂ ਦਾ ਇਕੋ ਦਿਨ ਜਨਮ ਦਿਹਾੜਾ ਆਉਣ 'ਤੇ ਸਿਜਦੇ ਵਿੱਚ ਸਿਰ ਝੁਕ ਗਿਆ। ਸਾਈਂ ਕਾਕਾ ਮੇਰੇ ਹੱਥੋਂ ਉਹ ਗਣੇਸ਼ ਦੀ ਮੂਰਤੀ ਲੈ ਅੰਮ੍ਰਿਤਾ ਜੀ ਅੱਗੇ ਤੁਹਫ਼ੇ ਵਾਂਗ ਕਰਦਿਆਂ ਮੇਰੇ ਵੱਲ ਹੱਸ ਕੇ ਵੇਖਦੇ ਕਹਿਣ ਲੱਗੇ, ''ਦੇਖੋ ਆਪ ਕਾ ਲਾਇਆ ਤੁਹਫ਼ਾ ਮੈਂ ਅੰਮ੍ਰਿਤਾ ਜੀ ਕੋ ਭੇਂਟ ਕਰ ਰਹਾ ਹੂੰ। ਰਾਜੇਸ਼ ਤੇ ਅਸਮਾ ਨੇ ਗੇਂਦੇ-ਗੁਲਾਬ ਦੇ ਫੁੱਲਾਂ ਦੇ ਹਾਰ ਅੰਮ੍ਰਿਤਾ ਜੀ ਅਤੇ ਸਾਈਂ ਕਾਕਾ ਦੇ ਗਲੇ ਵਿੱਚ ਪਾ ਦਿੱਤੇ। ਅੰਮ੍ਰਿਤਾ ਜੀ ਨੇ ਆਪਣੇ ਗਲੇ ਦਾ ਹਾਰ ਲਾਹ ਕੇ, ਹੱਸਦੇ ਹੋਏ ਇਹ ਕਹਿ ਕੇ ਮੇਰੇ ਗਲ ਵਿੱਚ ਪਾ ਦਿੱਤਾ ਕਿ ਇਹ ਹਾਰ ਤਾਂ ਦੋਸਤਾਂ ਦੇ ਗਲੇ ਵਿੱਚ ਸੋਭਦੇ ਹਨ। ਸੱਚਮੁੱਚ ਇਹ ਕਿੰਨੀ ਵੱਡਿਤਣ ਹੈ — ਕਿਣਕੇ ਨੂੰ ਵੀ ਅਹਿਮੀਅਤ ਦੇਣਾ, ਅਦਨਾ ਜਿਹੇ ਇਨਸਾਨ ਨੂੰ ਵੀ ਅਜੀਮ

ਪਛਾਣ ਦੇਣੀ। ਇਹ ਸਭ ਛਿਣ ਕੈਮਰੇ ਦੀ ਅੱਖ ਨੇ ਬੋਚ ਲਏ ਤੇ ਉਹ ਯਾਦਗਾਰੀ ਤਸਵੀਰਾਂ ਮੇਰੀਆਂ ਯਾਦਾਂ ਦੀ ਅਮੁੱਲ ਪਟਾਰੀ ਨੇ ਸਾਂਭ ਲਈਆਂ।

ਜਨਮਦਿਨ ਤੋਂ ਕੁਝ ਦਿਨ ਪਹਿਲਾਂ 11 ਅਗਸਤ ਨੂੰ ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਵੱਲੋਂ (ਜਿਹਦੇ ਪ੍ਰਧਾਨ ਸਾਹਿਤਕਾਰ ਕਰਤਾਰ ਸਿੰਘ ਦੁੱਗਲ, ਚੇਅਰਮੈਨ ਭਾਪਾ ਪ੍ਰੀਤਮ ਸਿੰਘ ਹਨ) ਅੰਮ੍ਰਿਤਾ ਜੀ ਨੂੰ ਵਿਸ਼ੇਸ਼ ਫੈਲੋਸ਼ਿਪ ਪ੍ਰਦਾਨ ਕੀਤੀ ਗਈ। 10 ਅਗਸਤ ਇਮਰੋਜ਼ ਜੀ ਦਾ ਫ਼ੋਨ ਆਇਆ, ਕਲ੍ਹ ਸਵੇਰੇ ਅੰਮ੍ਰਿਤਾ ਨੂੰ ਫੈਲੋਸ਼ਿਪ ਪ੍ਰਦਾਨ ਕਰਨ ਭਾਪਾ ਪ੍ਰੀਤਮ ਸਿੰਘ, ਖਜ਼ਾਨਚੀ ਚਰਨਜੀਤ ਸਿੰਘ ਚੰਨ ਅਤੇ ਜਨਰਲ ਸਕੱਤਰ ਰੇਣੂਕਾ ਸਿੰਘ ਆ ਰਹੇ ਹਨ – ਇਹ ਤਿੰਨ ਹੀ ਹਨ – ਚੌਥੀ ਤੂੰ ਆ ਜਾਵੀਂ। ਸੱਗਣ ਹੋ ਜਾਵੇਗਾ। ਸਚਮੁੱਚ ਅੰਮ੍ਰਿਤਾ ਜੀ ਸਾਡੇ ਸਮਿਆਂ ਦਾ ਮਾਣ ਹਨ, ਸਾਡੇ ਜਨਮਾਂ ਦਾ ਹਾਸਿਲ ਹਨ। ਇਹ ਸੋਚ ਕੇ ਬਹੁਤ-ਬਹੁਤ ਫ਼ਖਰ ਮਹਿਸੂਸ ਹੁੰਦਾ ਹੈ ਕਿ ਅਸੀਂ ਉਸ ਸਦੀ ਵਿੱਚ ਜੀ ਰਹੇ ਹਾਂ, ਜਿਸ ਸਦੀ ਨੂੰ ਅੰਮ੍ਰਿਤਾ ਵਰਗੀ ਨਿਆਮਤ ਮਿਲੀ ਹੈ। ਉਸ ਹਵਾ ਵਿੱਚ ਸਾਹ ਲੈ ਰਹੇ ਹਾਂ, ਜਿਹੜੀ ਅੰਮ੍ਰਿਤਾ ਦੇ ਸਾਹਵਾਂ ਨੂੰ ਛੋਹ ਕੇ ਆਉਂਦੀ ਹੈ – ਹੌਜ਼ ਖ਼ਾਸ ਦਾ ਨਾਂ ਅੰਮ੍ਰਿਤਾ ਪ੍ਰੀਤਮ ਦਾ ਸਮਭਾਵੀ ਬਣ ਚੁੱਕਿਆ ਹੈ – ਉਸ ਥਾਂ ਤੋਂ ਲੰਘਦੇ ਖ਼ੁਦ-ਬ-ਖ਼ੁਦ ਸਜਦੇ ਵਿੱਚ ਸਿਰ ਨਿਵ ਜਾਂਦਾ ਹੈ – ਇਕ ਨਿੱਘੀ ਮਹਿਸੂਸਣੀ ਜ਼ਿਹਨ ਤੇ ਤਾਰੀ ਹੋ ਜਾਂਦੀ ਹੈ ਕਿ ਇੱਥੇ ਇਸ ਸਦੀ ਦੀ ਮਹਾਨ ਸ਼ਾਇਰਾ ਅੰਮ੍ਰਿਤਾ ਪ੍ਰੀਤਮ ਰਹਿੰਦੀ ਹੈ – ਜਿਸਨੇ ਸਿਰਫ਼ ਪੰਜਾਬੀ ਵਿੱਚ ਹੀ ਨਾਂ ਨਹੀਂ ਕਮਾਇਆ – ਪੰਜਾਬ, ਦਿੱਲੀ ਜਾਂ ਭਾਰਤ ਵਿੱਚ ਹੀ ਨਹੀ ਜਾਣੀ ਜਾਂਦੀ ਸਗੋਂ ਹਰ ਭਾਸ਼ਾ, ਹਰ ਸ਼ਹਿਰ, ਹਰ ਦੇਸ ਵਿੱਚ ਇਹ ਨਾਂ ਲੈਂਦਿਆਂ ਹੀ ਪੜ੍ਹੇ-ਲਿਖੇ ਵਰਗ ਜਾਂ ਸਾਹਿਤਕਾਰ ਹੀ ਨਹੀਂ, ਆਮ ਸਧਾਰਨ ਇਨਸਾਨ ਦੇ ਚਿਹਰੇ ਤੇ ਵੀ ਪਛਾਣ ਭਰੀ ਮੁਸਕੜੀ ਆ ਜਾਂਦੀ ਹੈ। ਸਾਡੀ ਇਸ ਮਹਾਨ ਸ਼ਾਇਰਾ ਨੂੰ ਸਮੇਂ-ਸਮੇਂ 'ਤੇ ਵੱਡੇ ਸਨਮਾਨਾਂ, ਅਹੁਦਿਆਂ ਤੇ ਡਿਗਰੀਆਂ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਉੱਤੇ ਪਾਠਕਾਂ ਦਾ ਜਿੰਨਾ ਭਰਵਾਂ ਹੁੰਗਾਰਾ ਉਨ੍ਹਾਂ ਨੂੰ ਮਿਲਿਆ ਹੈ ਉਨਾ ਇਕ ਅੱਧ ਭਾਰਤੀ ਲੇਖਕ ਦੇ ਹਿੱਸੇ ਹੀ ਆਇਆ ਹੈ। ਪੰਜਾਬੀ ਦੀ ਤਾਂ ਉਹ ਇਕਲੌਤੀ ਲੇਖਕਾ ਹੈ ਜਿਸਨੇ ਪਾਠਕਾਂ ਤੋਂ ਇੰਨਾ ਪਿਆਰ ਖੱਟਿਆ ਹੈ।

ਪਿੱਛੇ ਜਿਹੇ ਕਾਫ਼ੀ ਦਿਨ ਅੰਮ੍ਰਿਤਾ ਜੀ ਵੱਲ ਜਾਣਾ ਨਹੀਂ ਹੋ ਸਕਿਆ। ਲਗਪਗ ਦਸ ਦਿਨਾਂ ਮਗਰੋਂ ਜਦ ਉਨ੍ਹਾਂ ਵੱਲ ਗਈ ਤਾਂ ਕਹਿਣ ਲੱਗੇ – ਮੈਂ ਸੋਚਿਆ ਮੈਂ ਵੀ ਨਹੀਂ ਫ਼ੋਨ ਕਰ ਬੁਲਾਣਾ ਕਿਸੇ ਅਮਰਜੀਤ ਨੂੰ – ਮੈਂ ਹੱਸ ਪਈ – ਦੀਦਾ, ਇਹ ਨਹੀ ਮੈਂ ਤੁਹਾਨੂੰ ਯਾਦ ਨਹੀਂ ਕਰਦੀ – ਬਸ ਕਦੇ-ਕਦਾਈਂ ਦੁਨੀਆਦਾਰੀ ਦੇ ਖਲਜਗਨਾਂ, ਨੌਕਰੀ ਦੀਆਂ ਖੁਆਰੀਆਂ, ਪਰਿਵਾਰਕ ਝਮੇਲਿਆਂ 'ਚ ਫਸ ਕੇ ਰਹਿ ਜਾਂਦੀ ਹਾਂ। ਅਜਿਹੇ ਵੇਲੇ ਮੈਂ ਅਕਸਰ ਬੁੱਲ੍ਹਾਂ ਅੰਦਰ ਇਹ ਸ਼ਿਅਰ ਫੁਸ਼ਫੁਸਾਉਂਦੀ ਹਾਂ – ਗੋ ਮੈਂ ਰਹਾ ਰਹੀਨੇ-ਸਿਤਮ, ਹਾਇ ਰੋਜ਼ਗਾਰ ! ਲੇਕਿਨ ਤੇਰੇ ਖ਼ਿਆਲ ਸੇ ਗਾਫ਼ਿਲ ਨਹੀਂ ਰਹਾ। ਇਹ ਵੇਖੋ ਪਿਛਲੇ 6-7 ਦਿਨਾਂ ਤੋਂ ਇਸ ਕਵਿਤਾ ਦੀ ਸਿਰਜਣਾ 'ਚ ਰੁੱਝੀ ਹੋਈ ਸਾਂ – ਉਨ੍ਹਾਂ ਨੂੰ ਕਵਿਤਾ ਸੁਣਾਈ "ਅੰਮ੍ਰਿਤਾ ਕਹਿੰਦੀ ਹੈ" ਕੋਲ ਬੈਠੇ ਇਮਰੋਜ਼ ਜੀ ਹੁੰਗਾਰਾ ਭਰ ਰਹੇ – ਕਵਿਤਾ ਖ਼ਤਮ ਕੀਤੀ ਤਾਂ ਵੇਖਿਆ ਅਲਕਾ ਦੀਆਂ ਅੱਖਾਂ ਵਿੱਚੋਂ ਟੱਪ-ਟੱਪ ਹੰਝੂ ਡਿਗ ਰਹੇ – ਪੁੱਛਣ 'ਤੇ ਆਲੇ-ਟੇਲੇ ਕਰਨ ਲੱਗੀ – ਅੰਮ੍ਰਿਤਾ ਜੀ ਨੇ

ਉਹਨੂੰ ਨੇੜੇ ਬਿਠਾਇਆ — ਕੀ ਹੋਇਆ ਅਲਕਾ ? — ਅਥਰੂਆਂ ਭਰਿਆ ਹਾਸਾ ਹੱਸਦੀ ਅਲਕਾ ਕਹਿਣ ਲੱਗੀ — ਇਹ ਕਵਿਤਾ ਸੁਣ ਰੋਣ ਆ ਗਿਆ। ਇਹ ਕਵਿਤਾ ਔਰਤਜਾਤ ਦੇ ਘਰ ਦੇ ਸੰਕਲਪ ਨਾਲ ਜੁੜੀ ਹੈ — ਜਿਸ ਵਿੱਚ ਜ਼ਿੰਦਗੀ ਕੱਟਦੇ, ਉਸ ਨੂੰ ਬਣਾਉਂਦੇ ਉਹ ਪੂਰੀ ਉਮਰ ਲਾ ਦਿੰਦੀ ਹੈ ਪਰ ਉਹ ਕਿੰਨਾ-ਕੁ ਉਹਦਾ ਆਪਣਾ ਹੁੰਦਾ ਹੈ ਤੇ ਕਿਸ ਤਰ੍ਹਾਂ ਦੇ ਅਹਿਸਾਸਾਂ ਵਿੱਚੋਂ ਉਹ ਲੰਘਦੀ ਹੈ, ਉਸੀ ਆਪਣੇ ਘਰ ਨੂੰ ਉਸਾਰਨ ਦਾ ਤਰੱਦਦ ਇਸ ਲੰਮੀ ਕਵਿਤਾ ਵਿੱਚ ਪੇਸ਼ ਹੋਇਆ ਹੈ। ਖ਼ੈਰ ਇਸ ਵੇਲੇ ਅੰਮ੍ਰਿਤਾ ਜੀ ਤੋਂ ਮਿਲੇ ਗਹਿਣਿਆਂ ਨੈਕਲੇਸ, ਝੁਮਕੇ, ਬ੍ਰੇਸਲੇਟ ਪਹਿਨੇ ਇਸ ਦਿਵਾਲੀ 'ਤੇ ਉਨ੍ਹਾਂ ਵੱਲੋਂ ਮਿਲੀ ਲਾਲ ਫੁਲਕਾਰੀ ਨੂੰ ਵਲ੍ਹੇਟੇ ਯਾਦਾਂ ਦੀ ਪਟਾਰੀ 'ਚੋਂ ਕੁਝ ਯਾਦਾਂ ਦੇ ਮੋਤੀ ਕੱਢ ਤੁਹਾਡੇ ਹਵਾਲੇ ਕਰ ਰਹੀ ਹਾਂ। ਰਵਿੰਦਰ ਨੰਦਾ ਦਾ ਸ਼ੁਕਰੀਆ ਕਰਨਾ ਬਣਦਾ ਹੈ — ਉਹਨੇ ਬਾਰ-ਬਾਰ ਫ਼ੋਨ 'ਤੇ ਇਸਰਾਰ ਕਰ ਮੇਰੇ ਤੋਂ ਜ਼ਬਰਨ ਇਹ ਲੇਖ ਲਿਖਵਾ ਲਿਆ ਹੈ — ਵਰਨਾ ਇਸੀ ਭੱਜ-ਦੌੜ 'ਚ ਜ਼ਿੰਦਗੀ ਜੀਵੀ ਜਾ ਰਹੀ ਸੀ — ਆਓ ਮਿਲ ਕੇ ਦੁਆ ਕਰੀਏ — ਪਰਵਰਦਿਗਾਰ, ਉਨ੍ਹਾਂ ਨੂੰ ਲੰਮੀ ਤੰਦਰੁਸਤ ਜ਼ਿੰਦਗੀ ਦੇਵੇ — ਸਰੀਰਕ ਤਕਲੀਫ਼ਾਂ, ਮਾਨਸਿਕ ਦੁੱਖਾਂ ਤੋਂ ਪਰੇ — ਆਮੀਨ !

# ਪੀੜ ਛੇਵੀਂ ਧੀ ਦੀ

ਕਹਾਣੀਕਾਰ ਜਸਬੀਰ ਭੁੱਲਰ ਵੱਲੋਂ ਸੰਪਾਦਿਤ ਪੁਸਤਕ 'ਨਮ ਸ਼ਬਦਾਂ ਦੀ ਆਬਸਾਰ' ਵਿਚ ਇਮਰੋਜ਼ ਦਾ ਇਕ ਲੇਖ ਹੈ – 'ਬੇਗਾਨੀਆਂ ਧੀਆਂ ਦਾ ਬਾਬਲ'। ਇਸ ਵਿਚ ਉਨ੍ਹਾਂ ਨੇ ਅੰਮ੍ਰਿਤਾ ਜੀ ਦੀਆਂ ਉਨ੍ਹਾਂ ਧੀਆਂ ਦੀ ਗੱਲ ਕੀਤੀ ਹੈ, ਜਿਨ੍ਹਾਂ ਦੀ ਗਿਣਤੀ ਬਹੁਤ ਖ਼ੂਬਸੂਰਤ ਅੰਦਾਜ਼ ਨਾਲ ਸ਼ੁਰੂ ਹੁੰਦੀ ਹੈ, ''...ਅੰਮ੍ਰਿਤਾ ਕੋਈ ਗਹਿਣਾ ਪਾਉਂਦੀ ਨਹੀਂ, ਪਰ ਖਰੀਦਦੀ ਬੜੇ ਹੈ ਅਤੇ ਪੁਰਾਣਾ ਜਿਊਲਰ ਜਦੋਂ ਹੱਸਦਾ ਹੈ ਤਾਂ ਉਹ ਕਹਿੰਦੀ ਹੈ, ''ਮੇਰੀਆਂ ਬੜੀਆਂ ਧੀਆਂ ਨੇ। ਇਕ ਧੀ ਤੇ ਅੱਗੋਂ ਉਹਦੀ ਧੀ। ਇਕ ਨੂੰਹ-ਧੀ ਤੇ ਅੱਗੋਂ ਉਹਦੀ ਧੀ। ਪੰਜਵੀਂ ਉਹ ਜਿਹਨੇ ਮੇਰੇ ਲਈ ਡਾਕਟਰਾਂ ਕੋਲ ਜਾ ਕੇ ਐਕੂਪ੍ਰੈਸ਼ਰ ਦੀ ਸਿਖਲਾਈ ਲਈ। ਇਕ ਛੇਵੀਂ ਜਿਹੜੀ ਮੇਰਾ ਸਾਰਾ ਲਿਖਿਆ ਹਿੰਦੀ ਲਿੱਪੀ ਵਿਚ ਉਲਥਾ ਦਿੰਦੀ ਹੈ ਤੇ ਇਕ ਸਤਵੀਂ...''

ਇਹ ਪੜ੍ਹ ਕੇ ਅੰਮ੍ਰਿਤਾ ਜੀ ਦੀ ਮੋਹ ਭਰੀ ਸੋਚ ਨੂੰ ਬੇਸਾਖ਼ਤਾ ਸਲਾਮ ਕਰਨ ਨੂੰ ਜੀਅ ਚਾਹਿਆ। ਪਹਿਲੀਆਂ ਚਾਰ ਤਾਂ ਘਰ ਦੀਆਂ ਹੋ ਗਈਆਂ। ਪੰਜਵੀਂ ਇਕ ਗ਼ਲਤ ਜਿਹਾ ਵਿਆਹ ਕਰ ਦੂਜੇ ਸ਼ਹਿਰ ਰਹਿ ਰਹੀ ਸੀ ਤੇ ਮਿਲਣੋਂ ਵੀ ਰਹਿ ਗਈ ਸੀ ਅਤੇ ਛੇਵੀਂ ਮੈਂ, ਜੋ ਪਿਛਲੇ 16-17 ਸਾਲਾਂ ਤੋਂ ਉਨ੍ਹਾਂ ਦੇ ਅਨੁਵਾਦ ਕਾਰਜ ਨਾਲ ਜੁੜੀ ਸੀ। ਉਦੋਂ ਤੋਂ ਅੰਮ੍ਰਿਤਾ ਜੀ ਵਲ ਲਗਾਤਾਰ ਜਾਣਾ ਹੁੰਦਾ ਰਿਹਾ। ਕਦੇ ਕਦੇ ਤਾਂ ਸਵੇਰੇ ਸ਼ਾਮ, ਖ਼ਾਸ ਤੌਰ 'ਤੇ ਜਦੋਂ ਜ਼ਿਆਦਾ ਤਬੀਅਤ 'ਖ਼ਰਾਬ ਹੋਣ' ਤੇ ਉਹ ਅਪੋਲੋ ਹਸਪਤਾਲ, ਚੋਪੜਾ ਨਰਸਿੰਗ ਹੋਮ ਜਾਂ ਫਿਰ ਆਰਥੋਨੋਵਾ ਹਸਪਤਾਲ ਵਿਚ ਦਾਖ਼ਲ ਹੋ ਜਾਂਦੇ ਸਨ। ਪਰ ਕਈ ਵਾਰ ਉਕਾਈ ਵੀ ਹੋ ਜਾਂਦੀ ਸੀ। ਪਿਛਲੇ ਦੋ-ਤਿੰਨ ਵਰ੍ਹਿਆਂ ਤੋਂ ਬਿਮਾਰੀ ਨਾਲ ਨਿਢਾਲ ਉਨ੍ਹਾਂ ਦੀ ਦੇਹੀ, ਥੱਕੀਆਂ ਉਨੀਂਦਰੀਆਂ ਅੱਖਾਂ ਤੇ ਕਮਜ਼ੋਰ ਚਿਹਰਾ ਹਰ ਵਾਰ ਉਨ੍ਹਾਂ ਅੱਗੇ ਮੈਥੋਂ ਵਾਅਦਾ ਕਰਾਉਂਦਾ ਕਿ ਮੈਂ ਆਪਣੇ ਫੇਰਿਆਂ ਦੀ ਗਿਣਤੀ ਹੋਰ ਵਧਾ ਲਵਾਂ। ਇਹ ਵਾਅਦਾ ਚਾਰ-ਪੰਜ ਦਿਨਾਂ ਤੱਕ ਹੀ ਯਾਦ ਰਹਿੰਦਾ। ਦੁਨਿਆਵੀ ਝਮੇਲੇ, ਪਰਿਵਾਰਕ ਰੁਝੇਵੇਂ ਤੇ ਨੌਕਰੀ ਦੇ ਖਲਜਗਣ ਸਾਹ ਹੀ ਕਿੱਥੇ ਲੈਣ ਦਿੰਦੇ ਨੇ! ਜੇ ਹਫਤਾ-ਦੋ ਹਫਤੇ ਲੰਘ ਜਾਂਦੇ ਤਾਂ ਅਚਾਨਕ ਸਤੀ ਸਵੇਰੀ ਫ਼ੋਨ ਉਤੇ ਉਨ੍ਹਾਂ ਦੀ ਸ਼ਿਕਾਇਤੀ ਆਵਾਜ਼ ਗੂੰਜਦੀ – 'ਕਿਥੇ ਰਹਿ ਗਈ ਉਹ ਰੋਜ਼-ਰੋਜ਼ ਆਉਣ ਵਾਲੀ ਕੁੜੀ ?' ਫਿਰ ਮੋਹ ਭਿੱਜੇ ਹੱਕ ਨਾਲ ਕਹਿੰਦੇ, 'ਅਮੀਆ, ਬਹੁਤੇ ਨਾਗੇ ਨਾ ਪਾਇਆ ਕਰ। ਮੈਂ ਹੁਣ ਬਹੁਤ ਚਿਰ...।' ਮੈਂ ਦਹਿਲ ਜਾਂਦੀ ਸਾਂ ਇਹ ਸ਼ਬਦ ਸੁਣ ਕੇ। ਸ਼ਰਮਿੰਦਗੀ ਵੀ ਹੁੰਦੀ ਸੀ ਤੇ ਨਾਲ ਹੀ ਫ਼ਖ਼ਰ ਵੀ ਕਿ ਮੈਂ ਉਨ੍ਹਾਂ ਦੇ ਦਿਲ ਵਿਚ ਕਿਤੇ ਥੋੜ੍ਹੀ ਜਿਹੀ ਥਾਂ ਰੱਖਦੀ ਹਾਂ।

ਫਿਰ ਉਨ੍ਹਾਂ ਦੀ ਬਿਮਾਰੀ ਬਹੁਤ ਵੱਧ ਗਈ। ਲੇਟੇ-ਲੇਟੇ ਦਿਲ ਢਾਹ ਬੈਠੇ। ਚਲਣੋਂ ਆਵਾਜ਼ਾਰ। ਤਕਲੀਫ, ਪੀੜ ਦਾ ਲੰਮਾ ਦੌਰ। ਕਦੇ ਕਹਿੰਦੇ, ਅਮੀਆ, ਰੱਬ ਨੂੰ ਕਹਿ ਮੈਨੂੰ ਛੇਤੀ ਚੁੱਕ ਲਵੇ। ਕਦੇ ਕਹਿੰਦੇ, ਜ਼ਹਿਰ ਕਿੱਥੋਂ ਮਿਲਦਾ ਹੈ ? ਅਤੇ ਕਦੇ, "ਮੈਂ ਕਦੋਂ ਮਰਾਂਗੀ ?" ਉਦੋਂ ਇਹ ਸੁਣ ਕੇ ਗੁੱਸਾ ਆਉਂਦਾ ਸੀ ਕਿ ਉਹ ਅਜਿਹੀਆਂ ਗੱਲਾਂ ਕਿਉਂ ਕਹਿੰਦੇ ਹਨ। ਹੁਣ ਜਾਪਦਾ ਹੈ ਕਿ ਉਹ ਸੱਚੇ ਸਨ। ਜਿਸਮਾਨੀ ਤਕਲੀਫ ਤਕੜੇ ਤੇ ਤਕੜੇ ਇਨਸਾਨ ਨੂੰ ਵੀ ਤੋੜ ਕੇ ਰੱਖ ਦਿੰਦੀ ਹੈ।

ਇਕ ਵਾਰ ਸਿਰਫ ਇਕ ਮਹੀਨੇ ਲਈ ਮੇਰਾ ਨਾਂ ਉਨ੍ਹਾਂ ਦੇ ਚੇਤਿਆਂ 'ਚੋਂ ਕਿਤੇ ਕਿਰ ਗਿਆ। ਮੈਨੂੰ ਬਹੁਤ ਤਕਲੀਫ ਹੋਈ। ਫਿਰ ਪਹਿਲੀ ਮਈ ਦੀ ਰਾਤ ਮੈਂ ਉਨ੍ਹਾਂ ਕੋਲ ਰਹੀ। ਉਨ੍ਹਾਂ ਨੇ ਕਈ ਵੇਰ ਮੇਰਾ ਨਾਂ ਲਿਆ। ਮੈਨੂੰ ਆਵਾਜ਼ ਦਿੱਤੀ। ਘੁੱਟਣ ਲਈ ਕਿਹਾ। ਪਰ ਇਹ ਸਭ ਕੁਝ ਮਸ਼ੀਨੀ ਤੇ ਅਚੇਤ ਆਦਤ ਜਾਪਿਆ। ਫਿਰ ਜਦੋਂ 26 ਮਈ ਨੂੰ ਮੇਰੇ ਉਨ੍ਹਾਂ ਦੇ ਨੇੜੇ ਜਾਂਦਿਆਂ ਹੀ ਉਨ੍ਹਾਂ ਨੇ ਮੇਰਾ ਨਾਂ ਲੈ ਕੇ ਮੈਨੂੰ ਬੁਲਾਇਆ ਤੇ ਇਕ ਅਨੋਖੇ ਮੋਹ ਤੇ ਪਿਆਰ ਨਾਲ ਮੈਨੂੰ ਸੰਬੋਧਨ ਕੀਤਾ ਤਾਂ ਮੈਂ ਸਾਰੀ ਦੀ ਸਾਰੀ ਇਕ ਅਦੁੱਤੀ ਜਜ਼ਬੇ ਵਿਚ ਭਿੱਜ ਗਈ। ਉਸੇ ਵੇਲੇ ਮੈਂ ਨਜ਼ਮ 'ਆਵਾਜ਼ਾਂ ਦੇ ਘੇਰੇ' ਲਿਖੀ।

ਪਿਛਲੇ ਸਾਲ ਉਹ ਆਪਣੇ (ਆਖਰੀ) ਕਾਵਿ-ਸੰਗ੍ਰਹਿ 'ਮੈਂ ਤੈਨੂੰ ਫੇਰ ਮਿਲਾਂਗੀ', ਜਿਸ ਵਿਚ ਕਵਿਤਾਵਾਂ ਦੇ ਨਾਲ ਨਾਲ ਸੁਪਨੇ ਵੀ ਦਰਜ ਹਨ (ਅਗਲੇ ਜਹਾਨ ਤੋਂ ਬਾਅਦ, ਅਗਲੇ ਜਨਮ ਇਮਰੋਜ਼ ਨੂੰ ਮਿਲਣ ਦੇ) ਦੇ ਅਨੁਵਾਦ ਵਿਚ ਰੁਚੀ ਲੈਂਦੇ ਰਹੇ। ਇਹ ਕਿਤਾਬ ਮੈਂ ਇਕ ਰਾਤ ਜਾਗ ਕੇ, ਸਿਰਫ਼ ਇਕ ਰਾਤ ਵਿਚ ਪੂਰੀ ਦੀ ਪੂਰੀ ਅਨੁਵਾਦ ਕੀਤੀ। ਗੁਰਮੁਖੀ ਤੋਂ ਦੇਵ ਨਾਗਰੀ ਵਿਚ। ਇਕੋ ਰਾਤ ਵਿਚ ਕਿਉਂ ? ਇਹ ਇਕ ਲੰਮੀ ਕਹਾਣੀ ਹੈ ਜਿਹਦੀ ਗੱਲ ਕਦੇ ਫੇਰ ਸਹੀ।

# ਯਾਦਾਂ ਦੀ ਚੰਗੇਰ

ਸਮਝ ਨਹੀਂ ਆਉਂਦੀ ਗੱਲ ਕਿਥੋਂ ਸ਼ੁਰੂ ਕਰਾਂ...ਮੇਰੇ ਸਾਹਵੇਂ ਪੂਰੀ ਛੌਪ ਪਈ ਏ...ਕਿਹੜੀ ਪੂਣੀ ਹੱਥ ਫੜਾਂ, ਸੂਤਰ ਕੱਤਾਂ, ਕਿਹੜੀ ਛੱਡਾਂ...ਅਜੀਬ ਦੁਚਿੱਤੀ ਦੀ ਅਵਸਥਾ ਏ – ਗੱਲ ਹੁਣ ਤੋਂ ਸ਼ੁਰੂ ਕਰਾਂ, ਕੱਲ੍ਹ ਤੋਂ...ਅੰਮ੍ਰਿਤਾ ਜੀ ਦੇ ਪਹਿਲੀ ਵਾਰ ਫੋਨ ਕਰਨ ਤੋਂ, ਮੁਲਾਕਾਤਾਂ ਦਾ ਸਿਲਸਿਲਾ ਬੱਝਣ ਤੋਂ, ਮੋਹ ਦਾ ਰਿਸ਼ਤਾ ਜੁੜਨ ਤੋਂ ਜਾਂ ਉਸ ਤੋਂ ਵੀ ਬਹੁਤ ਪਹਿਲਾਂ ਤੋਂ ਜਦ ਕਦੇ ਵਰ੍ਹੇ ਛਿਮਾਹੀ ਮੈਂ ਪ੍ਰਸ਼ੰਸਕ ਵਜੋਂ ਉਨ੍ਹਾਂ ਨੂੰ ਮਿਲਦੀ ਸਾਂ ਜਾਂ ਉਸ ਤੋਂ ਵੀ ਬਹੁਤ ਪਹਿਲਾਂ ਤੋਂ ਜਦੋਂ ਮੈਂ ਉਨ੍ਹਾਂ ਨੂੰ ਮਿਲੀ ਵੀ ਨਹੀਂ ਸਾਂ...।

ਇਹ ਯਾਦਾਂ ਦੀ ਪਿਛਲ-ਝਾਤ ਤਾਂ 31 ਅਕਤੂਬਰ ਦੀ ਦੁਪਹਿਰ ਦੇ 2.45 ਵਜਣ 'ਤੇ ਹੀ ਸ਼ੁਰੂ ਹੋ ਗਈ ਸੀ। ਵਿਗਿਆਨ ਭਵਨ ਬੈਠੀ ਸਾਂ – ਭਾਈ ਵੀਰ ਸਿੰਘ ਸਦਨ ਵੱਲੋਂ ਗੁਰੂ ਗ੍ਰੰਥ ਸਾਹਿਬ ਉੱਤੇ ਕਰਵਾਏ ਜਾ ਰਹੇ ਸੈਮੀਨਾਰ ਵਿੱਚ ਸ਼ਿਰਕਤ ਕਰਨ ਲਈ...ਕਿ ਮੋਬਾਇਲ ਦੀ ਟ੍ਰਿਨ-ਟ੍ਰਿਨ ਹੋਈ। ਦੂਜੇ ਪਾਸੇ ਸ਼ਾਇਰ ਮਨਮੋਹਨ ਸੀ, ਆਪਣੀ ਪੁਸਤਕ ਰਿਲੀਜ਼ 'ਤੇ ਆਉਣ ਦਾ ਸੱਦਾ ਦਿੰਦਾ...ਫਿਰ ਫੋਨ ਦੀ ਟ੍ਰਿਨ-ਟ੍ਰਿਨ ਹੋਈ। ਅਗਲੀਆਂ ਸੀਟਾਂ 'ਤੇ ਬੈਠੇ ਸਰੋਤੇ ਮੇਰੇ ਵਲ ਘੂਰਨ ਲੱਗੇ, ਝੱਟ ਫੋਨ ਬੰਦ ਕੀਤਾ – ਫੋਨ ਬੇਚੈਨੀ ਨਾਲ ਫਿਰ ਤੋਂ ਵੱਜਣ ਲੱਗਾ... ਅੱਗੋਂ ਦੀ ਹੁਕਮ ਹੋਇਆ, ਫੋਨ ਆਫ਼ ਕਰ ਦਿਓ...ਤੇ ਫੋਨ ਫਿਰ ਵੱਜ ਪਿਆ। ਮੈਂ ਉਨ੍ਹਾਂ ਵੱਲ ਮੋਬਾਇਲ ਵਧਾ ਦਿੱਤਾ, ਮੇਰੇ ਤੋਂ ਤਾਂ ਬੰਦ ਨਹੀਂ ਹੋ ਰਿਹਾ...ਜੇ ਤੁਸੀਂ ਹੀ...ਫੋਨ ਤਾਂ ਬੰਦ ਹੋ ਗਿਆ...ਪਰ ਫਿਰ ਦਸ ਮਿੰਟ ਬਹਿਣਾ ਔਖਾ ਹੋ ਗਿਆ। ਇੱਕ ਅਚਵੀਂ ਜਿਹੀ ਲੱਗ ਗਈ...ਅੰਦਰ ਜਿਵੇਂ ਖੋਹ ਪੈਣ ਲੱਗੀ...ਤੇ ਬਾਹਰ ਆਈ ਫੋਨ ਚਾਲੂ ਕੀਤਾ, ਵੇਖਿਆ-ਇਹ ਮਿਸ-ਕਾਲਾਂ ਅੰਮ੍ਰਿਤਾ ਜੀ ਦੇ ਘਰੋਂ ਸਨ – ਰੀਡਾਇਲ ਕੀਤਾ – ਦੂਜੇ ਪਾਸੇ ਇਮਰੋਜ਼ ਸਨ – 'ਅਮੀਆ ਕਿੱਥੇਂ ਵੇਂ' ਝੱਟ ਕਿਹਾ – ਵਿਗਿਆਨ ਭਵਨ ਹਾਂ। ਸ਼ਾਮੀਂ ਸਾਢੇ ਚਾਰ-ਪੰਜ ਵਜੇ ਅਹਿਮਦ ਸਲੀਮ ਨੂੰ ਲੈ ਕੇ ਤੁਹਾਡੇ ਵੱਲ ਆ ਰਹੀ ਹਾਂ...ਕਹਿਣ ਲੱਗੇ...'ਉਹ ਸਭ ਛੱਡ ਹੁਣੇ ਆ ਜਾ...ਅੰਮ੍ਰਿਤ ਪੂਰੀ ਹੋ ਗਈ ਏ'...ਲਗਿਆ ਦਿਲ...ਭੁੜਕ ਕੇ ਬਾਹਰ ਆ ਜਾਵੇਗਾ...ਹਾਲਾਂਕਿ ਕਿੰਨੇ ਦਿਨਾਂ ਤੋਂ ਇਨ੍ਹਾਂ ਸ਼ੰਕਿਆਂ, ਤੌਖਲਿਆਂ ਵਿੱਚ ਜੀਵਿਆ ਜਾ ਰਿਹਾ ਸੀ ਕਿ ਕਿਸੇ ਵੀ ਵੇਲੇ ਉਹ ਘੜੀ ਆ ਸਕਦੀ ਹੈ...ਪਰ ਅੰਮ੍ਰਿਤਾ ਅਧੂਰੀ ਕਿੱਥੇ ਸੀ ਜੋ ਅੱਜ ਪੂਰੀ ਹੋ ਗਈ...ਉਹ ਪੂਰੀ ਹੀ ਨਹੀਂ, ਸਗੋਂ ਦੂਣ-ਸਵਾਇਆ ਸੀ...ਹਾਂ, ਪਿਛਲੇ ਕੁਝ ਸਮੇਂ ਤੋਂ ਉਹ ਜ਼ਰੂਰ ਜਿਸਮ ਵੱਲੋਂ ਅੱਧੀ ਹੋਈ...ਹੌਲੀ ਹੌਲੀ ਨਿਰੀ ਰੂਹ ਬਣੀ...ਇਸ ਸੰਸਾਰ ਦੇ ਮੰਜੇ ਨਾਲ ਜੁੜੀ ਪਰ ਇੱਕ ਵੱਖਰੀ ਦੁਨੀਆ 'ਚ ਵਿਚਰਦੀ...ਖੌਰੇ ਹੁਣ ਵੀ ਗਿਆਨ ਗੰਜ ਗਈ ਹੋਵੇ, ਆਪਣੀ ਪਸੰਦ ਦੀਆਂ ਰੂਹਾਂ ਨਾਲ ਮਿਲਣ-ਗਿਲਣ...ਜਿਸਮ ਬੇਹਰਕਤ ਵੇਖ

ਕੇ ਇਹ ਸੋਚ ਲਿਆ ਹੋਵੇ ਕਿ ਉਹ ਨਹੀਂ ਰਹੀ...ਪਰ ਇਹ ਸਭ ਤਾਂ ਨਿਰੀ ਪਰਿਕਲਪਨਾ ਦੀ ਉਡਾਣ ਸੀ...।

ਅਹਿਮਦ ਸਲੀਮ ਨੂੰ ਖ਼ਬਰ ਦਿੱਤੀ...ਉਹ ਹੱਕਾ-ਬੱਕਾ ਮੇਰਾ ਚਿਹਰਾ ਵੇਖ ਰਿਹਾ...ਮੈਂ ਖ਼ੁਦ ਵੀ ਅਜੇ ਕਿੱਥੇ ਸੁਰਤ ਵਿੱਚ ਸਾਂ ? ਨਹੀਂ ਜਾਣਦੀ ਦੋ ਤਿੰਨ ਹੋਰ ਲਗਦਿਆਂ ਨੂੰ ਇਹ ਖ਼ਬਰ ਕਿਵੇਂ ਦਿੱਤੀ...ਹੇਠਾਂ ਆਈ—ਸਕੂਟਰ 'ਤੇ ਬੈਠ ਹੌਜ਼ ਖਾਸ ਚੱਲਣ ਲਈ ਕਿਹਾ ਤਾਂ ਅੱਥਰੂਆਂ ਨੇ ਸਾਥ ਛੱਡ ਦਿੱਤਾ...ਇਹ ਸਾਲ ਬਹੁਤ ਭਾਰੀ ਰਿਹਾ। ਇੱਕ ਪੇਕੇ ਘਰ ਵਿੱਚੋਂ ਛੇ ਮਹੀਨੇ ਪਹਿਲਾਂ ਮੇਰਾ ਬਾਬਲ ਸਦੀਵੀਂ ਵਿਛੋੜਾ ਦੇ ਗਿਆ...ਹੁਣ ਦੂਜੇ ਪੇਕੇ ਘਰ ਵਿੱਚੋਂ ਮੇਰੀ ਮਾਂ ਅੰਮ੍ਰਿਤਾ ਨਹੀਂ ਰਹੀ। ਸੱਚਮੁੱਚ ਇਸ ਘਰ ਨੇ ਮੈਨੂੰ ਧੀ ਦਾ ਦਰਜਾ ਦਿੱਤਾ ਹੈ, ਪਿਆਰ ਦਿੱਤਾ ਹੈ...ਤਿੱਥ-ਤਿਉਹਾਰਾਂ 'ਤੇ ਜਾਂ ਕਿਸੇ ਹੋਰ ਮੌਕੇ 'ਤੇ ਮਿਲਣ ਵਾਲੇ ਅਨੇਕਾਂ ਕੀਮਤੀ ਗਹਿਣੇ, ਤੋਹਫ਼ੇ ਮੇਰੇ ਨਿੱਕੇ ਜਿਹੇ ਅਜਾਇਬਘਰ ਦਾ ਸ਼ਿੰਗਾਰ ਹਨ — ਪੰਜਾਬੀ ਅਕਾਦਮੀ ਤੋਂ 11 ਲੱਖ ਦਾ ਇਨਾਮ ਮਿਲਣ 'ਤੇ...ਜਦੋਂ ਮੈਂ ਪਾਕਿਸਤਾਨ ਤੋਂ ਵਾਪਸ ਆ ਉਨ੍ਹਾਂ ਨੂੰ ਮਿਲਣ ਗਈ — ਉਨ੍ਹਾਂ ਦੇ ਕਹਿਣ 'ਤੇ ਅਲਕਾ ਨੇ ਅਲਮਾਰੀ 'ਚੋਂ ਇੱਕ ਥੈਲੀ ਕੱਢੀ...ਅੰਮ੍ਰਿਤਾ ਨੇ ਮੇਰੇ ਗਲੇ 'ਚ ਉਹ ਸੋਨੇ ਦਾ ਨੈਕਲੇਸ ਪਹਿਨਾਉਂਦਿਆਂ ਕਿਹਾ — ਤੇਰਾ ਨਿਉਂਦਰਾ। ਪੰਜਾਬ ਸਰਕਾਰ ਵੱਲੋਂ ਜਦੋਂ 15 ਲੱਖ ਮਿਲੇ ਤਾਂ ਮੇਰੇ ਸੋਨੇ ਦੇ ਝੁਮਕੇ...ਉਰਮਿਲਾ ਸ਼ਰਮਾ ਜਦ ਜੈਪੁਰ ਗਈ ਤਾਂ ਆਪਣੇ ਲਈ, ਬੇਟੀ ਤੇ ਬਹੂ ਲਈ ਸੁੱਚੇ ਮੋਤੀ ਦੀ ਮੁੰਦਰੀ ਮੰਗਵਾਈ ਤਾਂ ਨਾਲ ਮੇਰੀ ਵੀ ਆਈ...ਜੇ ਦਲੀਪ ਕੌਰ ਟਿਵਾਣਾ ਤੋਂ ਪਟਿਆਲੇ ਦੀਆਂ ਫੁਲਕਾਰੀਆਂ ਮੰਗਵਾਈਆਂ ਤਾਂ ਉਨ੍ਹਾਂ ਵਿੱਚ ਵੀ ਮੇਰਾ ਹਿੱਸਾ ਸੀ — ਕੋਈ ਬੁਲਗਾਰੀਆ ਦਾ ਬ੍ਰੈਸਲੇਟ ਤੇ ਕਿੰਨੇ ਹੀ ਸਲਵਾਰ, ਸੂਟ, ਸ਼ਾਲਾਂ, ਸਜਾਵਟੀ ਸ਼ੀਸ਼ਾ, ਕ੍ਰਾਕਰੀ, ਬੇਟੀ ਦੀਆਂ ਫ੍ਰੌਕਸਾਂ, ਖਿਡੌਣੇ, ਫੁੱਲਦਾਨ, ਅਗਰਬੱਤੀ ਸਟੈਂਡ, ਸੈਂਕੜੇ ਕਿਤਾਬਾਂ, ਜਿਨ੍ਹਾਂ ਵਿੱਚੋਂ ਕਈਆਂ 'ਤੇ 'ਮੇਰੀ ਅਮੀਆ ਨੂੰ', ਆਪਣੀ ਬਹੁਤ ਪਿਆਰੀ ਆਮੂ ਨੂੰ — ਅੰਮ੍ਰਿਤਾ ਵੱਲੋਂ...ਪੇਂਟਿੰਗਜ਼, ਬੂਟੇ ਹੋਰ ਕਿੰਨਾ ਹੀ ਨਿੱਕ-ਸੁੱਕ ਯਾਦਾਂ ਨੂੰ ਹਰ ਵੇਲੇ ਜ਼ਰਬ ਦਿੰਦਾ ਰਹਿੰਦਾ ਹੈ। ਪਿਛਲੇ ਦੋ ਸਾਲ ਤੋਂ ਇਹ ਜ਼ਿੰਮੇਵਾਰੀ ਇਮਰੋਜ਼ ਅਤੇ ਉਨ੍ਹਾਂ ਦੀ ਛੋਟੀ ਮਾਂ (ਅਲਕਾ) ਨੇ ਸਾਂਭ ਲਈ ਹੈ। ਕਿਤੇ ਬੈਠੀ ਹੋਵਾਂ — ਅਚਾਨਕ ਫੋਨ ਵੱਜਦਾ ਹੈ, 'ਅਮੀਆ ਥੋੜ੍ਹੀ ਦੇਰ ਲਈ ਲੰਘਦੇ ਹੋਏ ਆ ਜਾ, ਇੱਕ ਸਰਪ੍ਰਾਈਜ਼ ਹੈ' ਕਦੇ ਮੇਰੀ ਤੇ ਅੰਮ੍ਰਿਤਾ ਦੀ ਵੱਡੀ ਕਰਾਈ ਫੋਟੋ ਦੇ ਨਾਲ ਛੋਟੀਆਂ ਲਾਚੀਆਂ ਤੇ ਲੌਂਗ ਦੀਆਂ ਗੁੰਦੀਆਂ ਖੁਸ਼ਬੋ ਛੱਡ ਰਹੀਆਂ ਤੇ ਛੋਟੀ ਮਾਂ (ਅਲਕਾ ਨੂੰ ਇਹ ਨਾਂਅ ਇਮਰੋਜ਼ ਹੁਰਾਂ ਦਿੱਤਾ ਹੈ)। ਦੀਵਾਲੀ ਦੇ ਮੌਕੇ (ਪਿਛਲੀ) ਮੇਰੀ ਸ਼ਾਲ, (ਸਰਦੀਆਂ 'ਚ ਅੰਮ੍ਰਿਤਾ ਜੀ ਅਕਸਰ ਇਸ ਸ਼ਾਲ ਦੀ ਬੁੱਕਲ ਮਾਰੀ ਬਿਸਤਰ 'ਤੇ ਬੈਠੇ ਕੁਝ ਲਿਖਦੇ ਪੜ੍ਹਦੇ ਸਨ ਤੇ ਇਹ ਮੇਰੀ ਹੀ ਇੱਛਾ ਸੀ ਕਿ ਨਵੀਂ ਸ਼ਾਲ ਦੀ ਥਾਂ ਅੰਮ੍ਰਿਤਾ ਜੀ ਦੇ ਪਿੰਡੇ ਦੇ ਸਪਰਸ਼ ਅਤੇ ਮਹਿਕ ਨੂੰ ਸਮੋਈ ਸ਼ਾਲ ਮਿਲੇ।) ਪਤੀ ਹਰਪ੍ਰੀਤ ਦੀ ਲੋਈ, ਘਰ ਬੁਲਾ ਕੇ ਦੇ ਰਹੀ...ਜੇ ਕਦੇ ਕੋਈ ਚੀਜ਼ ਚਾਹੀਦੀ ਹੋਵੇ — ਝਿਜਕਦੇ ਹੋਏ ਮੰਗਾਂ...ਇਮਰੋਜ਼ ਮੈਨੂੰ ਗੁੱਸਾ ਹੁੰਦੇ —ਅੰਮ੍ਰਿਤਾ ਨੂੰ ਕਹਿਣਗੇ — ਇਹ ਵੇਖ ਅਮੀਆ ਆਪਣੇ ਘਰੋਂ ਚੀਜ਼ ਲੈਂਦੇ ਸੰਗਦੀ ਹੈ...ਇਹ ਸ਼ਰਮ ਤੂੰ ਸਹੁਰੇ ਘਰ ਲਈ ਰੱਖ...ਇਹ ਤੇਰਾ ਪੇਕਾ ਘਰ ਹੈ...ਜੋ, ਜਿੱਥੇ ਚਾਹੀਦਾ ਹੈ...ਬਿਨਾਂ ਝਕੇ, ਬਿਨਾਂ ਇਜਾਜ਼ਤ ਲੈ...ਲੈ ਜਾਂ ਫਿਰ ਉਹ ਰਸੋਈ ਘਰ ਦੀ ਦੀਵਾਰ 'ਤੇ ਲੱਗੇ ਬਲੈਕ ਬੋਰਡ ਵੱਲ ਇਸ਼ਾਰਾ ਕਰਦੇ...ਜਿੱਥੇ

ਉਨ੍ਹਾਂ ਨੇ ਚਾਕ ਨਾਲ ਕੈਲੀਗ੍ਰਾਫੀ ਵਿੱਚ ਲਿਖਿਆ ਹੋਇਆ — ("Every thing you love is your.") ਸਕੂਟਰ ਸੜਕ 'ਤੇ ਦੌੜ ਰਿਹਾ ਹੈ ਤੇ ਉਸ ਦੇ ਨਾਲ ਹੀ ਮੇਰੀਆਂ ਯਾਦਾਂ ਦੀ ਲੜੀ ਚੱਲ ਰਹੀ...16-17 ਸਾਲ ਪਹਿਲੇ ਫੋਨ ਦੀ ਟ੍ਰਿਨ-ਟ੍ਰਿਨ ਹੋਣ 'ਤੇ ਫੋਨ ਚੁੱਕਦੀ ਹਾਂ — ਦੂਜੇ ਪਾਸੇ ਗੰਭੀਰ, ਸੋਜ਼ਮਈ ਆਵਾਜ਼ — ਅਮਰਜੀਤ ਨਾਂਅ ਲੈਂਦੀ ਏ — ਮੇਰੇ ਵਲੋਂ ਹੁੰਗਾਰਾ ਭਰਨ 'ਤੇ ਕਹਿੰਦੇ ਹਨ...ਮੈਨੂੰ ਪਤਾ ਚੱਲਿਆ ਹੈ, ਤੁਹਾਡੀ ਹਿੰਦੀ ਤੇ ਪੰਜਾਬੀ ਦੋਹਾਂ ਭਾਸ਼ਾਵਾਂ 'ਤੇ ਕਮਾਂਡ ਹੈ ਤੇ ਮੈਨੂੰ ਇੱਕ ਟਰਾਂਸਲੇਟਰ ਦੀ ਲੋੜ ਹੈ...ਮੈਨੂੰ ਨਹੀਂ ਪਤਾ ਇਹ ਉਨ੍ਹਾਂ ਨੂੰ ਕਿੱਥੋਂ ਪਤਾ ਚੱਲਿਆ—ਨਾ ਮੈਂ ਪੁੱਛਿਆ, ਨਾ ਉਨ੍ਹਾਂ ਦੱਸਿਆ, ਪਰ ਉਸ ਦਿਨ ਤੋਂ ਬਾਅਦ...ਇੱਕ ਲੰਮਾ ਮੁਲਾਕਾਤਾਂ ਦਾ ਸਿਲਸਿਲਾ ਬੱਝ ਗਿਆ — ਉਨ੍ਹਾਂ ਦੀਆਂ ਲੱਗਪੱਗ 35 ਪੁਸਤਕਾਂ ਦਾ ਅਨੁਵਾਦ ਕੀਤਾ ਹੈ।

ਇੱਕ ਹੋਰ ਦਿਨ ਯਾਦ ਆ ਰਿਹਾ ਹੈ, ਅੰਮ੍ਰਿਤਾ ਜੀ ਦਾ ਜਨਮ ਦਿਨ 31 ਅਗਸਤ 2002 ਜਦ ਬਿਮਾਰ ਅਤੇ ਕਮਜ਼ੋਰ ਅੰਮ੍ਰਿਤਾ ਆਖਰੀ ਵਾਰ ਆਪਣਾ ਜਨਮ-ਦਿਨ ਇਕ ਉਚੇਚ ਅਤੇ ਉਮਾਹ ਨਾਲ ਮਨਾਇਆ। (ਵੇਖੋ, ਪੰਨਾ 22)

ਇੱਕ ਹੋਰ ਦਿਨ ਯਾਦ ਆ ਰਿਹਾ ਹੈ — 11 ਅਗਸਤ 2003 ਨੂੰ ਪੰਜਾਬੀ ਸਾਹਿਤ ਸਭਾ, ਦਿੱਲੀ ਵੱਲੋਂ ਅੰਮ੍ਰਿਤਾ ਜੀ ਨੂੰ ਵਿਸ਼ੇਸ਼ ਫੈਲੋਸ਼ਿਪ ਪ੍ਰਦਾਨ ਕੀਤੀ ਗਈ। ਇਕ ਦਿਨ ਪਹਿਲਾਂ ਇਮਰੋਜ਼ ਹੁਰਾਂ ਦਾ ਫ਼ੋਨ ਆਇਆ — ਕੱਲ੍ਹ ਸਵੇਰੇ ਅੰਮ੍ਰਿਤਾ ਨੂੰ ਫੈਲੋਸ਼ਿਪ ਪ੍ਰਦਾਨ ਕਰਨ ਭਾਪਾ ਪ੍ਰੀਤਮ ਸਿੰਘ, ਖਜ਼ਾਨਚੀ ਚਰਨਜੀਤ ਸਿੰਘ ਚੰਨ ਤੇ ਇਹਦੀ ਜਨਰਲ ਸਕੱਤਰ ਰੇਣੂਕਾ ਸਿੰਘ ਆ ਰਹੇ ਹਨ — ਇਹ ਤਿੰਨ ਹੀ ਹਨ -- ਚੌਥੀ ਤੂੰ ਆ ਜਾਵੀਂ — ਸ਼ਗਨ ਹੋ ਜਾਵੇਗਾ।

ਇੱਕ ਹੋਰ ਦਿਨ ਯਾਦ ਆ ਰਿਹਾ ਹੈ — ਕਾਫ਼ੀ ਦਿਨ ਉਨ੍ਹਾਂ ਵੱਲ ਜਾਣਾ ਨਹੀਂ ਹੋ ਸਕਿਆ। ਲੱਗਪੱਗ ਦਸ ਦਿਨਾਂ ਮਗਰੋਂ ਜਦ ਉਨ੍ਹਾਂ ਵੱਲ ਗਈ ਤਾਂ ਕਹਿਣ ਲੱਗੇ — ਮੈਂ ਸੋਚਿਆ ਮੈਂ ਵੀ ਨਹੀਂ ਫੋਨ ਕਰ ਬੁਲਾਣਾ ਕਿਸੇ ਅਮੀਆ ਨੂੰ — ਮੈਂ ਹੱਸ ਪਈ — ਨਹੀਂ ਦੀਦੀ — ਇਹ ਨਹੀਂ ਕਿ ਤੁਹਾਨੂੰ ਯਾਦ ਨਹੀਂ ਕੀਤਾ — ਬਸ ਖ਼ਲਜਗਨਾਂ ਵਿੱਚ ਜਕੜੀ ਹੋਈ ਸਾਂ — ਇਹ ਵੇਖੋ ਕਵਿਤਾ...ਅੰਮ੍ਰਿਤਾ ਕਹਿੰਦੀ ਹੈ — ਕਵਿਤਾ ਖਤਮ ਹੋਈ — ਅਲਕਾ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ — ਅੰਮ੍ਰਿਤਾ ਨੇ ਗਲਵਕੜੀ 'ਚ ਲਿਆ — ਰੋਣ ਦਾ ਕਾਰਨ ਪੁੱਛਿਆ — ਅਲਕਾ ਕਹਿਣ ਲੱਗੀ — ਬਸ ਇਹ ਕਵਿਤਾ ਸੁਣ ਰੋਣਾ ਆ ਗਿਆ।

ਇੱਕ ਹੋਰ ਦਿਨ ਯਾਦ ਆ ਰਿਹਾ ਹੈ — ਬਹੁਤ ਵਰ੍ਹੇ ਪਹਿਲਾਂ ਅੰਮ੍ਰਿਤਾ ਜੀ ਨੇ ਮੈਨੂੰ ਯਾਦ ਕੀਤਾ — ਉਹ ਮੇਰੇ ਵੀ ਬੜੇ ਔਖੇ ਦਿਨ ਸਨ — ਪੇਕੇ ਰਹਿਣ ਗਈ ਹੋਈ ਸੀ...ਕਾਹਲੀ ਨਾਲ ਜਾਣ ਵੇਲੇ ਅੰਮ੍ਰਿਤਾ ਜੀ ਨੂੰ ਖ਼ਬਰ ਨਹੀਂ ਕਰ ਸਕੀ...ਪਹਿਲੇ ਸਹੁਰੇ ਘਰ ਫੋਨ ਗਿਆ — ਉਥੋਂ ਪਤਾ ਚੱਲਣ 'ਤੇ ਪੇਕੇ ਘਰ — ਉਥੋਂ ਮੇਰੀ ਵੱਡੀ ਭੈਣ ਦੇ...ਵੱਡੀ ਭੈਣ ਤੋਂ ਪਤਾ ਚੱਲਿਆ — ਮੈਂ ਆਪਣੀ ਦੋਸਤ ਜੂਲੀ ਦੇ ਘਰ ਗਈ ਹਾਂ — ਗਈ ਸ਼ਾਮ ਉਨ੍ਹਾਂ ਦਾ ਉੱਥੇ ਫੋਨ ਆਇਆ — ਮੋਹ ਤੇ ਹੱਕ ਭਰੇ ਰੋਸੇ ਨਾਲ ਮੇਰੀ ਸਾਰ ਲੈ ਰਹੇ — ਭਈ ਅਮੀਆ ਕਿੱਥੇ ਗਵਾਚ ਜਾਂਦੀ ਏ ਤੂੰ...ਉਸ ਵੇਲੇ ਆਪਣੇ 'ਤੇ ਫ਼ਖਰ ਵੀ ਹੋਇਆ, ਇਹ ਸੋਚ-ਸੋਚ ਦੁਖਿਆ ਅਹਿਸਾਸ ਵੀ ਕਿ ਮੇਰੇ ਪਿੱਛੇ ਅੰਮ੍ਰਿਤਾ ਜੀ ਨੂੰ ਕਿੱਥੇ-ਕਿੱਥੇ ਫੋਨ ਕਰਨਾ ਪਿਆ...।

ਹਾਲੇ ਦਸ-ਪੰਦਰਾਂ ਦਿਨ ਪਹਿਲਾਂ ਹੀ ਤਾਂ ਉਨ੍ਹਾਂ ਵੱਲ ਜਾਣ 'ਤੇ ਕਹਿ ਰਹੇ ਸਨ

— 'ਤੇਰੇ ਘਰ ਕੋਈ ਫੋਨ ਨਹੀਂ ਚੁੱਕ ਰਿਹਾ ਸੀ — ਬਹੁਤ ਮਿਲਾਇਆ' ਤੇ ਮੈਨੂੰ ਸੁਪਨਾ ਸੁਣਾ ਰਹੇ — ਕਿਵੇਂ ਮੌਤ ਦੇ ਦੋ ਫਰਿਸ਼ਤੇ ਉਨ੍ਹਾਂ ਨੂੰ ਲੰਮੇ ਰਸਤਿਓਂ ਲੈ ਗਏ ਤੇ ਫਿਰ ਮ੍ਰਿਤ ਲੋਕ ਤੋਂ ਵਾਪਸ ਛੱਡ ਗਏ — 20 ਕੁ ਦਿਨ ਪਹਿਲਾਂ, ਸ਼ਿਕਾਇਤ ਕਰ ਰਹੇ — ਮੇਰਾ ਬੱਚਾ ਹੋਇਆ ਹੈ — ਅਲਕਾ ਨੇ ਲੁਕਾ ਦਿੱਤਾ ਹੈ — ਵਿਖਾ ਨਹੀਂ ਰਹੀ...ਤੂੰ ਵੇਖ ਕਿੱਥੇ ਵੇ — ਸ਼ਾਇਦ ਸਿਰਜਣਾ ਦਾ ਕੋਈ ਅਹਿਸਾਸ ਅਜੇ ਵੀ ਬਾਕੀ ਸੀ...।

ਕਈ ਵਾਰ ਉਹ ਮੈਨੂੰ ਧੀ ਤੋਂ ਨੂੰਹ ਵੀ ਬਣਾ ਲੈਂਦੇ ਸਨ — ਦੋਸਤ ਵੀ, ਹਮਰਾਜ਼ ਵੀ...ਉਨ੍ਹਾਂ ਨਾਲ ਜੁੜਿਆ ਹਰ ਰਿਸ਼ਤਾ ਖੂਬਸੂਰਤ ਮਾਇਨੇ ਰੱਖਦਾ ਏ। ਦੋ ਦਿਨ ਪਹਿਲਾਂ ਗਈ — ਕੰਪੌਡਰ ਉਨ੍ਹਾਂ ਦੇ ਪੈਰਾਂ ਦੇ ਜ਼ਖਮਾਂ ਦੀ ਡ੍ਰੈਸਿੰਗ ਕਰਨ ਆਇਆ ਸੀ — ਮੈਨੂੰ ਵੇਖ ਤਕਲੀਫ ਭਰੀ ਮੁਸਕਾਨ ਦਿੱਤੀ — ਅਲਕਾ ਕਹਿਣ ਲੱਗੀ — ਅੱਜ ਤਾਂ ਪਾਣੀ, ਜੂਸ ਕੁਝ ਨਹੀਂ ਸਵੀਕਾਰ ਰਹੇ ਤਾਂ ਵੀ ਇਹ ਧਿਆਨ ਨਹੀਂ ਆਇਆ ਕਿ ਉਨ੍ਹਾਂ ਨੂੰ ਆਖਰੀ ਵਾਰ ਜ਼ਿੰਦਾ ਵੇਖ ਰਹੀ ਹਾਂ।

ਅਚਾਨਕ ਝਟਕਾ ਲੱਗਿਆ — ਵੇਖਿਆ ਸਕੂਟਰ ਹੌਜ਼ ਖਾਸ ਵਿੱਚ ਦਾਖਲ ਹੋ ਚੁੱਕਿਆ ਸੀ — ਹੌਜ਼ ਖਾਸ ਜਿਹਦਾ ਨਾਂਅ ਅੰਮ੍ਰਿਤਾ ਦਾ ਸਮਭਾਵੀ ਹੋ ਚੁੱਕਿਆ ਹੈ...ਜਿੱਥੋਂ ਲੰਘਦਿਆਂ — ਅੰਮ੍ਰਿਤਾ ਨੂੰ ਮਿਲੇ ਬਿਨਾਂ ਜਾ ਨਹੀਂ ਹੁੰਦਾ ਸੀ...।

ਘਰ ਦੀਆਂ ਪੌੜੀਆਂ ਚੜ੍ਹਦੇ, ਲੰਮੀ ਲਾਬੀ ਵਿੱਚ ਪੈਰ ਪਾਏ — ਅਲਕਾ ਕਿਸੇ ਨਾਲ ਫੋਨ 'ਤੇ ਗੱਲ ਕਰ ਰਹੀ...ਇੱਕ ਹੱਥ ਨਾਲ ਮੈਨੂੰ ਕਲਾਵੇ ਵਿੱਚ ਲੈ ਲਿਆ ਤੇ ਡੁਸਕ ਪਈ — ਦੀਦੀ, ਅੰਮੀ ਜੀ ਚਲੇ ਗਏ। ਡੌਰ-ਭੌਰ ਹੋਈ ਨੂੰ ਇਮਰੋਜ਼ ਜੀ ਦੀ ਬਾਂਹ ਨੇ ਸਹਾਰਾ ਦਿੱਤਾ...ਉਸ ਖੂਬਸੂਰਤ ਸ਼ਖਸੀਅਤ ਨੂੰ ਹਮੇਸ਼ਾ ਲਈ ਚੁੱਪ ਹੋਇਆਂ ਵੇਖ ਵੀ ਜਿਵੇਂ ਸੱਚ ਨਹੀਂ ਆਇਆ — ਕੋਲ ਪਏ ਮੂੜ੍ਹੇ 'ਤੇ ਬੈਠ ਗਈ — ਮੱਥੇ 'ਤੇ ਹੱਥ ਧਰਿਆ...ਠੰਢਾ, ਬਰਫ ਜਿਹਾ ਪਿੰਡਾ...ਫਿਰ ਵੀ ਜਿਵੇਂ ਯਕੀਨ ਨਾ ਬੱਝੇ...ਵਾਲਾਂ 'ਚ ਹੱਥ ਫਿਰਾਇਆ — ਮੱਥੇ ਨੂੰ ਚੁੰਮਣ ਦਿੱਤਾ ਤੇ ਰੋਣ ਕਾਬੂ ਤੋਂ ਬਾਹਰ ਹੋ ਗਿਆ - - ਅੰਮ੍ਰਿਤਾ ਜੀ ਦੀ ਪੋਤਰੀ ਸ਼ਿਲਪਾ ਨੇ ਬਾਂਹਵਾਂ 'ਚ ਲੈ ਲਿਆ — ਨਹੀਂ ਆਂਟੀ ਰੋਣਾ ਨਹੀਂ...ਅੰਮੀ ਜੀ ਮਨ੍ਹਾਂ ਕਰ ਗਏ ਹਨ। ਡਾਕਟਰ ਆਈ — ਉਸ ਮੈਨੂੰ ਤੇ ਮੈਂ ਉਹਨੂੰ ਵੇਖ ਇੱਕ ਪਛਾਣ ਤੇ ਵਿਚਾਰਗੀ ਭਰੀ ਮੁਸਕਾਨ ਦਿੱਤੀ...ਅੱਗੇ ਕਈ ਵਾਰ ਉਹਨੂੰ ਆਰਥੋਨੋਵਾ ਹਸਪਤਾਲ ਵਿੱਚ ਮਿਲ ਚੁੱਕੀ ਸਾਂ — ਜਦ ਵੀ ਅੰਮ੍ਰਿਤਾ ਜੀ ਕਿਸੇ ਸਿਲਸਿਲੇ ਵਿੱਚ ਉੱਥੇ ਦਾਖਲ ਹੁੰਦੇ...ਇੰਨੇ 'ਚ ਅਸਮਾਂ ਆ ਗਈ ਤੇ ਚੁੱਪਚਾਪ ਸਾਹਮਣੇ ਵਿਛੇ ਅੰਮ੍ਰਿਤਾ ਦੇ ਚਿਰ ਪਰਿਚਿਤ ਪਲੰਘ 'ਤੇ ਬੈਠ ਗਈ — ਸੁੰਨ-ਵੱਟਾ ਹੋਈ...ਉਸ ਵੇਲੇ ਡਾਕਟਰ ਆਪਣਾ ਫਰਜ਼ ਨਿਭਾਅ ਰਹੀ — ਦਿਲ ਦੀ ਧੜਕਣ ਜਾਂਚਦਿਆਂ, ਨਬਜ਼ ਵੇਖਦਿਆਂ, ਆਪਣਾ ਮੁਆਇਨਾ ਪੂਰਾ ਕਰਦਿਆਂ, ਸਾਢੇ ਤਿੰਨ ਵਜੇ ਉਸ ਅੰਮ੍ਰਿਤਾ ਜੀ ਦੀ ਮੌਤ ਦੀ ਪੁਸ਼ਟੀ ਕਰ ਦਿੱਤੀ ਅਤੇ ਜਿੰਨੀਆਂ ਵੀ ਨਾਲੀਆਂ ਉਨ੍ਹਾਂ ਦੇ ਸਰੀਰ 'ਤੇ ਲੱਗੀਆਂ ਸਨ — ਉਨ੍ਹਾਂ ਤੋਂ ਮੁਕਤ ਕਰਦਿਆਂ — ਮੂੰਹ ਨੂੰ ਚਾਦਰ ਨਾਲ ਢੱਕ ਦਿੱਤਾ। ਇਮਰੋਜ਼ ਹੁਰਾਂ ਇੱਕ ਲਿਫਾਫਾ ਉਸ ਵੱਲ੍ਹ ਵਧਾਇਆ, ਪਰ ਅੱਜ ਡਾਕਟਰ ਨੇ ਉਸ ਨੂੰ ਲੈਣੋਂ ਨਾਂਹ ਕਰ ਦਿੱਤਾ ਤੇ ਡੈੱਥ ਸਰਟੀਫਿਕੇਟ ਤਿਆਰ ਕਰਨ ਲਗੀ...।

ਇਹ ਚਿਹਰਾ ਫੇਰ ਮੈਂ ਕਦੇ ਨਹੀਂ ਵੇਖ ਸਕਾਂਗੀ — ਇਹ ਖ਼ਿਆਲ ਆਉਂਦੇ ਹੀ ਮੈਂ ਸਦੀਵੀ ਨੀਂਦ ਵਿੱਚ ਲੀਨ ਹੁਸੀਨਾ ਦੇ ਚਿਹਰੇ 'ਤੋਂ ਚਾਦਰ ਉਤਾਰ ਦਿੱਤੀ —

ਇਮਰੋਜ਼ ਕਹਿਣ ਲੱਗੇ — ਰਹਿਣ ਦੇ ਅਮੀਆ, ਹੁਣ ਉਹਨੂੰ ਹੋਰ ਵੇਖ ਕੇ ਕੀ ਕਰੇਗੀ — ਤੂੰ ਤਾਂ ਉਹਦਾ ਏਨਾ ਸੋਹਣਾ ਰੂਪ ਵੇਖਿਆ ਹੋਇਆ ਹੈ — ਹੁਣ ਇਹ...।

ਅਸਮਾ ਨੂੰ ਆਵਾਜ਼ ਲਗਾਈ — ਆ ਅਸਮਾ ਮਾਂ ਨੂੰ ਵੇਖ ਲੈ। ਅਸੀਂ ਸਭ ਅੰਮ੍ਰਿਤਾ ਪਰਿਵਾਰ ਦੇ ਜੀਅ — ਇੱਕ — ਦੂਜੇ ਦੀ ਪੀੜ ਵੰਡਾਉਂਦੇ-ਹੰਢਾਉਂਦੇ — ਕਈ ਵੇਰ ਬੁਲਾਉਣ 'ਤੇ ਵੀ ਉਹ ਪੱਕਾ ਮਨ ਕੀਤੀ ਦੂਰ-ਦੂਰ ਰਹੀ...ਫਿਰ ਪਤਾ ਨਹੀਂ ਕਿਹੜੇ ਵੇਲੇ...ਸਾਈਂ ਕਾਕਾ ਨੂੰ ਫੋਨ ਕਰਨ ਤੋਂ ਬਾਅਦ ਮੇਰੀ ਥਾਂ ਉਸ ਲੈ ਲਈ...ਮੂਹੜੇ 'ਤੇ ਬੈਠ ਅੰਮ੍ਰਿਤਾ ਜੀ ਦੇ ਮੱਥੇ 'ਤੇ ਇੰਜ ਹੱਥ ਧਰਿਆ — ਜਿਵੇਂ ਹੀਲਿੰਗ ਟੱਚ ਦੇ ਕੇ ਸਾਰੀ ਪੀੜ ਖਿੱਚਣ ਦੀ ਕੋਸ਼ਿਸ਼ ਕਰ ਰਹੀ ਹੋਵੇ।

ਹੁਣ ਅੰਮ੍ਰਿਤਾ ਦੇ ਅਨੰਤ ਸਫ਼ਰ ਦੀ ਤਿਆਰੀ ਹੋਣ ਲੱਗੀ — ਰੇਣੂਕਾ ਅੰਮ੍ਰਿਤਾ ਆਂਟੀ ਦੀ ਅੰਤਿਮ ਇੱਛਾ ਬਾਰੇ ਇਮਰੋਜ਼ ਤੋਂ ਪੁੱਛਣ ਲੱਗੀ — ਸੋ ਜ਼ਿਆਦਾ ਖਿਲਾਰਾ ਨਹੀਂ ਪਾਉਣਾ — ਲੋਕਾਂ ਦੀ, ਪ੍ਰੈਸ ਦੀ ਭੀੜ ਨਹੀਂ ਲਾਉਣੀ — ਫਿਰ ਅਗਲੇ ਦਿਨ ਕਿਉਂ — ਅੱਜ ਹੀ ਸੰਸਕਾਰ ਕਰ ਦਿੱਤਾ ਜਾਏ। ਇੰਨੇ ਨੂੰ ਕਹਾਣੀਕਾਰਾ ਅਜੀਤ ਕੌਰ ਤੇ ਉਸ ਦੀ ਆਰਟਿਸਟ ਬੇਟੀ ਅਰਪਣਾ ਕੌਰ ਵੀ ਆ ਗਈਆਂ। ਉਨ੍ਹਾਂ ਨੂੰ ਰੇਣੂਕਾ ਦੇ ਘਰ ਫੋਨ ਕਰਨ 'ਤੇ ਨੌਕਰ ਤੋਂ ਪਤਾ ਚੱਲਿਆ ਸੀ। ਇਮਰੋਜ਼, ਨਵਰਾਜ ਗਰੀਨ ਪਾਰਕ ਸ਼ਮਸ਼ਾਨਘਾਟ ਤੋਂ ਪਤਾ ਕਰਨ ਤੇ ਜ਼ਰੂਰੀ ਚੀਜ਼ਾਂ ਦਾ ਇੰਤਜ਼ਾਮ ਕਰਨ ਚਲੇ ਗਏ। ਮੋਰਗ ਵੈਨ ਆ ਗਈ — ਅੰਮ੍ਰਿਤਾ ਜਿਸ ਬਿਸਤਰ 'ਤੇ ਲੇਟੀ ਸੀ — ਉਸੇ 'ਤੇ ਉਸ ਨੂੰ ਚਾਦਰ ਨਾਲ ਕੱਜਦੇ ਹੋਏ ਮੋਰਗ ਵੈਨ ਨਾਲ ਆਏ ਇੱਕ ਬੰਦੇ, ਮੈਂ ਅਤੇ ਅਲਕਾ ਦੇ ਭਰਾ ਨੇ ਪਹਿਲੀ ਮੰਜ਼ਿਲ ਤੋਂ ਹੇਠਾਂ ਲਾਹ ਹੇਠਾਂ ਪਈ ਅਰਥੀ 'ਤੇ ਲਿਟਾ ਦਿੱਤਾ। ਅਜੀਤ ਕੌਰ ਦੇ ਕਹਿਣ 'ਤੇ ਰੱਸੀ ਦੀ ਥਾਂ ਦੋ ਚੁੰਨੀਆਂ ਦਾ ਵਲੇਟਾ ਦੇ ਕੇ ਬੰਨ੍ਹ ਦਿੱਤਾ। ਅਜੀਤ ਅਖ਼ਬਾਰ ਤੋਂ ਫੋਟੋਗ੍ਰਾਫਰ ਆ ਗਏ ਸਨ — ਪਰ ਉਹ ਅੰਮ੍ਰਿਤਾ ਦੇ ਚਿਹਰੇ ਦੀ ਫੋਟੋ ਨਹੀਂ ਲੈ ਸਕੇ — ਇਹੀ ਅੰਮ੍ਰਿਤਾ ਦੀ ਅੰਤਮ ਇੱਛਾ ਸੀ ਤੇ ਇਹੀ ਇਮਰੋਜ਼ ਦੀ ਮਰਜ਼ੀ — ਰੇਣੂਕਾ ਤੇ ਚੰਨ ਨੇ ਫੁੱਲਾਂ ਦੀ ਸ਼ਰਧਾਂਜਲੀ ਦਿੱਤੀ। ਅਸਾਂ ਸਭ ਨੇ ਫੁੱਲਾਂ ਦੀਆਂ ਪੰਖੜੀਆਂ ਅੰਮ੍ਰਿਤਾ ਦੇ ਪੂਰੇ ਜਿਸਮ 'ਤੇ ਫੈਲਾ ਦਿੱਤੀਆਂ।

ਗਰੀਨ ਪਾਰਕ ਸ਼ਮਸ਼ਾਨ ਘਾਟ ਪਹੁੰਚ...ਅੰਮ੍ਰਿਤਾ ਨੂੰ ਲੱਕੜਾਂ ਦੀ ਸੇਜ 'ਤੇ ਲਿਟਾਇਆ — ਮੁੱਖ ਅਗਨੀ ਇਮਰੋਜ਼, ਨਵਰਾਜ ਤੇ ਉਹਦੇ ਬੇਟੇ ਅਮਨ ਨੇ ਦਿੱਤੀ। ਹੁਣ ਅੰਮ੍ਰਿਤਾ ਦਾ ਸਰੀਰ ਮਿੱਟੀ ਵਿੱਚ ਰਲਣ ਜਾ ਰਿਹਾ ਸੀ। ਆਤਮਾ ਖੌਰੇ ਪਹਿਲਾਂ ਹੀ ਗਿਆਨ ਗੰਜ ਜਾਂ ਅਨੰਤ ਯਾਤਰਾ ਦੇ ਪੈਂਡੇ ਪੈ ਚੁੱਕੀ ਸੀ...।

ਖ਼ਬਰ ਹੌਲੇ-ਹੌਲੇ ਫੈਲ ਰਹੀ...ਸ਼ਾਇਰ ਮੋਹਨਜੀਤ, ਡਾ. ਰਵੇਲ, ਪ੍ਰੀਤਮ ਸਿੰਘ ਬਤਰਾ, ਡਾ. ਮਨਮੋਹਨ, ਊਮਾ ਤ੍ਰਿਲੋਕ, ਮੁੰਨਾ ਤੇ ਉਹਦੇ ਮੰਮੀ ਵੀ ਪਹੁੰਚ ਗਏ। ਅਸੀਂ ਅੰਮ੍ਰਿਤਾ ਨੂੰ ਅਲਵਿਦਾ ਕਹਿ ਮੂੰਹ ਮੋੜਿਆ — ਮੁੰਨਾ ਤੇ ਉਹਦੀ ਮੰਮੀ — ਅੰਮ੍ਰਿਤਾ ਦੀਆਂ ਕਵਿਤਾਵਾਂ ਗਾ ਰਹੇ...ਯਾਦਾਂ ਦੇ ਫੁੱਲ ਅਰਪਿਤ ਕਰ ਰਹੇ...।

ਆਪਣੇ ਵਲੋਂ ਸਾਰੀ ਬਾਤ ਮੁਕਾ ਗਈਓਂ
ਹਾਲੇ ਵੀ ਹਰ ਹਉਕਾ ਤੇਰੀ ਗੱਲ ਕਰੇ।।

## ਸ਼ਰਧਾਂਜਲੀ

ਅੰਮ੍ਰਿਤਾ ਪ੍ਰੀਤਮ ਨੂੰ
(31 ਅਗਸਤ, 1919-31 ਅਕਤੂਬਰ, 2005)

**ਕਦੇ ਕਦੇ ਖ਼ੂਬਸੂਰਤ ਸੋਚਾਂ**
**ਖ਼ੂਬਸੂਰਤ ਸਰੀਰ ਵੀ ਧਾਰ ਲੈਂਦੀਆਂ ਹਨ।**

—ਇਮਰੋਜ਼

ਸੱਚਮੁਚ ਇੰਨੇ ਖ਼ੂਬਸੂਰਤ ਸਰੀਰ ਦੇ ਨਾਲ ਇੰਨੀਆਂ ਖ਼ੂਬਸੂਰਤ ਸੋਚਾਂ ਦਾ ਸੁਮੇਲ ਵਿਰਲਾ ਹੀ ਵੇਖਣ ਨੂੰ ਮਿਲਦਾ ਹੈ। ਅੰਮ੍ਰਿਤਾ ਪ੍ਰੀਤਮ ਅਜਿਹੀ ਖ਼ੂਬਸੂਰਤ ਸ਼ਖ਼ਸੀਅਤ ਸੀ ਜਿਸ ਦਾ ਜਿੰਨਾ ਹੁਸੀਨ ਚਿਹਰਾ ਸੀ, ਓਨੀ ਹੁਸੀਨ ਸੋਚ ਦੀ ਉਹ ਮਲਿਕਾ ਸੀ। ਸਾਢੇ ਚਾਰ ਦਹਾਕੇ ਅੰਮ੍ਰਿਤਾ ਨਾਲ ਸਾਥ-ਸੰਗ ਜਿਊਣ ਵਾਲੇ ਇਮਰੋਜ਼ ਨੂੰ ਅੰਮ੍ਰਿਤਾ ਦੇ ਪੂਰੇ ਹੋਣ ਤਕ ਇਸ ਸਦੀਵੀ ਸੱਚ ਵਿਚ ਤਿਲ-ਭੋਰਾ ਤਬਦੀਲੀ ਕਰਨ ਦੀ ਲੋੜ ਨਹੀਂ ਪਈ। ਤਾਂ ਹੀ ਤਾਂ ਢਾਈ ਸਾਲ ਮੰਜੇ ਨਾਲ ਜੁੜੀ, ਹੱਡੀਆਂ ਦੀ ਮੁੱਠ ਬਣੀ ਉਸ ਅੰਮ੍ਰਿਤਾ ਦੇ ਅੰਤਲੇ ਦਿਨਾਂ ਵਿਚ ਇਮਰੋਜ਼ ਇਸ ਮਿੰਨੀ ਕਵਿਤਾ ਦੀ ਰਚਨਾ ਕਰ ਸਕੇ।

ਲਗਪਗ 100 ਪੁਸਤਕਾਂ ਦੀ ਰਚਨਹਾਰ, ਸਾਹਿਤ ਦੀ ਹਰ ਵਿਧਾ ਵਿਚ ਆਪਣੀ ਗੱਲ ਕਹਿਣ ਵਿਚ ਮਾਹਿਰ — ਗੱਲ ਕੀ — ਨਾਵਲ, ਕਹਾਣੀ, ਕਵਿਤਾ, ਵਾਰਤਕ, ਸਫ਼ਰਨਾਮੇ, ਸਵੈ-ਜੀਵਨੀ, ਅਨੁਵਾਦ, ਰੇਖਾ ਚਿੱਤਰ ਆਦਿ ਹਰ ਵੰਨਗੀ ਵਿਚ ਅੰਮ੍ਰਿਤਾ ਨੇ ਲਿਖਿਆ ਅਤੇ ਨਾਮਣਾ ਖੱਟਿਆ।

ਨਿੱਜੀ ਅਹਿਸਾਸਾਂ, ਵਲਵਲਿਆਂ ਨੂੰ ਜਿੰਨੀ ਤੀਖਣਤਾ ਨਾਲ ਪੇਸ਼ਕਾਰੀ ਕਰਨ ਵਿਚ ਉਹ ਸਫ਼ਲ ਰਹੀ ਹੈ ਓਨੀ ਹੀ ਸ਼ਿੱਦਤ ਨਾਲ ਉਹ ਸਮਾਜਕ ਸਰੋਕਾਰਾਂ, ਵੇਲੇ ਦੀਆਂ ਔਕੜਾਂ ਨੂੰ ਵੀ ਬਿਆਨ ਕਰਦੀ ਰਹੀ ਹੈ। ਉਹ ਚਾਹੇ ਦੇਸ ਦੀ ਵੰਡ ਉਤੇ ਲਿਖੀ ਕਵਿਤਾ 'ਅੱਜ ਆਖਾਂ ਵਾਰਸਸ਼ਾਹ ਨੂੰ' ਹੋਵੇ ਜਾਂ ਨਾਵਲ 'ਪਿੰਜਰ', ਗੈਰ-ਕਾਨੂੰਨੀ ਬੱਚੇ ਉਤੇ ਲਿਖੀ ਕਵਿਤਾ 'ਦਾਗ' ਹੋਵੇ ਜਾਂ ਔਰਤ ਦੀ ਸਥਿਤੀ ਨੂੰ ਵੇਲੇ ਦੇ ਸਮਾਜ ਵਿਚ ਬਿਆਨ ਕਰਦੀਆਂ ਕਵਿਤਾਵਾਂ 'ਅੰਨਦਾਤਾ', 'ਕੰਨਿਆਦਾਨ', ਹੋਣ, ਸਭ ਹਰਮਨ ਪਿਆਰੀਆਂ ਰਹੀਆਂ ਹਨ।

ਅੰਮ੍ਰਿਤਾ ਪ੍ਰੀਤਮ ਜਿਹੀ ਸ਼ਖ਼ਸੀਅਤ ਆਮ ਦੁਨੀਆ ਤੋਂ ਅਲੋਕਾਰ ਹੋਂਦ ਰਖਦੀ

ਸੀ। ਸੋ ਉਸ ਦੇ ਅਨੁਭਵ, ਸੋਚਾਂ, ਅਹਿਸਾਸ ਵੀ ਹੋਰਾਂ ਤੋਂ ਵਿਲੱਖਣ ਸਨ। ਉਸ ਨੇ ਉਹਨਾਂ ਵਿਸ਼ਿਆਂ, ਸੁਪਨਿਆਂ, ਅਨੁਭਵਾਂ ਬਾਰੇ ਵੀ ਲਿਖਿਆ ਜਿਨ੍ਹਾਂ ਬਾਰੇ ਆਮ ਇਨਸਾਨ ਨਾ ਸੋਚ ਸਕਦਾ ਹੈ, ਨਾ ਗੱਲ ਕਰ ਸਕਦਾ ਹੈ ਤੇ ਇਸ ਦੇ ਨਾਲ ਹੀ ਉਹਨਾਂ ਵਿਸ਼ਵਾਸਾਂ ਉਤੇ ਪੂਰੀ ਤਰ੍ਹਾਂ ਵਿਸ਼ਵਾਸ ਵੀ ਨਹੀਂ ਕਰ ਸਕਦਾ। ਕਿੰਤੂ-ਪਰੰਤੂ, ਸ਼ਾਇਦ, ਹੋ ਸਕਦਾ ਹੈ, ਜਿਹੇ ਟੁੱਟੇ-ਭੱਜੇ ਲਫ਼ਜ਼ ਹੀ ਉਹਦੇ ਬੁੱਲ੍ਹਾਂ ਤੇ ਰਹਿੰਦੇ ਹਨ। ਆਪਣੀ ਬਿਮਾਰੀ ਤੋਂ ਪਹਿਲਾਂ ਦੇ ਕੁਝ ਅੰਤਲੇ ਸਾਲਾਂ ਵਿਚ ਅੰਮ੍ਰਿਤਾ ਨੇ ਜੋ ਕਵਿਤਾਵਾਂ ਲਿਖੀਆਂ ਉਹ ਅਦਿੱਸਹੱਦੇ, ਅਗਿਆਤ, ਜਿਸਮ ਤੋਂ ਪਰੇ ਦੇ ਪਰਾਸਰੀਰਕ ਅਹਿਸਾਸਾਂ ਨਾਲ ਜੁੜੀਆਂ ਹਨ। ਸੁਪਨਿਆਂ, ਪੂਰਵ ਤੇ ਦੂਜੇ ਜਨਮਾਂ ਦੇ ਵੇਰਵਿਆਂ ਨੂੰ ਅਭਿਵਿਅਕਤ ਕਰਦੀਆਂ ਹਨ।

ਕਵਿਤਾ ਹੀ ਨਹੀਂ, ਵਾਰਤਕ ਅਤੇ ਗਲਪ ਦੀਆਂ ਪੁਸਤਕਾਂ ਵੀ ਇਸੇ ਰਹੱਸਮਈ ਸੰਸਾਰ ਦੀ ਗੱਲ ਕਰਦੀਆਂ ਹਨ – ਤੇਰ੍ਹਵਾਂ ਸੂਰਜ, ਉਨਿੰਜਾ ਦਿਨ, ਊਂਠ ਨੀ ਸਾਹਿਬਾਂ ਸੁੱਤੀਏ, ਲਾਲ ਧਾਗੇ ਦਾ ਰਿਸ਼ਤਾ, ਮਨਮੰਥਨ ਕੀ ਗਾਥਾ, ਦਰਵੇਸ਼ਾਂ ਦੀ ਮਹਿੰਦੀ, ਹਰੇ ਧਾਗੇ ਦਾ ਰਿਸ਼ਤਾ, ਸੱਤ ਕਿਰਨਾਂ, ਹੁਜਰੇ ਦੀ ਮਿੱਟੀ, ਸੁਪਨਿਆਂ ਦੀ ਨੀਲੀ ਲਕੀਰ, ਅਗਿਆਤ ਦਾ ਨਿਮੰਤ੍ਰਣ, ਚਿਰਾਗ਼ਾਂ ਦੀ ਰਾਤ, ਖ਼ਾਮੋਸ਼ੀ ਤੋਂ ਪਹਿਲਾਂ ਆਦਿ ਅਸੰਖ ਰਚਨਾਵਾਂ ਨੂੰ ਮਿਸਾਲ ਵਜੋਂ ਵਾਚਿਆ ਜਾ ਸਕਦਾ ਹੈ। ਸ਼ਾਇਦ ਅੰਮ੍ਰਿਤਾ-ਕਾਵਿ ਵਿਚ ਇਹ ਨਿਰਾਲਾ ਪਰਿਵਰਤਨ ਉਮਰ ਵਧਣ ਦੇ ਨਾਲ ਨਾਲ ਅਨੁਭਵਾਂ, ਤਜਰਬਿਆਂ ਦੇ ਵਾਧੇ ਅਤੇ ਹਰ ਤਰ੍ਹਾਂ ਦੇ ਸਾਹਿਤ ਪੌਰਾਣਿਕ, ਮਿੱਥਕ, ਇਤਿਹਾਸਕ, ਆਧੁਨਿਕ, ਉੱਤਰ-ਆਧੁਨਿਕ ਅਤੇ ਵਿਗਿਆਨਕ ਕਿਰਤਾਂ ਨੂੰ ਪੜ੍ਹਨ-ਗੁਣਨ ਨਾਲ ਵੀ ਹੋ ਸਕਦਾ ਹੈ।

ਉਸ ਦੀ ਅੰਤਲੀ ਪੁਸਤਕ 'ਮੈਂ ਤੈਨੂੰ ਫੇਰ ਮਿਲਾਂਗੀ' (ਕਵਿਤਾਵਾਂ+ਸੁਪਨੇ) 2004 ਵਿਚ ਗੁਰਮੁਖੀ ਲਿਪੀ ਵਿਚ ਪ੍ਰਕਾਸ਼ਿਤ ਹੋਈ ਅਤੇ 2005 ਵਿਚ ਹਿੰਦੀ ਵਿਚ। ਇਹ ਸੰਨ 2002 ਦੇ ਆਸ-ਪਾਸ ਲਿਖੀਆਂ ਕਵਿਤਾਵਾਂ ਅਤੇ ਸੁਪਨੇ ਹਨ...ਜਿਨ੍ਹਾਂ ਰਾਹੀਂ ਅੰਤਲੇ ਦਿਨ ਨੇੜੇ ਆਉਣ ਦੇ ਅਹਿਸਾਸ ਪ੍ਰਗਟ ਹੁੰਦੇ ਹਨ। ਇਸ ਪੁਸਤਕ ਵਿਚਲੀਆਂ ਕਵਿਤਾਵਾਂ ਵਿਚ ਰਹਿ ਰਹਿ ਕੇ ਮੌਤ ਦਾ ਚਸ਼ਮਾ, ਇਜ਼ਰਾਈਲ, ਕੈਠੇ ਵਾਲ ਪਰਾਹੁਣਾ, ਅਗਲੇ ਜਨਮ ਵਿਚ ਇਮਰੋਜ਼ ਨੂੰ ਮਿਲਣ ਦੀ ਖ਼ਾਹਿਸ਼, ਸੂਖਮ ਕਾਇਆ, ਆਦਿ ਬਿੰਦੂ ਅਤੇ ਕਾਲ ਦੇ ਪੰਛੀ ਆਦਿ ਦਾ ਜ਼ਿਕਰ ਆਉਂਦਾ ਹੈ, ਜੋ ਉਹਨਾਂ ਦੇ ਮਨ ਦੀ ਅਵਸਥਾ ਜ਼ਾਹਿਰ ਕਰਦਾ ਹੈ। ਇਸ ਵਿਚਲੀ ਇਕ ਕਵਿਤਾ 'ਮੈਂ ਤੈਨੂੰ ਫੇਰ ਮਿਲਾਂਗੀ' ਆਪਣੇ ਪਿਆਰੇ ਨੂੰ ਹਰ ਜਨਮ ਵਿਚ ਮਿਲਣ ਦੀ ਸਦੀਵੀ ਤਾਂਘ ਨਾਲ ਜੁੜੀ ਹੋਣ ਕਾਰਨ ਬਹੁਤ ਮਕਬੂਲ ਹੋਈ ਹੈ।

ਅੰਮ੍ਰਿਤਾ ਇਮਰੋਜ਼ ਦਾ ਸਦੀਵੀ ਸਾਥ ਦੋ ਹੁਸੀਨ ਸੁਤੰਤਰ ਹਸਤੀਆਂ ਦਾ ਮੇਲ ਹੈ ਜਿਨ੍ਹਾਂ ਨੇ ਇਕ ਦੂਜੇ ਨੂੰ ਪੂਰੀ ਤਰ੍ਹਾਂ ਗ੍ਰਹਿਣ ਕਰਦੇ ਹੋਇਆਂ ਵੀ ਇਕ ਦੂਜੇ ਦੀ ਸੁਤੰਤਰਤਾ ਦਾ ਆਦਰ ਰਖਿਆ ਹੈ, ਉਸ ਨੂੰ ਬਰਕਰਾਰ ਰਖਿਆ ਹੈ ਅਤੇ ਉਸ ਵਿਚ ਕਿਸੇ ਤਰ੍ਹਾਂ ਦਾ ਖ਼ਲਲ ਨਹੀਂ ਪਾਇਆ।

ਸੱਚਮੁਚ ਇਸ ਸਦੀ ਵਿਚ ਤਾਂ ਅੰਮ੍ਰਿਤਾ ਪ੍ਰੀਤਮ ਦੇ ਹਾਣ ਦਾ ਕੋਈ ਹੋਇਆ ਨਹੀਂ। ਹਾਂ, ਕਈ ਸਦੀਆਂ ਪਹਿਲਾਂ ਰਿਗਵੇਦ ਦੀ ਇਕ ਵਿਦੁਸ਼ੀ ਸੂਰਜਾ ਸਾਵਿਤਰੀ

ਵਿਚੋਂ ਜ਼ਰੂਰ ਅੰਮ੍ਰਿਤਾ ਪ੍ਰੀਤਮ ਦੀ ਝਲਕ ਮਿਲਦੀ ਹੈ — ਜਦ ਇਸ ਦੁਨੀਆਂ ਦੇ ਪਹਿਲੇ ਗ੍ਰੰਥ ਦੀ ਇਕ ਰਿਚਾ ਵਿਚ ਉਹ ਕਹਿੰਦੀ ਹੈ ਕਿ — 'ਸਵੇਰ ਦੀ ਰੌਸ਼ਨੀ ਜਦੋਂ ਸੂਰਜ ਨੂੰ ਮਿਲੇ ਤਾਂ ਉਹਦੀਆਂ ਅੱਖਾਂ ਵਿਚ ਗਿਆਨ ਦਾ ਕੱਜਲ ਹੋਵੇ, ਹੱਥਾਂ ਵਿਚ ਆਪਣੇ ਪ੍ਰੇਮੀ ਨੂੰ ਸੁਗਾਤ ਦੇਣ ਲਈ ਵੇਦ ਮੰਤਰ ਹੋਣ। ਦੁਨੀਆਂ ਦੇ ਵਿਦਵਾਨ ਉਨ੍ਹਾਂ ਦੇ ਪ੍ਰੋਹਿਤ ਹੋਣ ਅਤੇ ਸੁਤੰਤਰਤਾ ਉਨ੍ਹਾਂ ਦੀ ਸੇਜ ਹੋਵੇ।'

ਇਸ ਸਦੀ ਦੇ ਦੋ ਅਜ਼ੀਮ ਕਲਕਾਰਾਂ ਅੰਮ੍ਰਿਤਾ-ਇਮਰੋਜ਼ ਦਾ ਮਿਲਣ ਵੀ ਇਸੇ ਸੰਦਰਭ ਵਿਚ ਜਾਣਿਆ-ਸਮਝਿਆ ਜਾ ਸਕਦਾ ਹੈ। ਖੌਰੇ ਕਿਹੜੇ ਵੇਲੇ ਤੇ ਕਿਉਂ ਅੰਮ੍ਰਿਤਾ ਪ੍ਰੀਤਮ ਨੇ ਇਕ ਕਵਿਤਾ ਦੀਆਂ ਇਹ ਸਤਰਾਂ ਲਿਖੀਆਂ ਸਨ ਜੋ ਉਨ੍ਹਾਂ ਦੇ ਅੰਤਲੇ ਦਿਨਾਂ ਦਾ ਸੱਚ ਬਣ ਗਈਆਂ —

ਜ਼ਿੰਦਗੀ ਦੀ ਪ੍ਰਾਹੁਣਾਚਾਰੀ ਵੇਖ ਬੈਠੇ ਹਾਂ ਅਸੀ
ਮੌਤ ਵੀ ਸੱਦਦੀ ਬੜਾ, ਹੁਣ ਜਾ ਕੇ ਉਸ ਵੱਲ ਵੇਖ ਲਾਂ

ਅੰਮ੍ਰਿਤਾ ਪ੍ਰੀਤਮ ਦੇ ਜਾਣ ਉੱਤੇ ਸਦੀਵੀ ਵਿਛੋੜੇ ਦਾ ਜੋ ਖ਼ਲਾਅ ਪੈਦਾ ਹੋਇਆ ਹੈ, ਉਸ ਨੂੰ ਉਨ੍ਹਾਂ ਦੀ ਹੀ ਇਕ ਕਵਿਤਾ ਨੂੰ ਮਿਸਾਲ ਵਜੋਂ ਲੈ ਕੇ ਸਮਝਿਆ ਜਾ ਸਕਦਾ ਹੈ। ਕਵਿਤਾ ਹੈ 'ਮਾਸ ਦਾ ਫੁੱਲ' —

ਧਰਤੀ ਦੀਆਂ ਟਾਹਣੀਆਂ ਉਤੇ
ਰੋਜ਼ ਮਾਸ ਦੇ ਫੁੱਲ ਖਿੜਦੇ ਨੇ, ਰੋਜ਼ ਮਾਸ ਦੇ ਫੁੱਲ ਝੜਦੇ ਨੇ...

ਪਰ ਇਕ ਫੁੱਲ ਕਿਹਾ ਕੁ ਖਿੜਿਆ, ਪਰ ਇਕ ਫੁੱਲ ਕਿਹਾ ਕੁ ਝੜਿਆ
ਧਰਤੀ ਇੰਜ ਕਦੇ ਨਾ ਹੱਸੀ, ਧਰਤੀ ਇੰਜ ਕਦੇ ਨਾ ਰੋਈ
ਕਿਹੋ ਜਿਹੀ ਇਸ ਦੀ ਖ਼ੁਸ਼ਬੋਈ, ਫੁੱਲ ਮੋਇਆ ਪਰ ਮਹਿਕ ਨਾ ਮੋਈ...

ਕਲ੍ਹ ਹੋਠਾਂ 'ਚੋਂ ਔਂਦੀ ਪਈ ਸੀ, ਅੱਜ ਹੰਝੂਆਂ 'ਚੋਂ ਔਂਦੀ ਪਈ-ਏ
ਭਲਕੇ ਯਾਦਾਂ 'ਚੋਂ ਆਵੇਗੀ...
ਸਾਰੀ ਧਰਤੀ ਵਿਰਾਗੀ ਹੋਈ, ਕਿਹੋ ਜਿਹੀ ਇਸ ਦੀ ਖ਼ੁਸ਼ਬੋਈ
ਫੁੱਲ ਮੋਇਆ ਪਰ ਮਹਿਕ ਨਾ ਮੋਈ...

ਅਖ਼ੀਰ ਉਸ ਸੁਹਣੇ ਤਨ ਦੇ ਫੁੱਲ ਵਿਚੋਂ ਮਨ ਦੀ ਸੁਗੰਧੀ ਉੱਡ ਹੀ ਗਈ (ਜਨਮਜਲੀ), ਜ਼ਿੰਦ-ਸਿਗਰਟ ਬਲ ਕੇ, ਆਪਣੇ ਇਸ਼ਕ ਦੀ ਮਹਿਕ ਪੌਣਾਂ ਵਿਚ ਰਲਾ ਗਈ (ਅੱਗ ਦੀ ਬਾਤ)। ਮੌਤ ਤੋਂ ਜਿੰਨੀਆਂ ਵੀ ਘੜੀਆਂ ਉਸ ਨੂੰ ਹੁਦਾਰੀਆਂ ਮਿਲੀਆਂ — ਉਸ ਕਰਜ਼ੇ ਨੂੰ, ਸਣੇ ਵਿਆਜ ਉਸ ਆਪਣੇ ਗੀਤਾਂ ਨਾਲ ਚੁਕਾਇਆ। (ਕੁਫ਼ਰ) — ਜਦ ਉਹਦਾ ਸਾਹਾਂ ਦਾ ਚਲਦਾ ਕਾਫ਼ਲਾ ਥੰਮਿਆ — ਮਰਸੀਏ ਤਾਂ ਕਈ ਲਿਖੇ ਜਾਣਗੇ — ਪਰ ਕਿਸੇ ਵੇਖੇ ਹੋਣ ਜਾਂ ਨਾ ਵੇਖੇ ਹੋਣ ਪਰ ਇਹ ਤੈਅ ਹੈ ਕਿ ਉਸ ਦਿਨ ਇਕ-ਦੋ ਨਹੀਂ ਕਈ ਤਾਰੇ ਅਸਮਾਨ ਤੋਂ ਟੁੱਟੇ ਹੋਣਗੇ (ਹਿਚਕੀ)

ਇਹ ਕਿਸ ਤਰ੍ਹਾਂ ਦੀ ਸੁੰਨ ਵਿਆਪੀ ਹੋਵੇਗੀ — ਇਮਰੋਜ਼ ਦੀ ਜ਼ਿੰਦਗੀ ਵਿਚ

— ਜੋ ਉਸ ਰਾਤ ਅੰਮ੍ਰਿਤਾ ਨੂੰ ਮੁੱਖ-ਅਗਨੀ ਦੇਣ ਉਪਰੰਤ ਉਹ ਆਪਣੇ ਅੰਦਰਲੇ ਖਲਾਅ ਨੂੰ ਇਕ ਕਵਿਤਾ ਵਿਚ ਢਾਲ ਸਕਿਆ —

ਕਲ੍ਹ ਤਕ
ਜ਼ਿੰਦਗੀ ਕੋਲ ਇਕ ਰੁੱਖ ਸੀ —
ਜ਼ਿੰਦਾ ਰੁੱਖ
ਫੁੱਲਾਂ ਫਲਾਂ ਤੇ ਮਹਿਕਾਂ ਨਾਲ ਭਰਿਆ
ਤੇ ਅੱਜ
ਜ਼ਿੰਦਗੀ ਕੋਲ ਸਿਰਫ਼ ਜ਼ਿਕਰ ਹੈ
ਪਰ ਹੈ ਜ਼ਿੰਦਾ ਜ਼ਿਕਰ
ਉਸ ਰੁੱਖ ਦਾ
ਰੁੱਖ, ਜੋ ਹੁਣ ਬੀਜ ਬਣ ਗਿਆ
ਤੇ ਬੀਜ
ਹਵਾਵਾਂ ਨਾਲ ਰੱਲ ਕੇ
ਉੱਡ ਗਿਆ ਹੈ
ਪਤਾ ਨਹੀਂ ਕਿਸ ਧਰਤੀ ਦੀ
ਤਲਾਸ਼ ਵਿਚ...
— ਇਮਰੋਜ਼, 31.10.05

ਪਰ ਕਈ ਵਾਰ ਇਹ ਵੀ ਲਗਦਾ ਹੈ — ਅੰਮ੍ਰਿਤਾ ਜਿਹੀ ਸ਼ਖ਼ਸੀਅਤ ਇੰਨੀ ਆਸਾਨੀ ਨਾਲ ਨਹੀਂ ਜਾ ਸਕਦੀ। ਅੰਮ੍ਰਿਤਾ ਦਾ ਦਿੱਤਾ ਇਕ ਕਾਸ਼ਨੀ ਫੁੱਲਾਂ ਦਾ ਬੂਟਾ ਜਿਸ ਦਾ ਬਹੁਤ ਕੋਸ਼ਿਸ਼ ਕਰਨ ਉੱਤੇ ਵੀ ਨਾਂ ਨਹੀਂ ਪਤਾ ਚਲਿਆ, ਆਖ਼ਰ ਹਾਰ ਕੇ ਉਸ ਨੂੰ ਮੈਂ ਅੰਮ੍ਰਿਤਾ ਕਹਿ ਕੇ ਬੁਲਾਉਣਾ ਸ਼ੁਰੂ ਕਰ ਦਿੱਤਾ ਹੈ। ਉਸ ਉੱਤੇ ਖਿੜਦੇ ਫੁੱਲਾਂ ਨੂੰ ਵੇਖ ਮੈਨੂੰ ਲਗਦਾ ਏ, ਅੰਮ੍ਰਿਤਾ ਖਿੜ ਰਹੀ ਏ — ਸੋ...

ਅੱਜ ਫਿਰ...
ਅੰਮ੍ਰਿਤਾ ਖਿੜੀ ਏ
ਮੇਰੇ ਘਰ ਦੇ ਬਾਹਰਵਾਰ
ਹਮੇਲੀਆ, ਚਮੇਲੀ ਦੇ ਫੁੱਲਾਂ ਵਿਚਕਾਰ
ਕਾਸ਼ਨੀ ਫੁੱਲਾਂ, 'ਤੇ ਆਇਆ ਹੈ ਜੋਬਨਵੰਤਾ ਖ਼ੁਮਾਰ...
ਨਹੀਂ ਜਾਣਾ ਕਿਤੇ ਨਹੀਂ
ਉਸ ਤੱਜ ਕੇ ਇਹ ਸੰਸਾਰ
ਉਹ ਜੋ ਖ਼ੁਸ਼ਬੋ ਬਣ ਕੇ ਉੱਡੀ ਏ
ਕਲ੍ਹ ਫੁੱਲ ਬਣ ਕੇ ਪਰਤ ਆਵੇਗੀ...
ਫੇਰ ਇਕ ਵਾਰ

ਅੰਤ ਵਿਚ ਅੰਮ੍ਰਿਤਾ ਦੀ ਨਜ਼ਮ 'ਕਲਮ ਦਾ ਭੇਤ' ਵਿਚੋਂ ਕੁਝ ਸਤਰਾਂ ਉਨ੍ਹਾਂ ਦੀ ਯਾਦ ਨੂੰ ਅਰਪਿਤ ਕਰਦੀ ਹਾਂ –

ਛੱਡ ਕੇ ਛਾਵਾਂ ਨੂੰ ਜੋ ਰਾਹਵਾਂ ਨੂੰ ਚੁੰਮੇਗਾ ਕੋਈ
ਓਸ ਨੂੰ ਹਰ ਕਦਮ ਮੇਰਾ ਨਜ਼ਰ ਆਉਂਦਾ ਜਾਵੇਗਾ...
ਇਸ਼ਕ ਦੀ ਦਹਿਲੀਜ਼ ਤੇ ਸਜਦਾ ਕਰੇਗਾ ਜਦ ਕੋਈ
ਯਾਦ ਫਿਰ ਦਹਿਲੀਜ਼ ਨੂੰ ਮੇਰਾ ਜ਼ਮਾਨਾ ਆਏਗਾ...

# ਅੰਮ੍ਰਿਤਾ – ਇਕ ਪੂਰੀ ਕਾਇਨਾਤ

ਅੰਮ੍ਰਿਤਾ ਜੀ ਨਾਲ ਜੁੜੀਆਂ ਯਾਦਾਂ ਦਾ ਅਖੁੱਟ ਖਜ਼ਾਨਾ ਹੈ ਜਿਹੜਾ ਪੂਰੀ ਲੋਕਾਈ ਨੂੰ ਵੰਡਦੀ ਰਹਾਂ–ਨਹੀਂ ਖ਼ਤਮ ਹੋਣਾ। ਕੋਈ ਉਨ੍ਹਾਂ ਨੂੰ ਇਕ ਵੇਰ ਮਿਲ ਲੈਂਦਾ ਤਾਂ ਆਪਣੇ ਅਨੁਭਵਾਂ, ਮਹਿਸੂਸਣੀਆਂ ਦੀਆਂ ਲੰਮੀਆਂ ਬਾਤਾਂ ਛੋਹ ਲੈਂਦਾ – ਉਨ੍ਹਾਂ 'ਤੇ ਗੀਤ ਰਚ ਲੈਂਦਾ...ਉਨ੍ਹਾਂ ਦੀ ਇਕ ਝਲਕ ਹੀ ਉਸ ਨੂੰ ਪਰੀ-ਕਹਾਣੀਆਂ ਦੇ ਦੇਸ ਲੈ ਜਾਂਦੀ...ਫਿਰ ਮੈਂ ਤਾਂ 16-17 ਵਰ੍ਹੇ ਲਗਾਤਾਰ ਉਨ੍ਹਾਂ ਦੇ ਅੰਗ-ਸੰਗ ਰਹੀ ਹਾਂ...ਉਨ੍ਹਾਂ ਦੀਆਂ ਕਵਿਤਾਵਾਂ, ਕਹਾਣੀਆਂ, ਨਾਵਲ, ਲੇਖ, ਦੋਸਤ, ਮਿੱਤਰ, ਆਲੋਚਕ, ਇਮਰੋਜ਼, ਅਲਕਾ, ਬੱਚੇ, ਪ੍ਰਸ਼ੰਸਕ, ਅਣਜੰਮੇ ਇਸ਼ਕਾਂ, ਮੇਰਾ ਆਰ-ਪਰਿਵਾਰ, ਫੁੱਲ ਬੂਟੇ, ਕਿਤਾਬਾਂ, ਖਰੀਦ ਫਰੋਖ਼ਤ, ਗਹਿਣੇ, ਘੋੜੀਆਂ, ਲੋਕ ਗੀਤ, ਕੰਮ ਵਾਲੇ ਕੁਝ ਵੀ ਸਾਡੀ ਗੱਲਬਾਤ ਦਾ ਵਿਸ਼ਾ ਬਣ ਜਾਂਦੇ।

ਸਾਡੇ ਸੰਬੰਧਾਂ ਦੀ ਸ਼ੁਰੂਆਤ ਤਾਂ ਇਕ ਅਨੁਵਾਦਕ ਤੇ ਲੇਖਕ ਵਿਚਲੇ ਸੰਬੰਧਾਂ ਤੋਂ ਸ਼ੁਰੂ ਹੋਈ ਸੀ – ਖੌਰੇ ਕਿਸ ਨੇ ਉਨ੍ਹਾਂ ਨੂੰ ਦੱਸ ਪਾਈ ਸੀ – ਕਿਥੋਂ ਮੇਰਾ ਫ਼ੋਨ ਨੰਬਰ ਲਿਆ ਸੀ – ਨਾ ਮੈਂ ਪੁੱਛਿਆ, ਨਾ ਉਨ੍ਹਾਂ ਕਦੇ ਦੱਸਿਆ...ਇਸ ਤੋਂ ਪਹਿਲਾਂ ਸੰਨ 1975 ਵਿਚ ਉਨ੍ਹਾਂ ਨੂੰ ਮਿਲੀ ਸਾਂ ਇਕ ਪ੍ਰਸ਼ੰਸਕ ਵਜੋਂ...ਪਰ ਬਚਕਾਨੀ ਜਿਹੀ ਉਮੰਗ ਨਾਲ...ਕਾਲਾ ਗੁਲਾਬ ਤੇ ਦਿੱਲੀਆਂ ਦੀਆਂ ਗਲੀਆਂ ਪੜ੍ਹ ਕੇ। ਤੇ ਉਹ ਮੁਲਾਕਾਤ ਬਸ ਉਥੇ ਹੀ ਰਹਿ ਗਈ...ਇਕ ਦੋ ਗੋਸ਼ਟੀਆਂ ਵਿਚ ਉਨ੍ਹਾਂ ਨੂੰ ਵੇਖਿਆ। ਫਿਰ ਸਾਲਾਂ ਦੇ ਅੰਤਰਾਲ ਪਿਛੋਂ ਲਗਪਗ 10 ਸਾਲ ਬਾਅਦ ਮੈਂ ਵਿਆਹ ਕੇ ਉਨ੍ਹਾਂ ਦੇ ਹੌਜ਼ਖ਼ਾਸ ਦੇ ਨਾਲ ਲਗਦੇ ਸਫ਼ਦਰਜੰਗ ਡਿਵੈਲਪਮੈਂਟ ਏਰੀਆ ਵਿਚ ਆ ਗਈ। ਇਕ-ਦੋ ਵੇਰ ਸੈਰ ਕਰਦਿਆਂ ਉਸ ਘਰ ਨੂੰ ਹਸਰਤ ਨਾਲ ਵੇਖਿਆ। ਫਿਰ ਉਨ੍ਹਾਂ ਨੂੰ ਇਮਰੋਜ਼ ਨਾਲ, ਕਰਤਾਰ ਸਿੰਘ ਦੁੱਗਲ ਤੇ ਭਾਪਾ ਪ੍ਰੀਤਮ ਸਿੰਘ ਨੂੰ ਕਈ ਵੇਰ ਆਪਣੇ ਘਰ ਦੇ ਸਾਹਮਣੇ ਦੇ ਪਾਰਕ ਦੇ ਆਲੇ-ਦੁਆਲੇ ਸੈਰ ਕਰਦਿਆਂ ਵੇਖਿਆ। ਹਾਂ, ਸੱਚ ਇਕ ਵੇਰ ਜੋਗੀ ਦੀਦੀ (ਸ਼ਾਇਰ ਦੇਵ ਦੀ ਪਤਨੀ) ਦਾ ਸੁਨੇਹਾ ਕੰਦਲਾ ਲਈ ਲੈ ਕੇ ਗਈ ਤੇ ਗਲਤੀ ਨਾਲ ਅੰਮ੍ਰਿਤਾ ਜੀ ਦੀ ਪਹਿਲੀ ਮੰਜ਼ਿਲ ਦੀ ਘੰਟੀ ਦਬ ਬੈਠੀ ਤੇ ਅੰਮ੍ਰਿਤਾ ਜੀ ਨੇ ਖਿੜਕੀ 'ਚੋਂ ਝਾਕ ਮੈਨੂੰ ਦੂਜੀ ਮੰਜ਼ਿਲ ਦੀ ਘੰਟੀ ਵਜਾਉਣ ਨੂੰ ਕਿਹਾ।

ਇਕ ਹੋਰ ਗੱਲ – ਅੰਮ੍ਰਿਤਾ ਜੀ ਦੇ ਇਸ ਸੱਦੇ ਤੋਂ ਕੁਝ ਹਫ਼ਤੇ ਪਹਿਲਾਂ ਮੈਂ ਤੇ ਹਰਪ੍ਰੀਤ ਕਿਤੋਂ ਆ ਰਹੇ ਸਾਂ ਕਿ ਸ਼ਾਇਰ ਦੇਵ ਇਮਰੋਜ਼ ਹੁਰਾਂ ਨਾਲ ਮਾਰਕਿਟ ਜਾਂਦੇ ਦਿਖੇ। ਅਸੀਂ ਉਨ੍ਹਾਂ ਨੂੰ ਘਰ ਆਉਣ ਦਾ ਸੱਦਾ ਦਿੱਤਾ ਤਾਂ ਉਹ ਸਾਡੇ ਨਾਲ ਹੀ ਚਲੇ ਆਏ। ਉਸ ਤੋਂ ਬਾਅਦ ਇਮਰੋਜ਼ ਇਕ ਵੇਰ ਹੋਰ ਸਾਡੇ ਘਰ ਆਏ। ਹਰਪ੍ਰੀਤ ਤੋਂ

ਐਗਜ਼ੀਮਾ ਦੀ ਦਵਾਈ ਕਿਸੇ ਲਈ ਲੈਣ। ਪਿਛਲੀ ਮੁਲਾਕਾਤ ਵਿਚ ਹਰਪ੍ਰੀਤ ਨੇ ਜਲੰਧਰ ਦੇ ਕਿਸੇ ਬੰਦੇ ਦੀ ਇਸ ਸ਼ਫ਼ਾ ਬਾਰੇ ਦੱਸਿਆ ਸੀ।

ਅਤੇ ਹੁਣ ਅੰਮ੍ਰਿਤਾ ਜੀ ਦੇ ਬੁਲਾਉਣ ਤੇ ਕਿ ਉਨ੍ਹਾਂ ਨੂੰ ਹਿੰਦੀ ਅਨੁਵਾਦਕ ਦੀ ਲੋੜ ਹੈ ਅਤੇ ਉਨ੍ਹਾਂ ਸੁਣਿਆ ਹੈ ਕਿ ਮੇਰੀ ਹਿੰਦੀ ਪੰਜਾਬੀ ਦੋਹਾਂ ਭਾਸ਼ਾਵਾਂ ਉੱਤੇ ਬਰਾਬਰ ਦੀ ਕਮਾਂਡ ਹੈ। ਇਸ ਨੂੰ ਮੈਂ ਪਹਿਲੀ ਮੁਲਾਕਾਤ ਮੰਨਦੀ ਹਾਂ ਅਤੇ ਇਹ ਅੱਜ ਵੀ ਸਗਵੀਂ ਦੀ ਸਗਵੀਂ ਮੇਰੇ ਚੇਤਿਆਂ ਵਿਚ ਖੁਣੀ ਹੋਈ ਹੈ। ਉਨ੍ਹਾਂ ਮੈਨੂੰ ਆਪਣਾ ਕੰਮ ਦੱਸਦੇ ਹੋਏ ਕਿਹਾ — ਲੇਖਾ ਮਾਂਚੀ ਦਾ। ਪਰ ਮੈਂ ਸਪਸ਼ਟ ਇਨਕਾਰ ਕਰ ਦਿੱਤਾ ਜਿਸ ਔਰਤ ਦੇ ਨਾਲ ਰਹਿਣਾ ਲੋਚ ਰਹੀ ਸਾਂ ਉਸ ਤੋਂ ਪੈਸੇ ਲਵਾਂ...ਇਕ ਕਿਤਾਬ ਦੇ ਪੈਸੇ ਉਨ੍ਹਾਂ ਜਬਰਨ ਦਿੱਤੇ ਕਿ ਇਹ ਪ੍ਰਕਾਸ਼ਕ ਨੇ ਦਿੱਤੇ ਹਨ — ਇਕ ਹੋਰ ਕਿਤਾਬ ਦੇ ਅਨੁਵਾਦ 'ਤੇ ਉਨ੍ਹਾਂ ਦੋ ਹਜ਼ਾਰ ਰੁਪਇਆਂ ਦਾ ਚੈੱਕ ਦਿੱਤਾ, ਚੈੱਕ ਹੱਥ 'ਚ ਫੜ ਸਵੀਕਾਰਦਿਆਂ...ਦੁਬਾਰਾ ਉਨ੍ਹਾਂ ਦੇ ਹੱਥ ਉਹੀ ਚੈੱਕ ਫੜਾਉਂਦਿਆਂ — ਨਾਲ ਹੀ ਮੈਂ ਉਨ੍ਹਾਂ ਨੂੰ ਉਨ੍ਹਾਂ ਦੀਆਂ ਕਿਤਾਬਾਂ ਦੀ ਲਿਸਟ ਫੜਾ ਦਿੱਤੀ ਜੋ ਮੇਰੇ ਕੋਲ ਨਹੀਂ ਸਨ। ਉਹ ਸਭ ਕਿਤਾਬਾਂ ਉਨ੍ਹਾਂ ਮੈਨੂੰ ਹੱਸਦੇ ਹੋਇਆਂ ਦਿੱਤੀਆਂ ਤੇ ਉਸ ਤੋਂ ਬਾਅਦ ਜਿਹੜੀ ਵੀ ਕਿਤਾਬ ਛਾਇਆ ਹੋ ਕੇ ਆਉਂਦੀ ਉਸ ਉੱਤੇ ਲਿਖ ਕੇ ਦਿੰਦੇ ਆਪਣੀ ਅਮੀਆ ਨੂੰ, ਪਿਆਰੀ ਅਮੀਆ ਨੂੰ ਜਾਂ ਕਿਸੇ ਹੋਰ ਸੰਬੋਧਨ ਦੇ ਹੇਠਾਂ ਬਹੁਤ ਪਿਆਰ ਨਾਲ, ਆਪਣੀ ਅਮੀਆ ਲਈ, ਅੰਮ੍ਰਿਤਾ ਪ੍ਰੀਤਮ ਵਲੋਂ। ਹੌਲੀ-ਹੌਲੀ ਸਾਡੀ ਸਾਂਝ ਹੋਰ ਗੂੜ੍ਹੀ ਹੁੰਦੀ ਗਈ। ਅੰਮ੍ਰਿਤਾ ਜੀ ਮੇਰੀ ਹਰ ਮੁਸ਼ਕਿਲ ਵੇਲੇ ਬਹੁੜੇ ਹਨ — ਸਹੁਰੇ ਘਰ ਦੀ ਕਿਸੇ ਸਮੱਸਿਆ ਨੂੰ ਲੈ ਕੇ ਪਤੀ ਹਰਪ੍ਰੀਤ ਨੂੰ ਆਪਣੇ ਘਰ ਸੱਦ ਲੰਮੀ ਗੱਲਬਾਤ ਕਰਨੀ — ਕਦੇ ਨੌਕਰੀ ਦੀ ਸਮੱਸਿਆ ਨੂੰ ਲੈ ਕੇ ਖਾਲਸਾ ਈਵਨਿੰਗ ਦੇ ਪ੍ਰਿੰਸੀਪਲ ਮਰਹੂਮ ਡਾ. ਐਸ. ਐਸ. ਰੰਧਾਵਾ, ਡਾ. ਨੂਰ ਅਤੇ ਹੋਰ ਲਗਦਿਆਂ ਨਾਲ ਗੱਲ ਕਰਨੀ — ਜਿਨ੍ਹਾਂ ਨਾਲ ਉਹ ਆਪਣੇ ਕਿਸੇ ਕੰਮ ਲਈ ਸ਼ਾਇਦ ਕਦੇ ਗੱਲ ਨਾ ਕਰਦੇ...ਪਰ ਮੈਨੂੰ ਪਰੇਸ਼ਾਨ ਵੇਖ...ਮੇਰੇ ਨਾਕਾਮ ਇਸ਼ਕ ਨੂੰ ਹਰਪ੍ਰੀਤ ਨੇ ਤਾਂ ਝੇਲਿਆ ਹੀ ਹੈ...ਪਰ ਉਸ ਤੋਂ ਵੀ ਅੱਗੇ ਅੰਮ੍ਰਿਤਾ ਜੀ ਨੂੰ ਰਹਿ-ਰਹਿ ਦੁੱਖ, ਅਫ਼ਸੋਸ ਹੁੰਦਾ — ਆਪਣੇ ਅਖੀਰਲੇ ਦਿਨਾਂ ਤੱਕ ਉਹ ਇਹ ਗੱਲਾਂ ਛੇੜ ਬੈਠਦੇ — ਉਸ ਨੂੰ ਆਪਣੀ ਨਾਕਾਮੀ ਮੰਨ। ਮੈਂ ਕਿਥੇ ਵੀ ਹੋਵਾਂ — ਜਦ ਉਨ੍ਹਾਂ ਦਾ ਦਿਲ ਕਰਦਾ, ਲੋੜ ਪੈਂਦੀ ਬਿਨਾਂ ਕਿਸੇ ਈਗੋ ਦੇ ਉਹ ਉਥੇ ਫ਼ੋਨ ਕਰ ਦਿੰਦੇ — ਮੇਰੇ ਪੇਕੇ, ਮੇਰੀਆਂ ਭੈਣਾਂ, ਮੇਰੀਆਂ ਦੋਸਤਾਂ ਦੇ ਨਾਂ ਵੀ ਫਿਰ ਉਨ੍ਹਾਂ ਦੀ ਡਾਇਰੀ 'ਚ ਸ਼ਾਮਲ ਹੋ ਜਾਂਦੇ। ਜਦ ਆਪਣੇ ਘਰ ਨਾ ਹੋਵਾਂ ਉਥੇ ਫ਼ੋਨ ਕਰ ਪੁੱਛਦੇ।

ਮੇਰੀ ਬੇਟੀ ਦਿਵਲੀਨ ਦੀ ਆਮਦ ਵੀ ਉਨ੍ਹਾਂ ਦੀ ਹੀ ਬਦੌਲਤ ਹੈ। ਉਨ੍ਹਾਂ ਦੀ ਹੀ ਪ੍ਰੇਰਨਾ ਨਾਲ ਇਹ ਸੰਭਵ ਹੋ ਸਕਿਆ। ਦਿਵਲੀਨ ਅਜੇ ਕੁਝ ਦਿਨਾਂ ਦੀ ਸੀ, ਮੈਂ ਜਦੋਂ ਉਨ੍ਹਾਂ ਨੂੰ ਫ਼ੋਨ ਉੱਤੇ ਖ਼ਬਰ ਦਿੱਤੀ। ਉਨ੍ਹਾਂ ਮੇਰੀ ਬੱਚੀ ਨੂੰ ਵੇਖਣ ਦੀ ਇੱਛਾ ਜ਼ਾਹਿਰ ਕੀਤੀ। ਮੈਂ ਕਿਹਾ — ਦੀਦੀ, ਛੇਤੀ ਹੀ ਉਹਨੂੰ ਤੁਹਾਡੇ ਕੋਲ ਲੈ ਕੇ ਆਵਾਂਗੀ। ਉਸ ਅਜ਼ੀਮ ਸ਼ਾਇਰਾ ਦਾ ਕਹਿਣਾ ਸੀ — ਨਹੀਂ ਬੱਚੀ ਨੂੰ ਧੁੱਪ ਵਿਚ ਨਾ ਲੈ ਕੇ ਆਈਂ, ਮੈਂ ਖ਼ੁਦ ਆਵਾਂਗੀ। ਉਨ੍ਹੀਂ ਦਿਨੀਂ ਵੀ ਉਨ੍ਹਾਂ ਦੀ ਤਬੀਅਤ ਕੋਈ ਚੰਗੀ ਨਹੀਂ ਸੀ -- ਉਹ ਮੇਰੇ ਨਵੇਂ ਘਰ (ਮਾਲਵੀਆ ਨਗਰ) ਨੂੰ ਲੱਭਦੇ ਹੋਏ, ਇਮਰੋਜ਼ ਹੁਰਾਂ ਦੇ ਮੋਢੇ ਦਾ ਸਹਾਰਾ ਲੈ ਚਾਰ ਪੌੜੀਆਂ ਚੜ੍ਹ ਕੇ ਅੰਦਰ ਆਏ। ਉਨ੍ਹਾਂ ਦਾ ਦਿੱਤਾ ਤੋਹਫ਼ਾ ਸੀ

ਤੇ ਕੁਝ ਦੇਰ ਮੇਰੀ ਬੱਚੀ ਨਾਲ ਖੇਡ ਕੇ ਗੋਦ ਵਿਚ ਲੈ, ਪਿਆਰ ਕਰ ਚਲੇ ਗਏ। ਉਹ ਯਾਦਾਂ ਦਿਲ ਨੇ ਤਾਂ ਸੰਜੋ ਹੀ ਲਈਆਂ, ਕੈਮਰੇ ਦੀ ਅੱਖ ਨੇ ਵੀ ਬੋਚ ਲਈਆਂ। ਅੱਗੇ ਹਰ ਇਕੱਤੀ ਅਗਸਤ ਅਤੇ ਦਿਵਾਲੀ ਨੂੰ ਤਾਂ ਤੋਹਫ਼ੇ ਮਿਲਦੇ ਹੀ ਸਨ — ਹੁਣ ਬੇਟੀ ਲਈ ਵੀ ਸ਼ਾਮਲ ਹੋ ਗਏ — ਜੋ ਅੱਜ ਤੱਕ ਜਾਰੀ ਹਨ — ਚਾਹੇ ਹੁਣ ਇਹ ਜ਼ਿੰਮੇਵਾਰੀ ਅਲਕਾ—ਇਮਰੋਜ਼ ਹੁਰਾਂ ਸਾਂਭ ਲਈ ਹੈ।

ਜਦੋਂ ਇਮਰੋਜ਼ ਹੁਰਾਂ ਨੇ ਅੰਮ੍ਰਿਤਾ ਦੇ ਹੱਥੀਂ ਪਕਾਈ ਰੋਟੀ ਉਨ੍ਹਾਂ ਦੇ ਘਰ ਪਹਿਲੇ ਵੇਰ ਖਾਧੀ ਸੀ, ਉਹਨਾਂ ਸੂਖਮ ਪਲਾਂ ਨੂੰ ਕੈਮਰੇ ਦੀ ਅੱਖ ਨੇ ਬਹੁਤ ਖ਼ੂਬਸੂਰਤੀ ਨਾਲ ਬੰਨ੍ਹਿਆ ਹੈ — ਉਹ ਤਸਵੀਰ ਮੈਨੂੰ ਬਹੁਤ ਖ਼ੂਬਸੂਰਤ ਲਗਦੀ ਸੀ — ਇਮਰੋਜ਼ ਕਹਿਣ ਲੱਗੇ — ਤੇਰੇ ਲਈ ਮੈਂ ਤਿਆਰ ਕਰ ਦੇਵਾਂਗਾ। ਮੈਂ ਇਹ ਤਸਵੀਰ ਤੇ ਨਿਆਜ਼ਬੋ ਦਾ ਬੂਟਾ 14 ਅਗਸਤ (2002) ਨੂੰ ਆ ਕੇ ਲੈਣ ਲਈ ਕਿਹਾ ਤੇ ਉਸ ਦਿਨ ਜਦ ਸਵੇਰੇ ਗਈ — ਪਤਾ ਚਲਿਆ ਉਹ ਚੋਪੜਾ ਨਰਸਿੰਗ ਹੋਮ (ਗ੍ਰੀਨ ਪਾਰਕ) ਐਡਮਿਟ ਹਨ। ਤਬੀਅਤ ਠੀਕ ਨਹੀਂ...ਪਰ ਇਹ ਤੋਹਫ਼ੇ ਅਲਕਾ ਨੇ ਦੇ ਦਿੱਤੇ। ਉਹ ਅੱਜ ਵੀ ਮੇਰੇ ਅਜਾਇਬ ਘਰ ਦੀ ਖ਼ੂਬਸੂਰਤੀ ਵਧਾ ਰਹੇ। ਉਹ ਜਦ ਵੀ ਕਿਥੇ ਵੀ ਗਏ, ਘਰ ਦਾ ਕੋਈ ਗਿਆ ਜਾਂ ਕਿਸੇ ਤੋਂ ਘਰ ਦਿਆਂ ਲਈ ਕੁਝ ਮੰਗਵਾਇਆ, ਕੋਈ ਇਨਾਮ ਮਿਲਿਆ, ਕੋਈ ਥਿੱਤ-ਤਿਉਹਾਰ ਆਇਆ ਜਾਂ ਉਂਜ ਹੀ ਕੋਈ ਸਬੱਬ ਬਣਿਆ, ਮੇਰਾ ਹਿੱਸਾ ਘਰ ਦੀ ਧੀ ਵਾਲਾ ਹੀ ਰਿਹਾ।

ਉਂਜ ਤਾਂ ਇਹ ਯਾਦਾਂ ਦੀ ਲੰਮੀ ਲੜੀ ਬਣਦੀ ਹੈ...ਪਰ ਕੁਝ ਖ਼ਾਸ ਦਿਨ ਹਮੇਸ਼ਾਂ ਚੇਤਿਆਂ 'ਚ ਖੁਣੇ ਰਹਿਣਗੇ...ਪੰਜਾਬੀ ਅਕਾਦਮੀ ਵਲੋਂ ਐਵਾਰਡ ਮਿਲਣ 'ਤੇ (2000), ਮੇਰੀ ਬੱਚੀ ਨੂੰ ਮੇਰੇ ਘਰ ਆ ਵੇਖਣ ਤੇ (ਮਈ 1995) ਉਨ੍ਹਾਂ ਦੇ 31 ਅਗਸਤ 2002 ਦੇ ਜਨਮ ਦਿਨ 'ਤੇ ਜਦ ਕ੍ਰਿਸ਼ਨ ਜੀ, ਸਾਈਂ ਕਾਕਾ ਅਤੇ ਅੰਮ੍ਰਿਤਾ ਦਾ ਜਨਮ ਦਿਨ ਇਕੋ ਦਿਨ ਮਨਾਇਆ — ਉਨ੍ਹਾਂ ਆਪਣੇ ਪ੍ਰਸ਼ੰਸਕਾਂ ਵਲੋਂ ਪਾਇਆ ਹਾਰ ਆਪਣੇ ਗਲੇ ਤੋਂ ਉਤਾਰ ਮੇਰੇ ਗਲ ਪਾ ਦਿੱਤਾ। 11 ਅਗਸਤ 2003 ਜਦ ਪੰਜਾਬੀ ਸਾਹਿਤ ਸਭਾ ਵਲੋਂ ਫੈਲੋਸ਼ਿਪ ਦਿੱਤੀ ਗਈ ਉਸ ਵਿਚ ਬਾਹਰ ਦਿਆਂ 'ਚੋਂ ਸਿਰਫ਼ ਮੈਨੂੰ ਸ਼ਾਮਲ ਕਰਨਾ ਜ਼ਰੂਰੀ ਸਮਝਿਆ।

ਪੁਰਾਣੀਆਂ ਯਾਦਾਂ ਨੂੰ ਪਰੇ ਕਰ ਸਿਰਫ਼ ਉਨ੍ਹਾਂ ਦੇ ਕੁਝ ਅੰਤਲੇ ਦਿਨਾਂ ਦੀਆਂ ਗੱਲਾਂ, ਜੋ ਮੇਰੀ ਡਾਇਰੀ ਵਿਚ ਦਰਜ ਹਨ, ਪਾਠਕਾਂ ਸਾਹਵੇਂ ਰੱਖਣਾ ਚਾਹਵਾਂਗੀ। ਪਿਛਲੇ ਦੋ ਸਾਲਾਂ ਤੋਂ ਕਿਤੇ ਵੀ ਹੋਵਾਂ ਮੋਬਾਇਲ ਦੀ ਟ੍ਰਿਨ-ਟ੍ਰਿਨ ਹੁੰਦੀ ਤੇ ਉਨ੍ਹਾਂ ਦੀ ਢਿੱਲੀ ਜਿਹੀ ਆਵਾਜ਼ ਆਉਂਦੀ — ਕਿੱਥੇ ਰਹਿ ਗਈ ਉਹ ਰੋਜ਼-ਰੋਜ਼ ਆਉਣ ਵਾਲੀ ਕੁੜੀ ? ਹੁਣ ਜ਼ਿਆਦਾ ਨਾਗੇ ਨਾ ਪਾਇਆ ਕਰ, ਮੈਂ ਜ਼ਿਆਦਾ ਚਿਰ ਨਹੀਂ ਜੀਊਣਾ।

ਫ਼ਰਵਰੀ 2003 ਵਿਚ ਇਕ ਦੁਰਘਟਨਾ ਵਿਚ ਮੇਰਾ ਮੋਢਾ ਫ਼ਰੀਜ਼ ਹੋ ਗਿਆ। ਪੀੜ ਨਾਲ ਬੇਹਾਲ ਕਿਤੇ ਜਾਣ ਨੂੰ ਰੂਹ ਨਾ ਕਰਦੀ। ਪਰ ਅੰਮ੍ਰਿਤਾ ਜੀ ਦਾ ਹੁਕਮ ਟਾਲ ਨਾ ਸਕਦੀ। ਸੋ ਕਦੇ-ਕਦਾਈਂ ਸਵੇਰ ਦੀ ਸੈਰ ਕਰਦੇ-ਕਰਦੇ ਪੈਦਲ ਹੀ ਉਨ੍ਹਾਂ ਦੇ ਘਰ ਵਲ ਚਲ ਪੈਂਦੀ। ਅੱਧੇ ਘੰਟੇ ਪਿਛੋਂ ਉਨ੍ਹਾਂ ਦੇ ਘਰ ਪਹੁੰਚਦੀ ਉਹ ਸੁੱਤੇ ਹੋਣ ਤਾਂ ਮੈਂ ਵੀ ਨਾਲ ਹੀ ਸੌਂ ਜਾਂਦੀ — ਜਦੋਂ ਉਠਦੇ — ''ਤੂੰ ਕਦੋਂ ਆਈ ?'' ਤੇ ਫਿਰ ਦੁਨੀਆਂ ਭਰ ਦੀਆਂ ਗੱਲਾਂ ਹੁੰਦੀਆਂ — ਪੁਰਾਣੀਆਂ ਯਾਦਾਂ, ਦੋਸਤੀਆਂ, ਆਲੋਚਕਾਂ,

ਗਲਤੀਆਂ, ਨਾਕਰਦਾ ਗੁਨਾਹਾਂ ਅਤੇ ਇਧਰ-ਉਧਰ ਦੀਆਂ। ਪਰ ਹੁਣ ਇਹ ਬਿਮਾਰੀ ਬਹੁਤ ਵੱਧ ਗਈ...ਲੇਟੇ-ਲੇਟੇ ਦਿਲ ਢਾਹ ਬੈਠੇ। ਚਲਣੋਂ ਆਵਾਜ਼ਾਰ, ਤਕਲੀਫ਼, ਪੀੜ ਦਾ ਲੰਮਾ ਦੌਰ—ਅਮੀਆ, ਰੱਬ ਨੂੰ ਕਹਿ ਮੈਨੂੰ ਛੇਤੀ...ਕਦੇ ਕਹਿੰਦੇ...ਮੇਰੀ ਮਿੱਟੀ ਨੂੰ ਅੱਗ ਕਿਉਂ ਨਹੀਂ ਦਿੰਦੇ ? ਕਦੇ ਕਹਿਣ—ਜ਼ਹਿਰ ਕਿਥੋਂ ਮਿਲਦਾ ਹੈ ? ...ਮੈਂ ਕੰਬ ਉਠਦੀ-ਨਾ ਦੀਦਾ, ਇਹੀ ਦੁਆ ਹੈ ਛੇਤੀ ਤੋਂ ਛੇਤੀ ਰਾਜੀ ਹੋਵੋ। ਜਾਣਦੀ ਸਾਂ — ਇਹ ਸੰਭਵ ਨਹੀਂ...ਉਹ ਹੌਲੀ-ਹੌਲੀ ਖੁਰ ਰਹੇ ਸਨ — ਬਹੁਤ ਤਕਲੀਫ਼ ਵਿਚ ਸਨ — ਤਾਂ ਵੀ ਸੁਪਨਿਆਂ 'ਚ ਜਿਊਂਦੀ ਕਿ ਕੀ ਪਤਾ ਕੋਈ ਕਰਿਸ਼ਮਾ ਹੋ ਜਾਏ — ਉਹ ਠੀਕ ਹੋ ਜਾਣ...ਉਨ੍ਹਾਂ ਬਿਨਾਂ ਦੁਨੀਆਂ ਦਾ ਕਾਰੋਬਾਰ ਕਿਵੇਂ ਚਲੇਗਾ...ਇਹ ਮੋਬਾਇਲ ਲਿਆ ਹੀ ਉਨ੍ਹਾਂ ਕਰਕੇ ਸੀ — ਜਦ ਚਾਹੁਣ — ਮੈਨੂੰ ਇਕਦਮ ਪਤਾ ਚਲ ਜਾਏ, ਨਾਲੇ ਉਨ੍ਹਾਂ ਨੂੰ ਅਲਗ-ਅਲਗ ਘਰ, ਥਾਂ ਫੋਨ ਕਰ ਮੈਨੂੰ ਲੱਭਣਾ ਨਾ ਪਏ। ਪਰ ਹੁਣ ਹੋਰ ਤਬੀਅਤ ਖ਼ਰਾਬ ਹੋਣ 'ਤੇ ਕਦੇ ਅਲਕਾ, ਕਦੇ ਕੰਦਲਾ, ਕਦੇ ਇਮਰੋਜ਼ ਜਾਂ ਫਿਰ ਕੋਈ ਹੋਰ ਨੇੜੇ ਹੋਵੇ ਉਸ ਤੋਂ ਫੋਨ ਕਰਾਂਦੇ...ਅਮੀਆ ਬਈ, ਹੁਣ ਆ ਜਾ, ਬਹੁਤ ਦਿਨ ਹੋ ਗਏ। ਹੁਣ ਵੀ ਅਲਕਾ ਜਾਂ ਇਮਰੋਜ਼ ਜੀ ਦਾ ਫੋਨ ਆਉਂਦਾ ਹੈ ਤੇ ਮੈਂ ਉਨ੍ਹਾਂ ਦੇ ਘਰ ਵੱਲ ਚਲ ਪੈਂਦੀ ਹਾਂ (ਇਹ ਸਿਲਸਿਲਾ ਬਦਸਤੂਰ ਜਾਰੀ ਹੈ — ਹੁਣ ਵੀ ਅਲਕਾ ਇਮਰੋਜ਼ ਨਾਲ ਉਨ੍ਹਾਂ ਦੇ ਘਰ ਦੀ ਛੱਤ ਤੇ ਬੈਠੀ ਧੁੱਪ ਸੇਕਦਿਆਂ — ਅੰਮ੍ਰਿਤਾ ਜੀ ਦੀ ਮੌਜੂਦਗੀ ਦਾ ਅਹਿਸਾਸ ਅਸੀਂ ਤਿੰਨੇ ਮਾਣਦੇ ਹਾਂ...ਉਨ੍ਹਾਂ ਦੀ ਹੋਂਦ ਇਕ ਪਲ ਲਈ ਵੀ ਤਾਂ ਮਨਫ਼ੀ ਨਹੀਂ ਹੋਈ — ਨਾ ਉਨ੍ਹਾਂ ਦੇ ਸਸਕਾਰ ਬਾਅਦ ਅਤੇ ਨਾ ਹੀ ਉਨ੍ਹਾਂ ਦੇ ਫੁਲ ਜਮਨਾ ਵਿਚ ਤਾਰਨ ਬਾਅਦ।)

31 ਅਗਸਤ 2004 ਜਿਉਂ ਹੀ ਹੌਜ਼ ਖਾਸ ਦੇ ਕੇ ਬਲਾਕ ਵਿਚ ਦਾਖਲ ਹੁੰਦੀ ਹਾਂ—ਆਲੇ-ਦੁਆਲੇ ਦੀਆਂ ਕੋਠੀਆਂ ਦੇ ਚੌਕੀਦਾਰ, ਡਰਾਈਵਰ, ਕੰਮਾਂ ਵਾਲੀਆਂ ਅਤੇ ਇਕ ਦੋ ਗੁਆਂਢੀਆਂ ਦੀਆਂ ਅੱਖਾਂ ਵਿਚ ਆਪਣੇ ਲਈ ਪਛਾਣ ਤੇ ਹੋਠਾਂ ਤੇ ਮੁਸਕਾਨ ਵੇਖਦੀ ਹਾਂ — ਇਕ ਦੋ ਹੱਥ ਸਲਾਮ ਦੀ ਮੁਦਰਾ ਵਿਚ ਉਠ ਜਾਂਦੇ ਹਨ। ਸਾਹਮਣੇ ਇਮਰੋਜ਼ ਬੂਟਿਆਂ ਨੂੰ ਪਾਣੀ ਦੇ ਰਹੇ — 'ਗੁਡ ਮਾਰਨਿੰਗ' ਕਹਿੰਦੀ ਹਾਂ। ਉਹ ਗਲਵਕੜੀ 'ਚ ਲੈ ਲੈਂਦੇ ਹਨ — ਵਾਹ, ਅਜ ਤੇ ਬੜੀ ਚੰਗੀ ਸਵੇਰ ਹੋ ਗਈ। ਪੌੜੀਆਂ ਚੜ੍ਹ ਅੰਮ੍ਰਿਤਾ ਜੀ ਦੇ ਸੌਣ ਕਮਰੇ ਵਿਚ ਜਾਂਦੇ ਹਨ — ''ਮਾਂ ਸਦਕੇ ਉਠ ਵੇਖ; ਫੁੱਲਾਂ ਜਿਹੇ ਹਾਸੇ ਵਾਲੀ ਕੁੜੀ, ਫੁੱਲ ਲੈ ਕੇ ਆਈ ਆ।' ਅੰਮ੍ਰਿਤਾ ਜੀ ਮੇਰੇ ਵੱਲ ਵੇਖ ਪੋਲੇ ਜਿਹੇ ਮੁਸਕਰਾਉਂਦੇ ਹਨ, ਹੱਥ ਵਧਾਉਂਦੇ ਹਨ—ਹੁਣ ਜ਼ਿਆਦਾ ਦੇਰ ਨਹੀਂ...ਮੈਂ ਉਨ੍ਹਾਂ ਦੇ ਚਿਹਰੇ ਉੱਤੇ ਆਈਆਂ ਲਿੱਟਾਂ ਪਰੇ ਕਰਦਿਆਂ (ਮੈਨੂੰ ਉਹ ਹਾਲੇ ਵੀ ਦੁਨੀਆ ਦੀ ਸਭ ਤੋਂ ਖ਼ੂਬਸੂਰਤ ਔਰਤ ਲੱਗਦੀ ਹੈ) ਮੱਥੇ ਨੂੰ ਚੁੰਮਦਿਆਂ ਕਹਿੰਦੀ ਹਾਂ — ਨਾ ਦੀਦਾ ਇੰਜ ਨਾ ਕਹਿ...ਕਦੇ ਉਹ ਕਿਸੇ ਬੇਵਫ਼ਾ ਦੋਸਤ, ਸਵਾਰਥੀ ਸਾਹਿਤਕ ਦੋਸਤੀਆਂ ਦੇ ਟੁੱਟਣ ਤੇ ਅਫ਼ਸੋਸ ਕਰਦੇ ਦੁਖੀ ਹੁੰਦੇ — ਮੈਂ ਉਸ ਮਾਸੂਮ, ਨਾਜ਼ੁਕ ਮਿਜਾਜ਼, ਕੋਮਲ ਦਿਲ ਦੀ ਮਲਕਾ ਨੂੰ ਕਲਾਵੇ ਵਿਚ ਲੈ ਲੈਂਦੀ ਹਾਂ — ਦੀਦੇ, ਛੱਡ ਇਨ੍ਹਾਂ ਗੱਲਾਂ ਨੂੰ — ਤੇਰੇ ਲਈ ਦੋਸਤਾਂ ਦੀ ਘਾਟ ਨਹੀਂ — ਜਿਹਨੇ ਤੈਨੂੰ ਨਹੀਂ ਵੇਖਿਆ — ਉਹ ਵੀ ਤੇਰਾ ਦੋਸਤ...ਜੇ ਇਹ ਇਕ ਦੋ ਆਪਣੀ ਜਾਤ ਵਿਖਾ ਬੈਠੇ ਤਾਂ...ਕਈ ਵੇਰ ਪੀੜ ਸਹਾਰੀ ਨਹੀਂ ਜਾਂਦੀ...ਅਮੀਆ, ਡਾ. ਕਹਿੰਦੇ ਹਨ ਕਿ ਮੈਨੂੰ ਅਜਿਹੀ ਕੋਈ ਬਿਮਾਰੀ

ਨਹੀਂ ਜੋ ਛੇਤੀ ਮੌਤ ਲੈ ਆਏ...ਤੂੰ ਹੀ ਮੇਰਾ ਗਲਾ ਘੋਟ ਦੇ...ਤੋਬਾ-ਤੋਬਾ। ਅਲਕਾ ਕਹਿਣ ਲੱਗੀ – 'ਮੰਮੀ, ਫਿਰ ਉਹ ਤੁਹਾਡੇ ਵਰਗੀ ਮਾਂ ਕਿਥੋਂ ਲਿਆਵੇਗੀ ?' ਮੈਨੂੰ ਇਹ ਤਸੱਲੀ ਹੈ ਕਿ ਮੇਰੇ ਜਾਣ ਤੇ ਉਹ ਮੈਨੂੰ ਪਛਾਣਦੇ ਹਨ – ਕਦੇ ਕਦਾਈਂ ਕਿਸੇ ਸੁਪਨੇ ਦੀ ਬਾਤ ਛੋਹ ਬਹਿੰਦੇ ਹਨ। ਅੱਜ ਉਨ੍ਹਾਂ ਦਾ ਜਨਮ ਦਿਨ ਅਲਕਾ, ਇਮਰੋਜ਼ ਤੇ ਮੈਂ ਚੁੱਪਚਾਪ ਨੈਸ਼ਨਲ ਟੀ. ਵੀ. ਉੱਤੇ ਆਉਂਦੀ ਉਨ੍ਹਾਂ ਉੱਤੇ ਆਧਾਰਿਤ ਇਕ ਫ਼ਿਲਮ ਵੇਖਦੇ ਬਿਤਾਇਆ। ਵਿਚ ਵਿਚਾਲੇ ਫੋਨ ਆਉਂਦੇ ਰਹੇ – ਮੈਂ ਜਾਂ ਇਮਰੋਜ਼ ਜੀ ਜਵਾਬ ਦਿੰਦੇ – ਪਟਿਆਲੇ ਤੋਂ ਸੁਰਿੰਦਰ ਸ਼ਰਮਾ, ਦਿੱਲੀ ਤੋਂ ਪੂਨਮ ਬੇਦੀ। ਮੁੰਬਈ ਤੋਂ ਵੇਦਰਾਜ ਕਹਿ ਰਹੇ – ਉਨ੍ਹਾਂ ਦੇ ਨਾਲ ਰਹਿ ਫਰਜ਼ ਨਿਭਾ ਰਹੇ ਓ – ਅੱਗੋਂ ਇਮਰੋਜ਼ ਜੀ ਦੀ ਆਵਾਜ਼ ਇਕ ਸੱਚੇ-ਸੁੱਚੇ ਮਰਦ ਦੀ ਆਵਾਜ਼...'ਫਰਜ਼ ਨਹੀਂ' – ਉਹ ਘੜੀ-ਘੜੀ ਆਵਾਜ਼ ਮਾਰਦੇ ਹਨ – ਮੇਰੇ ਕੋਲ ਬੈਠੋ। ਉਨ੍ਹਾਂ ਨੂੰ ਸਾਡਾ ਕੋਲ ਬੈਠਣਾ ਚੰਗਾ ਲਗਦਾ ਹੈ, ਸਾਨੂੰ ਉਨ੍ਹਾਂ ਨਾਲ ਬੈਠਣਾ ਚੰਗਾ ਲਗਦਾ ਹੈ।''

ਹਾਂ, ਇਕ ਗੱਲ ਪਿੱਛੇ ਜਿਹੇ ਉਨ੍ਹਾਂ ਦਾ ਸੌਣ ਕਮਰਾ ਪੜ੍ਹਨ-ਕਮਰੇ ਵਿਚ ਚਲਾ ਗਿਆ ਸੀ, ਜੋ ਕਿ ਇਮਰੋਜ਼ ਦੇ ਕਮਰੇ ਨਾਲ ਲਗਦਾ ਹੈ...ਉਹ ਘੜੀ-ਘੜੀ ਕੰਮ 'ਚੋਂ ਉਠ, ਉਨ੍ਹਾਂ ਨੂੰ ਵੇਖਣ ਆ ਸਕਣ। ਅਜਿਹਾ ਸੌਖ ਲਈ ਕੀਤਾ ਗਿਆ ਸੀ। ਕਿਤਾਬਾਂ ਨੂੰ ਬੇਇੰਤਹਾ ਪਿਆਰ ਕਰਨ ਵਾਲੀ ਵਿਦੂਸ਼ੀ ਇਸ ਤਬਦੀਲੀ ਨੂੰ ਬਹੁਤ ਓਪਰੀ ਨਜ਼ਰ ਨਾਲ ਵੇਖਦੀ, ਕਹਿੰਦੀ, ''ਇਹ ਕੀਹਦਾ ਘਰ ਹੈ ? ਮੈਂ ਕਿਥੇ ਆ ਗਈ ਹਾਂ ? ਮੈਨੂੰ ਮੇਰੇ ਘਰ ਪਹੁੰਚਾ ਦੇਵੋ'' ਇਸ ਸਭ ਕਾਸੇ ਨੂੰ ਆਪਣੀ ਨਜ਼ਮ 'ਹੀਰ ਰੂਹ ਤੇ ਰਾਂਝਾ ਕਲਬੂਤ ਜਾਣਿਓ' ਵਿਚ ਪ੍ਰਗਟਾਇਆ ਹੈ। ਫੇਰ ਉਹ ਵਾਪਸ ਆਪਣੇ ਪੁਰਾਣੇ ਸੌਣ ਕਮਰੇ ਵਿਚ ਆ ਗਏ ਸਨ, ਜ਼ਿੱਦ ਕਰਕੇ।

ਉਨ੍ਹਾਂ ਦੀ ਦਿਲੀ ਹਸਰਤ ਰਹੀ ਕਿ ਮੈਂ ਆਪਣਾ ਇਕ ਨਿਜ ਦਾ ਘਰ ਬਣਾਵਾਂ। ਜਿਥੇ ਵੀ ਦੱਸ ਪੈਂਦੀ – ਸਸਤਾ, ਆਸਾਨ ਕਿਸ਼ਤਾਂ ਵਿਚ ਘਰ ਮਿਲਣ ਦੀ, ਝੱਟ ਮੈਨੂੰ ਫ਼ੋਨ ਕਰਕੇ–ਕਦੇ ਨਵਰਾਜ ਤੇ ਕਦੇ ਅਸਮਾ ਨੂੰ ਪੁੱਛਦੇ – ਅਮੀਆ ਲਈ ਕੋਈ ਘਰ...ਅੰਮ੍ਰਿਤਾ ਕਹਿੰਦੀ ਹੈ – ਨਜ਼ਮ ਇਸੇ ਅਨੁਭਵ ਦੀ ਗਾਥਾ ਹੈ।

12 ਸਤੰਬਰ 2004 : ਅਲਕਾ ਦਾ ਫੋਨ ਆਇਆ ਹੈ। ਕਾਲਜ ਦੇ ਸਟਾਫ਼ ਰੂਮ ਵਿਚ ਬੈਠੀ ਸੁਣ ਰਹੀ, ''ਅਮੀਆ ਦੀਦੀ! ਅੱਜ ਮੰਮੀ ਬਹੁਤ ਚੰਗੇ ਮੂਡ ਵਿਚ ਹਨ...ਸੁਣ ਵੀ ਪੂਰੀ ਤਰ੍ਹਾਂ ਰਹੇ, ਗੱਲ ਵੀ ਠੀਕ ਤਰ੍ਹਾਂ ਕਰ ਰਹੇ–ਕਹਿ ਰਹੇ–ਅਮੀਆ, ਬਹੁਤ ਦਿਨਾਂ ਤੋਂ ਨਹੀਂ ਮਿਲੀ...ਆ ਜਾਓ, ਯਾਦ ਕਰ ਰਹੇ ਨੇ।'' ਮਨ ਭਰ ਆਇਆ। ਇਕ ਕਲਾਸ ਬਾਰੇ ਮਨ੍ਹਾਂ ਕਰ, ਚਲ ਪਈ ਹਾਂ ਹੌਜ਼ ਖਾਸ...ਘਰ ਜਾਂਦੇ ਹੀ ਨੌਕਰਾਣੀ ਸ਼ਾਲੂ ਜਿਸਨੂੰ ਉਹ ਕਾਲੀ ਕਹਿੰਦੇ ਹਨ, (ਉਹਨੇ ਵੀ ਹੱਸ ਕੇ, ਖਿੜੇ ਮੱਥੇ ਇਹ ਨਾਂ ਅਪਣਾ ਲਿਆ ਹੈ, ਜਿਵੇਂ ਮੈਂ ਉਨ੍ਹਾਂ ਦੇ ਕਹਿਣ 'ਤੇ ਅਮਰਜੀਤ ਤੋਂ ਹਮੇਸ਼ਾਂ ਲਈ ਅਮੀਆ ਕੁੰਵਰ ਬਣ ਗਈ) ਮੇਰੇ ਵਲ ਹੱਸ ਕੇ ਆਈ – ਦੀਦੀ, ਅੱਜ ਤਾਂ ਅੰਮਾਂ ਜੀ ਬਹੁਤ ਚੰਗੇ ਮੂਡ ਵਿਚ ਹਨ – ਹੱਸ ਕੇ ਗੱਲਾਂ ਕਰ ਰਹੇ – ਤੁਹਾਨੂੰ ਯਾਦ ਕਰ ਰਹੇ – ਅਲਕਾ ਨੇੜੇ ਜਾ ਕੇ ਕਹਿੰਦੀ ਹੈ – ''ਮੰਮੀ, ਜਿਹਨੂੰ ਤੁਸੀਂ ਯਾਦ ਕਰ ਰਹੇ ਸੀ, ਵੇਖੋ ਉਹ ਆ ਗਈ...'' ਤੇ ਫਿਰ ਮੇਰੀ ਦੀਵਾਨਗੀ, ਉਨ੍ਹਾਂ ਦਾ ਮੋਹ, ਪਿਆਰ...''ਅਮੀਆ, ਇਕ ਬੱਚਾ ਤੇਰਾ ਆਪਣਾ ਵੀ...''

ਇਮਰੋਜ਼ ਹੱਸ ਰਹੇ – ਸਵੇਰੇ ਉਹਦੀ ਪੀੜ ਭਰੀ ਆਵਾਜ਼ ਸੁਣ, ਨੇੜੇ ਗਿਆ,

ਘੁੱਟਣ ਲਈ ਹੱਥ ਜਿਸਮ ਤੇ ਧਰਿਆ — ਅੱਗੋਂ ਕਹਿਣ ਲੱਗੀ — ਪਹਿਲਾਂ ਚਿਹਰਾ ਵਿਖਾ, ਕੌਣ ਏ ਤੂੰ ? ਅੱਗੋਂ ਇਮਰੋਜ਼ ਜੀ ਵੀ ਸ਼ਾਤ ਦੀ ਮੁਦਰਾ ਬਣਾ ਉਨ੍ਹਾਂ ਦੇ ਚਿਹਰੇ ਸਾਹਵੇਂ ਆ ਗਏ।

8.06.05 : ਅੱਜ ਦਾ ਦਿਨ ਅਲੋਕਾਰ ਖੁਸ਼ਨੁਮਾ ਅਹਿਸਾਸ ਲਏ ਹੋਏ ਸੀ। ਕੱਲ੍ਹ ਇਮਰੋਜ਼ ਹੁਰਾਂ ਦਾ ਫੋਨ ਆਇਆ ''ਮਿਲਣਾ ਨਹੀਂ''। ਹੁਣ ਦੁਨੀਆ ਦੇ ਖਲਜਗਨਾਂ 'ਚ ਫਸੀ, ਕਿਸੇ ਦੇ ਆਵਾਜ਼ ਮਾਰੇ ਬਿਨਾਂ, ਯਾਦ ਕੀਤੇ ਬਿਨਾਂ ਜਾਣ ਹੀ ਨਹੀਂ ਹੁੰਦਾ। ਸੋ ਇਮਰੋਜ਼ ਜੀ ਦੀ ਪੁਕਾਰ ਦਾ ਮਾਣ ਰਖਦਿਆਂ — ਕਾਹਲੀ ਨਾਲ ਉਨ੍ਹਾਂ ਦੀਆ ਪੰਜ ਛੇ ਨਜ਼ਮਾਂ ਹਿੰਦੀ ਵਿਚ ਅਨੁਵਾਦ ਕੀਤੀਆਂ ਤੇ ਚਲ ਪਈ ਹੌਜ਼-ਖ਼ਾਸ। ਅੱਜ ਕਿੰਨੇ ਚਿਰਾਂ ਬਾਅਦ ਪਤਾ ਚਲਿਆ — ਅੰਮ੍ਰਿਤਾ ਜੀ ਜਾਗ ਰਹੇ ਹਨ — ਨਹੀਂ ਤਾਂ ਹਰ ਵਾਰ ਮੇਰੇ ਸਵਾਲ ਤੇ ਉਹ ਸੁੱਤੇ ਮਿਲਦੇ — ਉਨ੍ਹਾਂ ਕੋਲ ਗਈ ਤਾਂ ਅੱਖਾਂ ਹੀ ਨਹੀਂ ਸਨ ਖੁੱਲ੍ਹੀਆਂ (ਜਾਗਣ ਦੀ ਗਵਾਹੀ ਦਿੰਦੀਆਂ) ਸਗੋਂ ਦਿਮਾਗ, ਚੇਤਾ ਸਭ ਕੁਝ ਜਾਗ ਰਿਹਾ ਸੀ, ਪਰ ਕਵਿਤਾ ਦਾ ਜ਼ਿਕਰ ਹੋਣ ਉੱਤੇ ਪਤਾ ਨਹੀਂ ਕਿਉਂ ਉਹ ਉਸ ਤੋਂ ਉਦਾਸੀਨ ਹੋ ਗਏ ਹਨ — ਭਰਪੂਰ, ਚੇਤੰਨ ਜ਼ਿਕਰ ਹੋਣ 'ਤੇ ਵੀ ਕਵਿਤਾ ਲਈ ਉਨ੍ਹਾਂ ਵਿਚ ਕੁਝ ਨਹੀਂ ਜਾਗਦਾ — ਹਰ ਮੁਥਾਜੀ ਦਾ ਜ਼ਿਕਰ ਕਰਦੇ ਹਨ — ਨਾ ਬੈਠ ਸਕਣ ਦਾ, ਨਾ ਤੁਰ ਸਕਣ ਦਾ — ਪਰ ਨਾ ਲਿਖ ਸਕਣ ਦਾ ਝੋਰਾ ਕਦੇ ਨਹੀਂ ਹੁੰਦਾ — ਇਹ ਇਕ ਅਜੀਬ ਪੜਾਅ ਹੈ —ਖ਼ੈਰ ਮੈਂ ਜਦ ਉਨ੍ਹਾਂ ਦੇ ਨੇੜੇ ਗਈ — ਖੌਰੇ ਕਿੰਨੀ ਵੇਰ ਮੇਰਾ ਨਾਂ ਲੈ ਕੇ ਗੱਲ ਕੀਤੀ ਕਿ ਮੈਨੂੰ ਗਿਣਤੀ ਭੁੱਲ ਗਈ — ਮੇਰੇ ਘਰ ਦੀ, ਬੇਟੀ ਦੀ, ਵਿਆਹ ਪੂਰਵਲੇ ਅਹਿਸਾਸਾਂ ਦੀ, ਸੱਜਰੇ 'ਵਿਆਹ ਦੇ ਦਿਨਾਂ ਦੀ, ਅਖੀਰ ਮਕਾਨ ਲੈਣ ਦੀ...ਪਰ ਅਜੀਬ ਮਾਣ ਭਰਿਆ ਅਹਿਸਾਸ ਸੀ ਇਹ ਸਭ ਕੁਝ ਉਹ ਇਵੇਂ ਕਹਿ ਰਹੇ ਸਨ — ਜਿਵੇਂ ਉਹ ਆਪਣਾ ਹੱਡ ਭੋਗਿਆ ਦੱਸ ਰਹੇ ਹੋਣ। ਫਿਰ ਆਪਣੇ 'ਤੇ ਉਤਰ ਆਏ — ਆਪਣੇ ਔਖੇ ਸੌਖੇ ਦਿਨਾਂ 'ਤੇ, ਪੁੱਤਰ ਦੇ ਬੜੌਦਾ ਪੜ੍ਹਨ 'ਤੇ, ਜਦ ਉਥੇ ਹੜ੍ਹ ਆਏ — ਬੱਚੇ ਜਾਨ ਬਚਾ ਕੇ ਇਧਰ-ਉਧਰ ਪਨਾਹਾਂ 'ਚ ਚਲੇ ਗਏ। ਸ਼ੈਲੀ (ਨਵਰਾਜ) ਦੀ ਕਿਤਿਓਂ ਖ਼ਬਰ ਨਾ ਮਿਲੇ — ਤਾਰਾਂ ਦਿੱਤੀਆਂ, ਸੁਨੇਹੇ ਦਿੱਤੇ — ਇਕ ਦਿਨ ਅਚਾਨਕ ਫੋਨ ਆਇਆ — ਅੱਧ ਪਚੱਧੇ ਕੱਪੜਿਆਂ 'ਚ ਨੱਠ ਕੇ ਫੋਨ ਸੁਨਣ ਗਈ — ਦੂਜੇ ਪਾਸਿਉਂ ਸ਼ੈਲੀ ਨੇ ਸਿਰਫ਼ ਇੰਨਾ ਹੀ ਕਿਹਾ — ਮਾਮਾ, ਮੈਂ ਠੀਕ ਹਾਂ। ਫ਼ਿਕਰ ਨਾ ਕਰਿਓ! ਇਕ ਕਾਂਬਾ ਪੂਰੇ ਜਿਸਮ ਵਿਚ ਛਿੜ ਗਿਆ। ਇਸ ਤੋਂ ਅੱਗੇ ਦਾ ਜ਼ਿਕਰ ਰਸੀਦੀ ਟਿਕਟ ਵਿਚ ਵੀ ਆਉਂਦਾ ਹੈ — ਤ੍ਰਿਪਤਾ ਕਵਿਤਾ ਲਿਖਣ ਦੀ ਜੋ ਭੂਮਿਕਾ ਬਣਿਆ।

ਫਿਰ ਅਚਾਨਕ ਕਹਿਣ ਲੱਗੇ — ਅਮੀਆ ਤੈਨੂੰ ਪਤਾ ਏ — ਮੈਂ ਮਰ ਗਈ ਸਾਂ — ਮੇਰੀਆਂ ਜਿਗਿਆਸੂ ਨਜ਼ਰਾਂ ਦਾ ਉਨ੍ਹਾਂ ਜਵਾਬ ਦਿੱਤਾ — ਦੋ ਫਰਿਸ਼ਤੇ ਸੁਪਨੇ ਵਿਚ ਮੈਨੂੰ ਲੈਣ ਆਏ — ਉਹ ਮੈਨੂੰ ਇਸ ਧਰਤੀ ਤੋਂ ਚੁੱਕ ਖੌਰੇ ਕਿਹੜੇ ਲੰਮੇ ਰਸਤਿਆਂ ਤੋਂ ਲੰਘੀ ਗਏ...ਕੁਝ ਪਤਾ ਨਹੀਂ...ਰਾਹ ਬਹੁਤ ਲੰਮਾ ਸੀ — ਮੈਨੂੰ ਭੁੱਖ ਲੱਗ ਗਈ — ਰਸਤੇ 'ਚ ਚੈਰੀ ਦੇ ਬਹੁਤ ਸਾਰੇ ਰੁੱਖ ਸਨ — ਜਿਨ੍ਹਾਂ ਤੋਂ ਮੈਂ ਚੈਰੀ ਤੋੜ-ਤੋੜ ਕੇ ਖੂਬ ਖਾਧੀ। ਜਦ ਉੱਤੇ ਲੈ ਕੇ ਗਏ — ਉਥੇ ਮੇਰੇ ਲਈ ਉਨ੍ਹਾਂ ਨੂੰ ਕੋਈ ਥਾਂ ਨਾ ਲੱਭੇ — ਕਹਿਣ ਲੱਗੇ — ਸਾਥੋਂ ਗ਼ਲਤੀ ਹੋ ਗਈ — ਹਾਲੇ ਤੁਹਾਡੀ ਉਮਰ ਨਹੀਂ ਪੁੱਗੀ

— ਹਾਲੇ ਤੁਸੀਂ ਧਰਤੀ 'ਤੇ ਹੀ ਕੁਝ ਚਿਰ ਰਹਿਣਾ ਹੈ — ਪਰ ਉਹ ਇੰਨੇ ਸੁਹਣੇ ਸਨ — ਉਹ ਮੌਤ ਦੇ ਫਰਿਸ਼ਤੇ ਨਹੀਂ ਜਾਪਦੇ ਸਨ — ਫਿਰ ਅਚਾਨਕ ਅੰਮ੍ਰਿਤਾ ਨੇ ਹੇਰਵਾ ਕੀਤਾ — ਵੇਖ ਅਮੀਆ — ਮੈਂ 20 ਦੇਸ਼ਾਂ 'ਚ ਘੁੰਮੀ — ਅੱਜ ਇਕ ਮੰਜੀ ਜੋਗੀ ਹੋ ਗਈ ਹਾਂ — ਇਥੋਂ ਉਠ ਨਹੀਂ ਸਕਦੀ। ਮੇਰੇ ਕੋਲ ਪੈਰ ਤਾਂ ਹਨ ਪਰ ਉਨ੍ਹਾਂ ਉੱਤੇ ਭਾਰ ਨਹੀਂ ਪਾ ਸਕਦੀ — ਬੈਠ ਨਹੀਂ ਸਕਦੀ — ਖੜੇ ਨਹੀਂ ਸਕਦੀ। ਕਦੇ ਮੈਂ 6 ਵਰ੍ਹੇ ਰਾਜ ਸਭਾ ਦੀ ਮੈਂਬਰ ਰਹੀ — ਤਿਆਰ ਹੋ ਕੇ ਜਾਂਦੀ — ਇਮਰੋਜ਼ ਨਾਲ ਜਾਂਦੇ — ਗੱਡੀ ਡਰਾਈਵ ਕਰਕੇ — ਉਥੇ ਦੋ ਘੰਟੇ ਮੇਰੀ ਉਡੀਕ ਕਰਦੇ — ਮੈਂ ਇਹ ਸਮਾਂ ਢੁਕਵਾਂ ਜਾਣ ਕਿਹਾ — ਦੀਦਾ — ਤੁਹਾਨੂੰ ਪਤਾ ਏ — ਇਮਰੋਜ਼ ਹੁਰਾਂ ਨੇ ਕਵਿਤਾ ਲਿਖਣਾ ਸ਼ੁਰੂ ਕਰ ਦਿੱਤਾ ਹੈ — ਉਹਨਾਂ ਦੇ ਚਿਹਰੇ 'ਤੇ ਕੋਈ ਭਾਵ ਨਹੀਂ ਆਏ — ਜਿਵੇਂ ਮੈਂ ਕੁਝ ਕਿਹਾ ਹੀ ਨਹੀਂ ਹੁੰਦਾ — ਫੇਰ ਕਹਿਣ ਲੱਗੇ — ਤੂੰ ਯੂਨੀਵਰਸਿਟੀ ਜਾਨੀ ਏ —

ਜਦ ਇਹ ਅਨੁਭਵ ਮੈਂ ਇਮਰੋਜ਼ ਜੀ ਨਾਲ ਵੰਡਿਆ — ਕਹਿਣ ਲੱਗੇ, ''ਤਾਂ ਹੀ ਤਾਂ ਮੈਂ ਕਹਿੰਦਾ ਹਾਂ — ਮੈਂ ਤੈਨੂੰ ਫੇਰ ਮਿਲਾਂਗੀ, ਲਿਖਣ ਦੇ ਨਾਲ ਹੀ ਅੰਮ੍ਰਿਤਾ ਦੀ ਕਵਿਤਾ ਦੀ ਉਮਰ ਪੁੱਗ ਗਈ — ਹੁਣ ਉਹ ਇਸ ਬਾਰੇ ਨਾ ਸੋਚਦੀ ਹੈ ਨਾ ਸਮਝਦੀ ਹੈ ਤੇ ਮੈਂ ਉਹਨੂੰ ਜ਼ਬਰਦਸਤੀ ਕੁਝ...ਕਦੇ ਉਹਨੂੰ ਅਫ਼ਸੋਸ ਹੁੰਦਾ ਸੀ ਕਿ ਜਿਹਦੇ ਲਈ ਸੁਨੇਹੜੇ ਲਿਖੇ—ਉਸ ਪੜ੍ਹੇ ਨਹੀਂ ਤੇ ਅੱਜ ਮੇਰੀਆਂ ਕਵਿਤਾਵਾਂ...

31 ਅਗਸਤ 2005—ਰਜਨੀਗੰਧਾ ਦੇ ਫੁੱਲਾਂ ਨੂੰ ਉਨ੍ਹਾਂ ਦੇ ਬਿਸਤਰ ਦੇ ਨੇੜੇ ਰਖਦਿਆਂ, ਉਨ੍ਹਾਂ ਦੇ ਵਾਲਾਂ 'ਤੇ ਹੱਥ ਫੇਰਿਆ — ਮੱਥੇ ਨੂੰ ਚੁੰਮਿਆ—ਵਿਲਕ ਪਏ...ਅਮੀਆ, ਰਾਤੀਂ ਮੇਰਾ ਬੱਚਾ ਹੋਇਆ ਹੈ — ਇਹ ਲੋਕ ਮੈਨੂੰ ਵਿਖਾਉਂਦੇ ਨਹੀਂ। ਲਿਆ, ਮੇਰਾ ਬੱਚਾ, ਇਹਨਾਂ ਤੋਂ ਲੈ, ਕਿਸੇ ਤਰ੍ਹਾਂ ਮੇਰੇ ਕੋਲ ਲੈ ਕੇ ਆ। ਇਮਰੋਜ਼ ਕਹਿਣ ਲੱਗੇ — ਮਾਜ਼ਾ ਇਸ ਉਮਰ ਵਿਚ ਨਹੀਂ — ਅਗਲੇ ਜਨਮ ਹਸਰਤ ਪੂਰੀ ਕਰੀਂ' ਢੇਰ ਸਾਰੇ ਬੱਚੇ ਪੈਦਾ ਕਰਨ ਦੀ। ਉਨ੍ਹਾਂ ਦੇ ਜ਼ਿੱਦ ਕਰਨ 'ਤੇ ਅਲਕਾ ਕਹਿਣ ਲੱਗੀ — ਮੌਮੀ, ਉਹ ਹੇਠਾਂ ਸੌਂ ਰਿਹਾ ਹੈ — ਕਹਿਣ ਲੱਗੇ — ਮੈਂ ਤੇਰੇ ਨਾਲ ਗੱਲ ਨਹੀਂ ਕਰਨੀ, ਤੂੰ ਮੇਰਾ ਬੱਚਾ ਮੈਨੂੰ ਨਹੀਂ ਦਿੰਦੀ। ਫੇਰ ਮੇਰੇ ਵੱਲ ਇਸ਼ਾਰਾ ਕਰ ਕਹਿਣ ਲੱਗੇ — ਮੈਂ ਇਸ ਦੂਜੀ ਅਲਕਾ ਨਾਲ ਹਾਂ — ਉਹ ਮੇਰੀ ਗੱਲ ਸੁਣ ਲਵੇਗੀ, (ਪਤਾ ਨਹੀਂ ਸਿਰਜਣਾ ਦੀ ਕਿਹੜੀ ਤਾਂਘ ਹਾਲੀਂ ਵੀ ਉਨ੍ਹਾਂ ਦੇ ਮਨ ਦੀ ਕਿਸੇ ਨੁਕਰੇ ਦੱਬੀ ਰਹਿ ਗਈ ਸੀ) ਮੈਨੂੰ ਉਹ ਧੀ, ਦੋਸਤ ਤੇ ਕਦੇ-ਕਦੇ ਨੂੰਹ ਬਣਾਉਣ ਦੀ ਵੀ ਲੋਚਾ ਰੱਖਦੇ...ਇਹਦੇ ਵਿਚ ਨਾ ਅਲਕਾ ਕਿਤੇ ਮਨਫ਼ੀ ਹੁੰਦੀ ਏ, ਨਾ ਨਵਰਾਜ ਕਿਤੇ ਜਮ੍ਹਾਂ-ਜ਼ਰਬ ਹੁੰਦਾ ਬਸ ਵਿਚਾਰਾਂ ਦੀ ਸਾਂਝ ਵਿਚ ਕਹਿ ਉਠਦੇ ਤੂੰ ਪਹਿਲਾਂ ਕਿਥੇ ਸੈਂ...ਮੈਨੂੰ ਯਾਦ ਏ — ਇਕ ਵੇਰ ਉਨ੍ਹਾਂ ਮੇਰੇ ਸਾਹਮਣੇ, ਮੇਰੇ ਤੋਂ ਫ਼ੋਨ ਨੰਬਰ ਲੈ ਡਾ. ਕੁਲਜੀਤ ਸ਼ੈਲੀ ਨੂੰ ਫ਼ੋਨ ਕੀਤਾ — 'ਵਰਜਿਤ ਬਾਗ ਦੀ ਸੈਰ 'ਤੇ ਲਿਖਣ ਲਈ ਕਿਹਾ — ਦੂਜੇ ਪਾਸਿਓਂ ਦੀ ਗੱਲ ਸੁਣ — ਮੈਂ ਤੇ ਅੰਮ੍ਰਿਤਾ ਜੀ ਜ਼ੋਰ ਦੀ ਹੱਸ ਪਏ। ਉਧਰੋਂ ਸ਼ੈਲੀ ਪੁੱਛ ਰਹੇ ਸਨ — ਤੁਹਾਡੇ ਨਾਲ ਕੌਣ ਬੈਠਾ ਏ — ਅੰਮ੍ਰਿਤਾ ਜੀ ਜਵਾਬ ਦੇ ਰਹੇ — ਮੇਰੀ ਨੂੰਹ ਮੇਰੇ ਨਾਲ ਬੈਠੀ ਏ...ਬਹੁਤ ਡੂੰਘੇ ਅਹਿਸਾਸ ਨਾਲ ਭਰ ਗਈ...ਪਰ ਉਂਜ ਅਲਕਾ ਨੂੰ ਉਹ ਬਹੁਤ ਪਿਆਰ ਕਰਦੇ ਹਨ — ਉਨ੍ਹਾਂ ਦੀ ਜੋ ਸੇਵਾ ਉਹ ਕਰਦੀ ਹੈ ਉਹ

ਕਿਸੇ ਹਾਰੀ-ਸਾਰੀ ਦਾ ਕੰਮ ਨਹੀਂ — ਸੱਚ, ਇਹ ਇਕੱਲੀ, ਇਕਲੌਤੀ ਹੀ ਇਸ ਮਾਣਯੋਗ ਰੁਤਬੇ ਦੀ ਹੱਕਦਾਰ ਹੈ।

29 ਅਕਤੂਬਰ 2005 : ਥੋੜ੍ਹੀ ਦੇਰ ਲਈ ਉਨ੍ਹਾਂ ਵਲ ਗਈ। ਕੰਪੌਂਡਰ ਉਨ੍ਹਾਂ ਦੇ ਪੈਰ ਦੀ ਡ੍ਰੈਸਿੰਗ ਕਰ ਰਿਹਾ — ਮੈਨੂੰ ਵੇਖ ਬਹੁਤ ਬੇਵੱਸ ਜਿਹੀ ਮੁਸਕਾਨ ਦਿੱਤੀ। ਅਲਕਾ ਕਹਿਣ ਲੱਗੀ — ਦੀਦੀ ਅੱਜ ਤਾਂ ਨਾ ਪਾਣੀ ਸਵੀਕਾਰ ਰਹੇ ਹਨ, ਨਾ ਹੀ ਜੂਸ।

30 ਅਕਤੂਬਰ 2005 — ਵਿਗਿਆਨ ਭਵਨ ਸੈਮੀਨਾਰ ਚਲ ਰਿਹਾ। ਅਹਿਮਦ ਸਲੀਮ ਕਹਿਣ ਲੱਗੇ — ਅਮੀਆ, ਤੇਰੇ ਨਾਲ ਅੰਮ੍ਰਿਤਾ ਜੀ ਵਲ ਜਾਣਾ ਹੈ — ਮੈਂ ਕਿਹਾ — ਅਹਿਮਦ, ਅੱਜ ਨਹੀਂ, ਕੱਲ੍ਹ ਚਲਾਂਗੇ...

31 ਅਕਤੂਬਰ 2005 : ਇਹ ਕੇਹਾ ਫ਼ੋਨ ਆਇਆ ਹੈ ਦੁਪਹਿਰੀ 2.45 ਤੇ — ਵਿਗਿਆਨ ਭਵਨ ਵਿਚ ਬੈਠੀ, ਸੈਮੀਨਾਰ ਵਿਚ ਸ਼ਿਰਕਤ ਕਰ ਰਹੀ...ਇਮਰੋਜ਼ ਕਹਿ ਰਹੇ — ਅੰਮ੍ਰਿਤਾ ਪੂਰੀ ਹੋ ਗਈ — ਛੇਤੀ ਆ ਜਾ...ਉਹ ਅਧੂਰੀ ਕਦੋਂ ਸੀ — ਜੋ ਹੁਣ ਪੂਰੀ ਹੋ ਗਈ...ਉਹ ਤਾਂ ਸਗੋਂ ਇਕ ਸ਼ਖ਼ਸ, ਇਕ ਸ਼ਖ਼ਸੀਅਤ ਨਹੀਂ — ਪੂਰੀ ਕਾਇਨਾਤ ਦਾ ਨਾਂ ਸੀ...ਸਦਾ ਤੋਂ ਮੁਕੰਮਲ, ਸਦਾ ਤੋਂ ਪੂਰੀ।

# ਅੰਮ੍ਰਿਤਾ/ਇਮਰੋਜ਼ ਦੇ ਨਾਲ ਨਾਲ ਤੁਰਦਿਆਂ

ਲਗਪਗ ਢਾਈ ਵਰ੍ਹੇ ਹੋ ਗਏ ਸਨ ਅੰਮ੍ਰਿਤਾ ਜੀ ਨੂੰ ਮੰਜੇ 'ਤੇ ਪਿਆਂ। ਆਪਣੀ ਮਰਜ਼ੀ, ਇੱਛਾ ਤੇ ਸਹਿਣ ਸ਼ਕਤੀ ਮੁਤਾਬਕ ਅਲਕਾ, ਅਸਮਾ, ਅਮੀਆ ਜਾਂ ਇਮਰੋਜ਼ ਤੋਂ ਹਲਕਾ-ਹਲਕਾ ਘੁਟਾਉਣਾ, ਤੇਲ ਦੀ ਮਾਲਸ਼ ਕਰਵਾ ਕੇ ਆਪਣੇ ਜੋਗੇ ਹੋ ਲੈਂਦੇ...ਪਰ ਹੌਲੀ ਹੌਲੀ, ਕਦ ਉਹਨਾਂ ਦੀ ਖ਼ੁਦਮੁਖਤਿਆਰੀ ਪਰਮੁਥਾਜੀ ਵਿਚ ਬਦਲਦੀ ਗਈ, ਆਤਮ ਵਿਸ਼ਵਾਸ ਅਸੁਰੱਖਿਆ ਦੀ ਭਾਵਨਾ ਵਿਚ ਵਟੀਂਦਾ ਗਿਆ, ਉਹਨਾਂ ਨੂੰ ਵੀ ਪਤਾ ਨਹੀਂ ਚੱਲਿਆ। ਇਮਰੋਜ਼ ਜੀ ਨੇ ਆਪਣਾ ਕੰਮ ਘਟਾਉਣਾ, ਆਪਣੇ ਕਮਰੇ ਵਿਚ ਘੱਟ ਰਹਿਣਾ ਤੇ ਅੰਮ੍ਰਿਤਾ ਨਾਲ ਜ਼ਿਆਦਾ ਸਮਾਂ ਬਿਤਾਉਣਾ ਸ਼ੁਰੂ ਕਰ ਦਿੱਤਾ ਸੀ।

ਜਿਉਂ-ਜਿਉਂ ਅੰਮ੍ਰਿਤਾ ਦਾ ਜਾਣਾ ਨਜ਼ਰ ਆਉਣ ਲੱਗਾ, ਨਿਸਚਿਤ ਹੋਣ ਲੱਗਾ — ਇਮਰੋਜ਼ ਹੋਰ ਵਧੇਰੇ ਅੰਮ੍ਰਿਤਾ ਨਾਲ ਜੁੜਨ ਲੱਗੇ। ਅੱਗੇ ਕਦੇ ਕੋਈ ਇਕ ਅੱਧ ਕਿਤਾਬ (ਓਸ਼ੋ ਰੰਗ ਮਜੀਠੜਾ) ਮੈਨੂੰ ਦਿੱਤੀ ਤਾਂ ਸਹਿਜੇ ਹੀ "ਪਿਆਰੀ ਅਮਰਜੀਤ ਲਈ, ਵੱਲੋਂ ਇਮਰੋਜ਼, 16.8.2002" ਲਿਖ ਕੇ, ਪਰ ਉਨ੍ਹੀਂ ਦਿਨੀਂ ਉਹ ਲਿਖਤ ਵਿਚ ਵੀ ਆਪਣੇ ਨਾਂ ਨਾਲ ਅੰਮ੍ਰਿਤਾ ਦਾ ਨਾਂ ਜੋੜ, ਉਮਰਾਂ ਦੇ ਸਿਰਨਾਵੇਂ 'ਤੇ ਮੁਹਰ ਲਾ ਪੱਕੀ ਰਸੀਦ ਬਣਾਉਣ ਲੱਗੇ। ਮਸਲਨ ਜਦ ਵੀ ਉਹਨਾਂ ਨੇ ਮੈਨੂੰ ਅੰਮ੍ਰਿਤਾ ਜੀ ਦੀ ਅੰਤਲੀ ਪੁਸਤਕ 'ਮੈਂ ਤੈਨੂੰ ਫੇਰ ਮਿਲਾਂਗੀ' ਦਿੱਤੀ, ਕਿਸੇ ਨਾ ਕਿਸੇ ਨੇ ਕੰਮ ਸੇਤੀ ਮੇਰੇ ਤੋਂ ਲੈ ਲਈ। ਕਦੇ ਪ੍ਰਮਿੰਦਰਜੀਤ, ਕਦੇ ਮੋਹਨਜੀਤ ਹੁਰਾਂ...ਉਸ ਵਿਚੋਂ ਗ਼ਲਤੀਆਂ ਸੋਧ ਕੇ ਮੁੜ ਪ੍ਰਕਾਸ਼ਨ ਲਈ ਹਿੰਦ ਪਾਕੇਟ ਬੁਕਸ ਨੂੰ ਦੇਣੀ ਸੀ। ਮੈਂ ਇਮਰੋਜ਼ ਜੀ ਨੂੰ ਕਿਹਾ — ਪਰ ਇਹ ਪੁਸਤਕ ਤਾਂ ਮੇਰੇ ਕੋਲ ਨਹੀਂ। ਉਹਨਾਂ ਅਲਮਾਰੀ 'ਚੋਂ ਕਿਤਾਬ ਕੱਢੀ, ਉਸ ਉੱਤੇ ਪਿਆਰੀ ਅਮਰਜੀਤ ਲਈ, ਅੰਮ੍ਰਿਤਾ ਤੇ ਇਮਰੋਜ਼ 26.05.05 ਲਿਖ ਕੇ ਮੇਰੇ ਹਵਾਲੇ ਕੀਤੀ, ਹੁਣ ਤੂੰ ਸਾਂਭ ਕੇ ਰੱਖੇਂਗੀ। ਮੈਂ ਉਸ ਵੇਲੇ ਜਾਣਿਆ ਕਿ ਕਿਵੇਂ ਕੋਈ ਕਿਸੇ ਨਾਲ ਨਿਸਵਾਰਥ, ਅਬੋਲ, ਮੂਕ, ਬੇਪਨਾਹ ਜੁੜ ਜਾਂਦਾ ਹੈ ਕਿ ਉਸ ਤੋਂ ਬਾਹਰ, ਉਸ ਤੋਂ ਪਰੇ ਹੋਰ ਕੁਝ ਨਹੀਂ ਨਜ਼ਰ ਆਉਂਦਾ।

ਕਈ ਵੇਰ ਜਦੋਂ ਲੋਕ ਸ਼ੰਸੇ ਜ਼ਾਹਿਰ ਕਰਦੇ ਕਿ ਇਮਰੋਜ਼ ਅੰਮ੍ਰਿਤਾ ਦਾ ਜਾਣਾ ਕਿਵੇਂ ਝੱਲਣਗੇ। ਇਮਰੋਜ਼ ਸਹਿਜ ਹੀ ਜਵਾਬ ਦਿੰਦੇ — ਕਿਉਂ, ਦੁਖੀ ਕਿਉਂ ਹੋਵਾਂਗਾ। 45 ਵਰ੍ਹੇ ਨਾਲ ਨਾਲ ਰਹਿ, ਆਪਣੀ ਮਰਜ਼ੀ ਦਾ ਜੀਊਣਾ ਕਿਸ ਨੂੰ ਨਸੀਬ ਹੁੰਦਾ ਹੈ।

ਮੇਰੇ ਸਾਹਮਣੇ ਹੀ ਸਾਢੇ ਤਿੰਨ ਵਜੇ ਡਾਕਟਰ ਨੇ ਨਬਜ਼, ਦਿਲ ਦੀ ਧੜਕਣ, ਅੱਖਾਂ ਦੀਆਂ ਪੁਤਲੀਆਂ ਵੇਖ ਅੰਮ੍ਰਿਤਾ ਜੀ ਦੇ ਪੂਰੇ ਹੋਣ ਦੀ ਰਸਮੀ ਰਿਪੋਰਟ ਦੇ ਦਿੱਤੀ

ਤੇ ਜਿਸਮ ਉੱਤੇ ਲੱਗੀਆਂ ਨਲਕੀਆਂ ਹਟਾ ਦਿੱਤੀਆਂ। ਚਾਦਰ ਨਾਲ ਉਹਨਾਂ ਦਾ ਮੂੰਹ ਕੱਜ ਦਿੱਤਾ। ਉਸ ਵੇਲੇ ਵੀ ਇਮਰੋਜ਼ ਜੀ ਨੇ ਹੀ ਸਾਨੂੰ ਸਭ ਨੂੰ ਸਾਂਭਿਆ। ਉਹ ਚੇਤੰਨ ਤੌਰ 'ਤੇ ਬਹੁਤ ਸੰਭਲੇ ਹੋਏ ਅਤੇ ਸਹਿਜ ਸਨ। ਉਹਨਾਂ ਦੇ ਅੰਦਰ ਕੀ ਬੀਤ ਰਹੀ ਹੈ, ਕੋਈ ਨਹੀਂ ਜਾਣ ਪਾ ਰਿਹਾ ਸੀ। ਘਰੋਂ ਅਸੀਂ ਅੱਠ ਦਸ ਲੋਕ ਹੀ ਸਾਂ। ਘਰ ਦੇ ਕੰਦਲਾ, ਅਲਕਾ, ਨਵਰਾਜ, ਸ਼ਿਲਪੀ, ਅਮਾਨ, ਅਲਕਾ ਦੀ ਭੈਣ ਵੀਨਾ ਤੇ ਭਰਾ, ਅਜੀਤ ਕੌਰ, ਅਰਪਨਾ, ਰੇਣੁਕਾ, ਚੰਨ, ਅਸਮਾ ਤੇ ਮੈਂ। ਪਰ ਗ੍ਰੀਨ ਪਾਰਕ ਸ਼ਮਸ਼ਾਨ ਘਾਟ 'ਤੇ ਡਾ. ਮੋਹਨਜੀਤ ਵੀ ਪਹੁੰਚ ਗਏ। ਫਿਰ ਹੌਲੀ ਹੌਲੀ ਉਮਾ ਤ੍ਰਿਲੋਕ ਆਪਣੇ ਪਤੀ ਨਾਲ, ਉਰਮਿਲ ਸ਼ਰਮਾ, ਮੁੰਨਾ (ਪੂਨਮ, ਪ੍ਰੀਤਲੜੀ ਦੀ ਭੈਣ) ਤੇ ਉਹਦੇ ਮਾਤਾ ਜੀ, ਫਿਰ ਡਾ. ਰਵੇਲ, ਡਾ. ਮਨਮੋਹਨ ਤੇ ਡਾ. ਪ੍ਰੀਤਮ ਸਿੰਘ ਬੱਤਰਾ ਵੀ ਪਹੁੰਚ ਗਏ। ਉਸ ਵੇਲੇ ਇਮਰੋਜ਼ ਦੇ ਦਿਲ 'ਤੇ ਕੀ ਬੀਤੀ, ਨਹੀਂ ਜਾਣਦੀ ਪਰ ਮੈਨੂੰ ਉਹ ਜਰਨਾ ਔਖਾ ਹੋ ਰਿਹਾ ਸੀ...ਉਹ ਜੋ ਹਰ ਰਸਮ ਤੋਂ ਉੱਪਰ ਸੀ, ਹਰ ਧਰਮ ਵਿਸ਼ਵਾਸ ਤੋਂ ਪਰੇ...ਸ਼ਮਸ਼ਾਨ ਘਾਟ ਦਾ ਪੰਡਤ ਆਖਰੀ ਸਮੇਂ ਦੀਆਂ ਰਸਮਾਂ ਨਿਭਾ ਰਿਹਾ, ਮਰਨ ਵਾਲੀ ਦੇ ਪਤੀ ਦਾ ਨਾਂ ਪੁੱਛ ਰਿਹਾ ਸੀ। ਕੋਲ ਖੜ੍ਹੇ ਨਵਰਾਜ ਕਹਿ ਰਹੇ ਸਨ — ਪ੍ਰੀਤਮ ਸਿੰਘ ਕਵਾਤੜਾ ਤੇ ਇਸਦੇ ਨਾਲ ਹੀ ਸਵਾਹਾ ਹੁੰਦਾ। ਇਮਰੋਜ਼, ਨਵਰਾਜ ਤੇ ਅਮਾਨ ਆਹੂਤੀ ਵਿਚ ਸਮੱਗਰੀ ਦੀ ਬੁੱਕ ਭਰ ਕੇ ਪਾਉਂਦੇ...ਚਾਹੇ ਮੁਖ ਅਗਨੀ ਇਹਨਾਂ ਤਿੰਨਾਂ ਨੇ ਮਿਲ ਕੇ ਹੀ ਦਿੱਤੀ ਪਰ ਪੂਰੀ ਉਮਰ ਇਮਰੋਜ਼ ਦੇ ਨਾਲ ਰਹਿ ਕੇ ਵੀ ਜੀਊਂਦੇ ਜੀਅ ਅੰਮ੍ਰਿਤਾ ਨਾਲ ਪ੍ਰੀਤਮ ਲਫ਼ਜ਼ ਜੁੜਿਆ ਰਿਹਾ ਤੇ ਮੌਤ ਬਾਅਦ ਵੀ ਪਤੀ ਦੇ ਨਾਂ ਵਿਚ ਹੀ ਉਹਦੀ ਅੰਤਮ ਮੁਕਤੀ ਮੰਨੀ ਗਈ। ਉਹ ਜੋ ਰਿਸ਼ਤਿਆਂ ਨੂੰ ਕਾਨੂੰਨਾਂ ਤੋਂ ਉੱਤੇ ਮੰਨਦੀ ਸੀ...ਨਾ ਪ੍ਰੀਤਮ ਸਿੰਘ ਤੋਂ ਅਲੱਗ ਹੋਣ ਲਈ ਕਾਨੂੰਨ ਨੂੰ ਵੇਖਿਆ ਨਾ ਹੀ ਇਮਰੋਜ਼ ਨਾਲ ਮਿਲ ਕੇ ਰਹਿਣ ਲਈ ਕਿਸੇ ਕਾਨੂੰਨ ਦੀ ਸ਼ਰਨ ਲਈ...ਪਰ ਅੱਜ ਕਾਨੂੰਨੀ ਰਿਸ਼ਤਾ ਹੀ ਉਹਦੇ ਅੰਤਮ ਸਮੇਂ...

ਅਗਲੇ ਦਿਨ ਸਵੇਰੇ ਉਥੇ ਗਈ...ਇਮਰੋਜ਼ ਜੀ ਸਹਿਜ ਗੱਲਾਂ ਕਰ ਰਹੇ...ਆਪਣੇ ਦੁੱਖ, ਉਦਾਸੀ ਦੀ ਗੱਲ ਨਹੀਂ ਕਰ ਰਹੇ ਪਰ ਬੀਤੀ ਰਾਤ ਉਹਨਾਂ ਦੀਆਂ ਲਿਖੀਆਂ ਦੋ ਕਵਿਤਾਵਾਂ ਵੱਖ ਵੱਖ ਨਜ਼ਰੀਏ ਤੋਂ ਮਨ ਦਾ ਸੰਤਾਪ ਹੰਢਾ ਰਹੀਆਂ...ਅੰਦਰੋਂ ਕਿੰਨਾ ਕੁਝ ਖ਼ਾਲੀ ਹੋ ਗਿਆ ਹੋਣਾ ਏ ਕਿ ਖ਼ਲਾਅ ਵੱਲ ਵੇਖਦਿਆਂ ਉਹਨਾਂ ਤੋਂ 'ਰੁੱਖ' ਨਾਂ ਦੀ ਕਵਿਤਾ ਲਿਖੀ ਗਈ।

ਸਿਰਫ਼ ਇਸ ਕਵਿਤਾ ਵਿਚ ਹੀ ਅੰਮ੍ਰਿਤਾ ਲਈ 'ਸੀ' ਹੈ ਪਰ ਉਹ ਵੀ ਨਵੀਂ ਜ਼ਮੀਨ ਦੀ ਤਲਾਸ਼ ਵਿਚ, ਫਿਰ ਤੋਂ ਉੱਗਣ ਲਈ...ਪਰ ਉਹ ਫਿਰ ਤੋਂ ਕਵਿਤਾਵਾਂ ਵਿਚ ਅੰਮ੍ਰਿਤਾ ਨੂੰ ਹਾਜ਼ਰ ਨਾਜ਼ਰ ਮੰਨ ਉਸ ਨਾਲ ਗੱਲਾਂ ਕਰਨ ਲੱਗੇ, ਜਿਹਾ ਕਿ ਦੂਜੀ ਕਵਿਤਾ 'ਖੇਡ' ਤੋਂ ਜ਼ਾਹਰ ਹੁੰਦਾ ਹੈ —

ਸੂਰਜ ਦੇਖਦਾ
ਜ਼ਿੰਦਗੀ ਨੂੰ
ਆਪਣੇ ਵਿਹੜੇ ਵਿਚ

ਧੁੱਪੇ ਮੰਜੀ 'ਤੇ ਬੈਠੀ ਨੂੰ
ਦਾਲ ਚੌਲ ਚੁਣਦੀ ਨੂੰ
ਆਪਣੇ ਆਲੇ ਦੁਆਲੇ
ਦੁੱਖ ਸੁਖ ਨੂੰ ਖੇਡਦਿਆਂ...
ਸੂਰਜ ਰੋਜ਼ ਵੇਖਦਾ
ਇਸ ਵਿਹੜੇ ਵਿਚ
ਦੁੱਖ ਸੁਖ ਨੂੰ ਖੇਡਦਿਆਂ...
ਇਹ ਖੇਡ ਵੇਖ ਵੇਖ
ਸੂਰਜ ਨੂੰ ਆਪਣੀ ਤਰ੍ਹਾਂ ਦੀ
ਖੁਸ਼ੀ ਹੁੰਦੀ ਰਹਿੰਦੀ
ਇਸ ਖੁਸ਼ੀ ਵਿਚ
ਉਸਦੇ ਸਾਰੇ ਰੰਗ ਵੀ
ਗੂੜ੍ਹੇ ਹੁੰਦੇ ਰਹਿੰਦੇ
ਤੇ ਚਾਨਣ ਵੀ ਹੋਰ ਚਾਨਣਾ

ਕੀ ਇਹ ਨਹੀਂ ਲੱਗਦਾ ਕਿ ਇਸ ਕਵਿਤਾ ਵਿਚ ਜ਼ਿੰਦਗੀ ਅੰਮ੍ਰਿਤਾ ਏ ਅਤੇ ਸੂਰਜ ਇਮਰੋਜ਼।

ਸਸਕਾਰ ਦੇ ਦੋ ਦਿਨ ਬਾਅਦ ਦੀ ਉਹ ਨਜ਼ਮ ਮੇਰੇ ਸਾਹਮਣੇ ਹੈ ਜੋ ਇਮਰੋਜ਼ ਜੀ ਜਦੋਂ ਅੰਮ੍ਰਿਤਾ ਦੇ ਫੁੱਲ ਚੁਗ ਕੇ ਮਜਨੂੰ ਟਿੱਲੇ ਜਾ ਕੇ ਜਮੁਨਾ 'ਚ ਵਹਾ ਕੇ ਆਏ ਤਾਂ ਉਹਨਾਂ ਫੁੱਲਾਂ ਨੂੰ ਪਾਣੀ ਦੇ ਵੇਗ ਵਿਚ ਤਰਦਿਆਂ ਵੇਖ ਮੱਥੇ ਵਿਚ ਕੁਝ ਜਾਗ ਪਿਆ। ਉਸ ਵੇਲੇ ਇਹ ਨਜ਼ਮ ਕਾਗਜ਼ ਉੱਤੇ ਉਤਰ ਆਈ...

ਵਗਦੇ ਪਾਣੀਆਂ ਦੇ
ਨਾਲ ਨਾਲ ਤੁਰਦਿਆਂ
ਉਹ ਪੁੱਛਦੀ ਹੈ
ਤੂੰ ਮੇਰਾ ਕਿਸ ਜਨਮ ਦਾ
ਸਾਥ ਏ
ਮੇਰੀ ਚੁੱਪ ਨੇ ਜਵਾਬ ਦਿੱਤਾ —
ਜਦੋਂ ਦੇ ਜਨਮ
ਬਣੇ ਹਨ
ਉਦੋਂ ਦਾ...

ਅੱਜ ਕੱਲ੍ਹ ਲਗਪਗ ਰੋਜ਼ ਹੀ ਕੇ-25 ਜਾਣਾ ਹੋ ਜਾਂਦਾ ਏ। ਜੇ ਕਿਸੇ ਦਿਨ ਨਾ ਜਾਵਾਂ — ਅਲਕਾ ਜਾਂ ਇਮਰੋਜ਼ ਜੀ ਦਾ ਹੀ ਕਿਸੇ ਨਾ ਕਿਸੇ ਪੱਜ ਫ਼ੋਨ ਆ ਜਾਂਦਾ ਹੈ। ਕਦੇ ਭਾਸ਼ਾ ਵਿਭਾਗ ਲਈ ਕੁਝ ਲਿਖਣ, ਕਦੇ ਗਿਆਨ ਪੀਠ ਵਾਲਿਆਂ ਲਈ

ਇਮਰੋਜ਼ ਦਾ ਲਿਖਿਆ ਅਨੁਵਾਦ ਕਰਨ, ਕਦੇ ਅੰਮ੍ਰਿਤਾ ਜੀ ਬਾਰੇ ਕੋਈ ਚੰਗਾ ਲੇਖ ਛਪਣ ਤੇ, ਅਤੇ ਕਦੇ ਕਿਤੇ ਉਹਨਾਂ ਉੱਤੇ ਹੋ ਰਹੀ ਗੋਸ਼ਟੀ 'ਚ ਇਕੱਠੇ ਹੋਣ ਤੇ, ਕਦੇ ਘਰ ਦੀ ਸਭ ਤੋਂ ਉਤਲੀ ਛੱਤ 'ਤੇ ਇਕੱਲੇ ਬੈਠ ਧੁੱਪ ਸੇਕਦਿਆਂ ਕਾਫੀ ਪੀਣ ਅਤੇ ਅੰਮ੍ਰਿਤਾ ਜੀ ਨੂੰ ਯਾਦ ਕਰਨ ਤੇ...ਅੱਜ ਉਧਰ ਗਈ। ਚੈਸਟ-ਇਨ-ਡਰਾਰ ਦਾ ਉਹ ਖਾਨਾ ਖੋਲ੍ਹਿਆ, ਜਿਥੇ ਅੰਮ੍ਰਿਤਾ ਜੀ ਉੱਤੇ ਆਏ ਅਖ਼ਬਾਰਾਂ, ਰਸਾਲਿਆਂ ਦੇ ਅੰਕ ਪਏ ਹਨ। ਉਥੇ ਕੁਝ ਸਧਾਰਨ ਜਿਹੀਆਂ ਅਫ਼ਸੋਸੀ ਚਿੱਠੀਆਂ ਦੇ ਨਾਲ ਨਾਲ ਕਮਲੇਸ਼ਵਰ ਤੇ ਗਗਨ ਗਿੱਲ ਦੀ ਚਿੱਠੀ ਪਈ ਹੋਈ ਸੀ...ਕਮਲੇਸ਼ਵਰ ਨੇ ਇਕ ਪੰਗਤੀ ਵਿਚ ਹੀ ਸਭ ਕੁਝ ਕਹਿ ਦਿੱਤਾ। ਇਹ ਦੋਵੇਂ ਚਿੱਠੀਆਂ ਇੰਨ-ਬਿੰਨ ਪੇਸ਼ ਕਰ ਰਹੀ ਹਾਂ —

ਵੀਰ ਇਮਰੋਜ਼ !

ਤੁਹਾਡੀ ਇਸ ਅਸੀਮ ਡੂੰਘੀ ਤੇ ਸੁੱਚੀ ਪਵਿੱਤਰ ਇਕੱਲਤਾ ਵਿਚ ਮੈਂ ਹੀ ਨਹੀਂ, ਪੂਰੀ ਦੁਨੀਆ ਤੁਹਾਡੇ ਆਲ ਦੁਆਲ ਤੇ ਨਾਲ ਹੈ।

ਤੁਹਾਡਾ ਕਮਲੇਸ਼ਵਰ

ਦੂਜੀ ਚਿੱਠੀ ਗਗਨ ਗਿੱਲ ਦੀ ਹੈ —

ਇਮਰੋਜ਼ ਜੀ!

ਮੈਂ ਰਿਸ਼ੀਕੇਸ਼ ਸਾਂ ਜਦੋਂ ਮੈਨੂੰ ਅੰਮ੍ਰਿਤਾ ਜੀ ਦੀ ਖ਼ਬਰ ਪਹੁੰਚੀ। ਇਕ ਵੇਰ ਖ਼ਾਲੀ ਹੋਣ ਵਾਸਤੇ ਉਥੇ ਗਈ ਸਾਂ, ਦੋ ਵਾਰੀ ਖ਼ਾਲੀ ਹੋ ਕੇ ਮੁੜ ਆਈ। ਅੰਮ੍ਰਿਤਾ ਜੀ ਜਿਥੇ ਵੀ ਹੋਣ, ਬਹੁਤ ਸਾਰੀ ਰੌਸ਼ਨੀ 'ਚ ਰਹਿਣ, ਮੇਰੀ ਕਾਮਨਾ ਹੈ।

ਤੁਹਾਨੂੰ ਮਿਲਣ ਆਉਣ ਦਾ ਵੀ ਬੜਾ ਮਨ ਸੀ ਪਰ ਫ਼ਿਲਹਾਲ ਮੈਂ ਕਿਤੇ ਬਾਹਰ ਨਹੀਂ ਜਾ ਰਹੀ। ਨਿਰਮਲ ਜੀ ਦੀ ਐਂਬੂਲੈਂਸ ਪਿੱਛੇ ਮੈਂ ਆਪਣੀ ਕਾਰ ਦੁੜਾਉਂਦੀ ਹਸਪਤਾਲ ਪਹੁੰਚੀ ਸਾਂ, ਉਹਨਾਂ ਦੀ ਸਾਹ ਲੈਣ ਵਾਲੀ ਮਸ਼ੀਨ ਕਾਰ 'ਚ ਸੀ, ਇਸ ਕਰ ਕੇ ਐਂਬੂਲੈਂਸ 'ਚ ਨਾ ਬੈਠ ਕੇ ਕਾਰ ਚੁੱਕੀ। ਬਸ ਰਸਤੇ 'ਚ ਹੀ ਕਿਧਰੇ ਅਸੀਂ ਵਿਛੜ ਗਏ।

ਤੁਸੀਂ ਮੈਨੂੰ ਬੜਾ ਨਿੱਘ ਦਿੱਤਾ ਸੀ। ਉਸੇ ਨੂੰ ਯਾਦ ਕਰਦੀ ਹਾਂ। ਤੁਸੀਂ ਆਪਣਾ ਤੇ ਆਪਣੀ ਸਿਹਤ ਦਾ ਖ਼ਿਆਲ ਰੱਖਣਾ।

—ਤੁਹਾਡੀ ਗਗਨ

ਇਸਦੇ ਨਾਲ ਹੀ 18 ਨਵੰਬਰ 2005 ਦੀ ਲਿਖੀ ਇਮਰੋਜ਼ ਜੀ ਦੀ ਕਵਿਤਾ —

ਰੰਗਾਂ ਨਾਲ ਖੇਡ ਹੋ ਰਹੀ ਸੀ
ਕਿ ਤੂੰ ਆ ਗਈ
ਮੇਰੇ ਰੰਗਾਂ ਵਿਚ
ਆਪਣੇ ਰੰਗ
ਰਲਾ ਕੇ ਖੇਡਣ
ਸੋਚਾਂ ਦੇ ਖਾਕੇ
ਤਸਵੀਰਾਂ ਬਨਣ ਲੱਗ ਪਏ

ਤੇ ਜ਼ਿੰਦਗੀ
ਆਪਣੇ ਆਪ ਕਵਿਤਾ
ਤੇ ਕਵਿਤਾ ਆਪਣੇ ਆਪ
ਜ਼ਿੰਦਗੀ ਹੋ ਕੇ
ਸੋਚਾਂ ਸੰਗ ਜਾ ਰਲੀ

ਅੱਜ ਫੇਰ ਇਮਰੋਜ਼ ਜੀ ਦੇ ਬੁਲਾਵੇ 'ਤੇ ਕੇ-25 ਗਈ। ਮੇਰੇ ਬੈੱਲ ਦੇਣ 'ਤੇ ਇਮਰੋਜ਼ ਹੇਠਾਂ ਆਏ। ਦਰਵਾਜ਼ਾ ਖੋਲ੍ਹ ਕਹਿਣ ਲੱਗੇ — ਚੱਲ ਸਭ ਤੋਂ ਉੱਤਲੀ ਛੱਤ ਉੱਤੇ ਧੁੱਪ ਸੇਕਣ। ਛੱਤ ਉੱਤੇ ਅਲਕਾ ਵੀ ਸੀ। ਅਲਕਾ ਕਹਿਣ ਲੱਗੀ — ''ਮੰਮੀ ਨੂੰ ਧੁੱਪ ਸੇਕਣਾ ਬਹੁਤ ਚੰਗਾ ਲੱਗਦਾ ਸੀ। ਅੱਜ ਅਸੀਂ ਮੰਮੀ ਨੂੰ ਯਾਦ ਕਰ ਰਹੇ ਸਾਂ।'' ਉਹਨਾਂ ਨਾਲ ਹੁਣ ਮੈਂ ਵੀ...

ਇਮਰੋਜ਼ ਕਹਿਣ ਲੱਗੇ — ਉਸ ਦਿਨ ਸੁਮਨ ਦੇਵਗਨ ਨੇ ਜਿਹੜੀ ਰਿਫ਼ਅਤ ਸਰੋਸ਼ ਦੀ ਗ਼ਜ਼ਲ ਸੁਣਾਈ ਸੀ — ਕੌਣ ਕਹਿੰਦਾ ਏ ਮੇਰਾ ਘਰ ਤਨਹਾ, ਇਹ ਮੇਰੇ ਉੱਤੇ ਭਾਰੀ ਹੋ ਰਹੀ ਏ। ਮੈਂ ਇਹਦੇ ਅਸਰ ਵਿਚ ਨਹੀਂ ਆਉਣਾ ਚਾਹੁੰਦਾ। ਅੰਮ੍ਰਿਤਾ ਤੋਂ ਬਿਨਾਂ ਮੈਨੂੰ ਵੀ ਇਹ ਘਰ ਤਨਹਾ ਨਹੀਂ ਲੱਗਦਾ। ਉਹਦੀਆਂ ਯਾਦਾਂ ਜੋ ਨਾਲ ਹਨ। ਪਰ ਇਹਨੂੰ ਕਿਸੇ ਹੋਰ ਤਰ੍ਹਾਂ ਯਾਦ ਕਰਾਂਗਾ। ਮੈਂ ਤਾਂ ਯਾਦਾਂ ਦੇ ਸ਼ੀਸ਼ੇ ਵਿਚ ਉਹਨੂੰ ਵੇਖਾਂਗਾ।

ਅਤੇ ਉਹਨਾਂ ਉਸੇ ਦਿਨ ਸਵੇਰੇ ਲਿਖੀ ਇਕ ਕਵਿਤਾ ਮੇਰੇ ਅੱਗੇ ਕਰ ਦਿੱਤੀ —

ਤੇਰਾ ਚਿਹਰਾ
ਇਕ ਆਈਨਾ ਹੈ
ਮੈਂ ਅੱਜ ਵੀ ਉਸ ਵਿਚੋਂ
ਆਪਣਾ ਆਪ ਵੇਖਦਾ ਹਾਂ...

ਕਹਿਣ ਲੱਗੇ — ਜਿਹਨਾਂ ਨੂੰ ਮੁਹੱਬਤ ਪਤਾ ਹੀ ਨਹੀਂ, ਮੁਹੱਬਤ ਕਰਨ ਵਾਲੀ ਔਰਤ ਬਾਰੇ ਗੱਲਾਂ ਕਰ ਰਹੇ ਹਨ। ਦਰਅਸਲ ਇਹਨਾਂ ਨੇ ਤਗੜੀ ਔਰਤ ਵੇਖੀ ਹੀ ਨਹੀਂ ਜੋ ਆਪਣੀ ਮਰਜ਼ੀ ਮੁਤਾਬਕ ਜੀਵੀ। ਅੰਮ੍ਰਿਤਾ ਬਾਕੀਆਂ ਬਾਰੇ ਸੋਚ ਕੇ ਆਪਣੀ ਐਨਰਜੀ ਨਹੀਂ ਜ਼ਾਇਆ ਕਰਦੀ ਸੀ। ਅਸੀਂ ਗ੍ਰੰਥਾਂ ਵਿਚ ਤਹਿਜ਼ੀਬ ਸਾਂਭ ਕੇ ਰੱਖੀ ਹੋਈ ਏ ਪਰ ਜ਼ਿੰਦਗੀ 'ਚ ਨਹੀਂ ਸਾਂਭੀ। ਜੇ ਤਹਿਜ਼ੀਬ ਨੂੰ ਜ਼ਿੰਦਗੀ ਵਿਚ ਸਾਂਭ ਲਿਆ ਹੁੰਦਾ ਤਾਂ ਕੀ ਸਿਰਫ਼ ਗ੍ਰੰਥਾਂ 'ਚ ਜ਼ਿਕਰ ਹੁੰਦਾ ਇਸ ਤਹਿਜ਼ੀਬ ਦਾ। ਫਿਰ ਆਪਣੇ ਮੁੱਢਲੇ ਦਿਨਾਂ ਦੇ ਸੰਬੰਧਾਂ ਨੂੰ ਯਾਦ ਕਰਦਿਆਂ ਕਿ ਕਿਵੇਂ 1957 ਵਿਚ ਅੰਮ੍ਰਿਤਾ ਨੇ ਕੇਕ ਮੰਗਵਾ ਪਹਿਲੀ ਵੇਰ ਉਹਨਾਂ ਦਾ ਜਨਮ ਦਿਨ ਮਨਾਇਆ। ਕਿਵੇਂ ਜਦ ਇਕੱਠੇ ਰਹਿਣਾ ਮਿਥਿਆ ਤਾਂ ਪਹਿਲਾਂ ਹਿਲ ਸਟੇਸ਼ਨ ਜਾਣਾ ਸੋਚਿਆ — ਫਿਰ 1958 ਵਿਚ ਅੰਦਰੇਟੇ ਚਲੇ ਗਏ — ਸੋਭਾ ਸਿੰਘ ਵੱਲ। ਉਥੇ ਨੌਰਾ ਰਿਚਰਡ ਵੀ ਮਿਲੀ। ਫਿਰ ਆਪਣੇ, ਅੰਮ੍ਰਿਤਾ ਦੇ ਅਤੇ ਸਾਹਿਰ ਦੇ ਸੰਬੰਧਾਂ ਨੂੰ ਲੈ ਕੇ ਯਾਦਾਂ ਦਾ ਕਾਫ਼ਲਾ ਤੋਰ ਲਿਆ।

'ਆਖ਼ਰੀ ਖ਼ਤ' ਪੁਸਤਕ ਦੇ ਕਵਰ ਡਿਜ਼ਾਈਨ ਦੀ ਸ਼ੁਰੂਆਤ ਤੋਂ ਲੈ ਕੇ ਅੰਤਲੀ ਪੁਸਤਕ 'ਮੈਂ ਤੈਨੂੰ ਫੇਰ ਮਿਲਾਂਗੀ' ਦੇ ਕਵਰ ਡਿਜ਼ਾਇਨ ਤਕ ਦਾ ਸਫ਼ਰ...ਸਾਹਿਰ ਤੇ ਅੰਮ੍ਰਿਤਾ ਦੋਵੇਂ ਖ਼ਾਮੋਸ਼ ਰਹੇ ਪਰ ਇਕ ਦੀ ਖ਼ਾਮੋਸ਼ੀ ਵੀ ਦੂਜੇ ਦੀ ਖ਼ਾਮੋਸ਼ੀ ਦਾ ਜਵਾਬ ਨਹੀਂ ਬਣ ਸਕੀ। ਅਸੀ ਦੋਵੇਂ ਵੀ ਬੋਲੇ ਨਹੀਂ। ਪਰ ਜੀਵੇ ਜ਼ਰੂਰ, ਸਾਡੀ ਚੁੱਪੀ ਨੇ ਇਕ ਦੂਜੇ ਪ੍ਰਤੀ ਕੁਝ ਤਾਂ response ਕੀਤਾ ਹੋਣਾ ਏ ਜੋ ਸਾਡਾ ਸਾਥ ਮਿਥਿਆ ਗਿਆ। ਅਖ਼ੀਰਲੇ ਦਿਨਾਂ ਵਿਚ ਵੀ ਅੰਮ੍ਰਿਤਾ ਕਈ ਵੇਰ ਕਹਿੰਦੀ — ਇਮਰੋਜ਼, ਤੂੰ ਸੁਣਦਾ ਨਹੀਂ, ਪੈਰੀਂ ਜੁੱਤੀ ਪਾ, ਚੱਲੀਏ...ਅਤੇ ਇਸਦੇ ਨਾਲ ਹੀ ਉਹਨਾਂ ਨੇ ਇਕ ਦਿਨ ਪਹਿਲਾਂ ਲਿਖੀ ਕਵਿਤਾ 'ਜਸ਼ਨ' ਮੇਰੇ ਸਾਹਵੇਂ ਕਰ ਦਿੱਤੀ —

ਮੇਰਾ ਦੂਸਰਾ ਜਨਮ ਹੋਇਆ
ਪਹਿਲੀ ਮੁਲਾਕਾਤ ਦੇ ਬਾਅਦ ਹੀ
ਜਦੋਂ ਤੂੰ ਮੇਰਾ ਜਨਮ ਦਿਨ ਮਨਾਇਆ
ਤੇ ਫੇਰ
ਤੂੰ ਹੀ ਮੇਰੀ ਜ਼ਿੰਦਗੀ ਦਾ ਜਸ਼ਨ ਮਨਾਇਆ
ਆਪਣੀ ਜ਼ਿੰਦਗੀ ਨਾਲ ਸ਼ਾਮਲ ਹੋ ਕੇ
ਉਹ ਤੇਰੀ ਸ਼ਮੂਲੀਅਤ ਅਜੇ ਵੀ ਜਾਰੀ ਹੈ
ਤੇ ਜਸ਼ਨ ਵੀ...

ਇਕ ਵੇਰ ਫਿਰ ਇਮਰੋਜ਼ ਜੀ ਦਾ ਫ਼ੋਨ ਆਇਆ ਹੈ। ਗਿਆਨ ਪੀਠ ਵਾਲਿਆਂ ਨੇ ਆਪਣੀ ਮੈਗਜ਼ੀਨ ਲਈ ਉਹਨਾਂ ਨੂੰ ਕੁਝ ਲਿਖਣ ਲਈ ਕਿਹਾ ਏ। ਉਹਨਾਂ ਦਾ ਲਿਖਿਆ ਹਿੰਦੀ ਵਿਚ ਉਲਥਾ ਰਹੀ ਹਾਂ। ਜਿਸ ਵਿਚ ਇਕ ਥਾਂ ਉਹ ਲਿਖਦੇ ਹਨ ਕਿ ਸ਼ੁਰੂਆਤ ਤਾਂ ਕਵਰ ਡਿਜ਼ਾਇਨ ਦੇ ਸਫ਼ਰ ਨਾਲ ਸਾਹਿਤ ਸਫ਼ਰ ਦੀ ਹੋਈ ਸੀ ਪਰ ਉਹ ਹੌਲੀ ਹੌਲੀ ਜ਼ਿੰਦਗੀ ਦਾ ਸਫ਼ਰ ਬਣ ਗਿਆ। ਤੇ ਅੱਗੋਂ ਜਾ ਕੇ ਕਹਿੰਦੇ ਹਨ — ਅੰਮ੍ਰਿਤਾ ਆਪ ਵੀ ਖ਼ੂਬਸੂਰਤ ਸੀ, ਉਹਦੀ ਸੋਚ ਵੀ ਖ਼ੂਬਸੂਰਤ ਸੀ ਤੇ ਉਹਨੇ ਮੇਰੀ ਜ਼ਿੰਦਗੀ ਨੂੰ ਵੀ ਖ਼ੂਬਸੂਰਤਮਈ ਬਣਾ ਦਿੱਤਾ। ਅੰਮ੍ਰਿਤਾ ਪਿਆਰ ਹੀ ਪਿਆਰ ਹੈ। ਮੈਂ ਲਫ਼ਜ਼ਾਂ ਵਿਚ ਦੱਸ ਨਹੀਂ ਸਕਾਂਗਾ ਕਿ ਉਸਨੇ ਮੈਨੂੰ ਕਿੰਨਾ ਪਿਆਰ ਕੀਤਾ ਹੈ। ਮੇਰੀ ਸੋਚ ਤੋਂ ਵੀ ਜ਼ਿਆਦਾ।

ਸਾਡੇ ਸਾਰਿਆਂ ਦੇ ਨਾਲ 31.10.05 ਨੇ ਅੰਮ੍ਰਿਤਾ ਨੂੰ ਅਲਵਿਦਾ ਆਖਿਆ। ਅਲਵਿਦਾ ਦੇ ਬਾਅਦ ਸਾਰੀ ਰਾਤ ਜਾਗਦਾ ਰਿਹਾ ਤੇ ਪਿਛਲੇ ਪਹਿਰ 'ਜ਼ਿੰਦਾ ਰੁੱਖ' ਕਵਿਤਾ ਲਿਖੀ।

ਸਾਹਿਤ ਅਕਾਦਮੀ ਨੇ ਹੋਰ ਲੇਖਕਾਂ ਨਾਲ ਇਮਰੋਜ਼ ਜੀ ਨੂੰ ਅੰਮ੍ਰਿਤਾ ਦੀਆਂ ਯਾਦਾਂ ਸਾਂਝੀਆਂ ਕਰਨ ਲਈ ਬੁਲਾਇਆ ਸੀ। ਇਮਰੋਜ਼ ਜੀ ਦੀ ਕੋਸ਼ਿਸ਼ ਇਹੀ ਹੁੰਦੀ ਹੈ ਕਿ ਉਹ ਚੁੱਪ ਰਹਿਣ, ਜੇ ਬਹੁਤ ਲੋੜ ਪਏ ਤਾਂ ਉਹਨਾਂ ਦੇ ਹਿੱਸੇ ਦਾ ਮੈਂ ਬੋਲ ਲਵਾਂ, ਉਹਨਾਂ ਦੀਆਂ ਕਵਿਤਾਵਾਂ ਪੜ੍ਹ ਲਵਾਂ। ਕਹਿੰਦੇ ਨੇ — ਮੈਂ ਬੋਲਣਾ ਨਹੀਂ, ਜੀ ਲਿਆ ਹੈ। ਪਰ ਇਸ ਵੇਰ ਸਾਡੀ ਜ਼ਿਦ 'ਤੇ ਉਹਨਾਂ ਨੇ ਅੰਮ੍ਰਿਤਾ ਉੱਤੇ ਲਿਖੀਆਂ

ਕਵਿਤਾਵਾਂ ਪੜ੍ਹੀਆਂ। ਜਦੋਂ ਉਹ ਮਾਈਕ ਅੱਗੋਂ ਹਟਣ ਲੱਗੇ, ਕਿਸੇ ਨੇ ਪਿੱਛੋਂ ਫਰਮਾਇਸ਼ ਕੀਤੀ — ਅੰਮ੍ਰਿਤਾ ਜੀ ਬਾਰੇ ਕੁਝ ਦੱਸੋ। ਮੈਂ ਹੱਸ ਕੇ ਕਿਹਾ — ਇਹ ਸਭ ਕੀਹਦੇ ਬਾਰੇ ਸੀ? ਜਿਵੇਂ ਇਮਰੋਜ਼ ਦੀ ਹਰ ਤਸਵੀਰ ਵਿਚੋਂ ਅੰਮ੍ਰਿਤਾ ਦੇ ਨਕਸ਼ ਝਲਕਦੇ ਹਨ, ਉਵੇਂ ਹੀ ਉਹਨਾਂ ਦੀ ਹਰ ਕਵਿਤਾ 'ਚੋਂ ਅੰਮ੍ਰਿਤਾ ਦਾ ਸਾਥ, ਸ਼ਖ਼ਸੀਅਤ ਦੀ ਨੁਹਾਰ ਮਿਲਦੀ ਹੈ। ਡਾ. ਕਮਲ ਕੁਮਾਰ ਨੇੜੇ ਆ ਕਹਿਣ ਲੱਗੀ — ਸਾਨੂੰ ਕੋਈ ਇਮਰੋਜ਼ ਨਹੀਂ ਮਿਲਿਆ। ਘਰ ਆਉਂਦੇ ਰਾਹ 'ਚ ਇਮਰੋਜ਼ ਕਹਿਣ ਲੱਗੇ — 'ਇਮਰੋਜ਼ ਦੇ ਸਾਥ ਲਈ ਅੰਮ੍ਰਿਤਾ ਹੋਣਾ ਪੈਂਦਾ ਏ, ਜੋ ਹੋਰ ਕੋਈ ਨਹੀਂ ਹੋ ਸਕਦੀ।' ਚਾਹੁੰਦੀ ਸਾਂ, ਬਿਨਾਂ ਭਾਵੁਕ ਹੋਏ ਇਹ ਲੇਖ ਲਿਖਦੀ, ਪਰ ਇਮਰੋਜ਼ ਦੀ ਭਾਵੁਕਤਾ ਨੂੰ ਸਧਾਰਨੀਕ੍ਰਿਤ ਕੀਤਾ ਹੀ ਨਹੀਂ ਜਾ ਸਕਦਾ। ਜੋ ਉਹਨੇ ਜੀਵਿਆ ਹੈ, ਉਹਦਾ ਜ਼ਿਕਰ ਕਰਨ ਲਈ ਇਹ ਭਾਸ਼ਾ ਵਰਤਣਾ ਮੇਰੀ ਮਜਬੂਰੀ ਹੈ। ਇਸ ਲੇਖ ਦਾ ਅੰਤ ਇਮਰੋਜ਼ ਜੀ ਦੀ ਇਕਦਮ ਤਾਜ਼ਾ ਕਵਿਤਾ 'ਇਬਾਦਤ' (9.12.05) ਨਾਲ ਕਰਨਾ ਚਾਹਵਾਂਗੀ।

ਪਿਆਰ ਸਭ ਤੋਂ
ਸਰਲ ਇਬਾਦਤ ਹੈ
ਵਗਦੇ ਪਾਣੀ ਵਰਗੀ
ਨਾ ਕਿਸੇ ਸ਼ਬਦ ਦੀ ਲੋੜ
ਨਾ ਕਿਸੇ ਜ਼ਬਾਨ ਦੀ ਮੁਹਤਾਜੀ
ਤੇ ਨਾ ਹੀ ਕਿਸੇ ਨੂੰ ਮੱਥਾ ਨਿਵਾਣਾ
ਪਿਆਰ ਨਾਲ ਜ਼ਿੰਦਗੀ ਜਿਊਂਦੀਆਂ
ਇਹ ਇਬਾਦਤ
ਆਪਣੇ ਆਪ ਹਰ ਵੇਲੇ
ਹੁੰਦੀ ਵੀ ਰਹਿੰਦੀ ਹੈ
ਤੇ ਪਹੁੰਚਦੀ ਵੀ...

ਹਾਂ, ਸੱਚ ਅੰਮ੍ਰਿਤਾ ਨੂੰ ਜੋ ਸਾਹਿਰ 'ਤੇ ਗਿਲਾ ਸੀ —

ਅਸੀਂ ਜੱਗ ਵਾਲੀ ਬਾਜ਼ੀ ਜਿੱਤ ਲੈਂਦੇ
ਜੇ ਤੂੰ ਦੁੱਕੀ ਵੀ ਰੰਗ ਦੀ ਲਾ ਦੇਂਦਾ।

ਇਮਰੋਜ਼ ਨੇ ਦੁੱਕੀ ਤੋਂ ਲੈ ਕੇ ਯੱਕੇ ਤਕ ਦੇ ਸਾਰੇ ਰੰਗ ਦੇ ਪੱਤੇ ਉਹਦੇ ਹਵਾਲੇ ਕਰ ਕੇ ਜ਼ਿੰਦਗੀ ਦਾ ਉਲ੍ਹਾਮਾ ਲਾਹ ਦਿੱਤਾ ਹੈ।

# ਨੇੜਿਓਂ ਵੇਖੀ ਅੰਮ੍ਰਿਤਾ

ਪੰਜਾਬੀ ਸਾਹਿਤ ਦੀ ਸ਼ਾਹਣੀ ਅੰਮ੍ਰਿਤਾ ਪ੍ਰੀਤਮ ਨੂੰ ਇਹਲੋਕ ਛੱਡ ਪਰਲੋਕ ਦਾ ਵਾਸੀ ਹੋਇਆਂ ਲਗਪਗ ਸੱਤ ਮਹੀਨੇ ਹੋਣ ਲੱਗੇ ਹਨ। ਹਾਲਾਂਕਿ ਉਹਨਾਂ ਨੂੰ ਅਲਵਿਦਾ ਕਹਿਣ, ਸਸਕਾਰ ਕਰਨ, ਫੁੱਲ ਚੁਗਣ ਅਤੇ ਫਿਰ ਜਮਨਾ ਵਿਚ ਤਾਰਨ ਦੀ ਰਸਮ ਬਹੁਤ ਚੁੱਪਚਾਪ, ਬਿਨਾਂ ਕਿਸੇ ਹੰਗਾਮੇ ਦੇ ਘਰ ਦੇ ਜੀਆਂ ਤੋਂ ਇਲਾਵਾ ਮੇਰੇ ਵਰਗੇ ਦੋ ਚਾਰ ਖੁਸ਼ਨਸੀਬਾਂ ਦੀ ਸ਼ਿਰਕਤ ਨਾਲ ਪੂਰੀ ਹੋਈ। ਕੋਈ ਇਕ-ਦੋ ਵਰ੍ਹਿਆਂ ਤੋਂ ਨਹੀਂ ਸਗੋਂ ਇੱਕੀ ਵਰ੍ਹੇ ਪਹਿਲਾਂ ਉਹਨਾਂ ਨਾਗਮਣੀ ਰਾਹੀਂ ਆਪਣੇ ਪਾਠਕਾਂ-ਲੇਖਕਾਂ ਅੱਗੇ ਆਪਣੇ ਮਨ ਵਿਚਲੇ ਅਹਿਸਾਸ ਪ੍ਰਗਟ ਕਰ ਦਿੱਤੇ ਸਨ ਕਿ ਜਿਸ ਘੜੀ ਵੀ ਵਿਦਾ ਹੋਣ ਦਾ ਵੇਲਾ ਆਇਆ, ਸਹਿਜ ਮਨ ਨਾਲ ਵਿਦਾ ਹੋ ਸਕਦੀ ਹਾਂ। ਪਰ ਇਸਦੇ ਨਾਲ ਹੀ ਆਪਣੀ ਇਹ ਇੱਛਾ ਪ੍ਰਗਟ ਕੀਤੀ ਕਿ ''ਜਿਹਨਾਂ ਦਾ ਮੇਰੇ ਹੋਣ ਜੀਊਣ ਨਾਲ ਕੋਈ ਵਾਸਤਾ ਨਹੀਂ ਰਿਹਾ, ਉਹਨਾਂ ਦਾ ਮੇਰੀ ਮੌਤ ਨਾਲ ਵੀ ਵਾਸਤਾ ਨਾ ਹੋਵੇ। ਅਜਿਹੇ ਵੇਲਿਆਂ ਉਤੇ ਅਕਸਰ ਉਹ ਲੋਕ ਦੁਆਲੇ ਆ ਖਲੋਂਦੇ ਹਨ, ਜਿਹੜੇ ਪਲ ਦਾ ਵੀ ਸਾਥ ਨਹੀਂ ਹੁੰਦੇ, ਸਿਰਫ ਭੀੜ ਹੁੰਦੇ ਹਨ। ਭੀੜ ਦਾ ਮੇਰੀ ਜ਼ਿੰਦਗੀ ਨਾਲ ਵੀ ਵਾਸਤਾ ਨਹੀਂ ਸੀ, ਚਾਹੁੰਦੀ ਹਾਂ — ਉਹਦਾ ਮੇਰੀ ਮੌਤ ਨਾਲ ਵੀ ਵਾਸਤਾ ਨਾ ਹੋਵੇ ! ਰਹੁ-ਰੀਤਾਂ ਕਦੇ ਵੀ ਮੇਰੀਆਂ ਕੁਝ ਨਹੀਂ ਸਨ ਲਗਦੀਆਂ, ਉਹ ਕਿਸੇ ਭੋਗ ਜਾਂ ਸੋਗ ਸਭਾ ਦੀ ਸੂਰਤ ਵਿਚ ਉਦੋਂ ਵੀ ਕੁਝ ਝੂਠ ਸੱਚ ਬੋਲਣ ਦੀ ਖੇਚਲ ਨਾ ਕਰਨ।...ਮੇਰੀ ਮਿੱਟੀ ਨੂੰ ਸਿਰਫ਼ ਮੇਰੇ ਬੱਚਿਆਂ ਅਤੇ ਇਮਰੋਜ਼ ਦੇ ਹੱਥ ਕਾਫ਼ੀ ਹਨ। ਸਿਰਫ਼ ਕਾਫ਼ੀ ਨਹੀਂ ਗਨੀਮਤ ਹਨ!...''

ਇਸ ਸਾਹਿਤਕ ਵਸੀਅਤ ਦੇ ਕੁਝ ਵਰ੍ਹਿਆਂ ਬਾਅਦ ਅਮੀਆ ਕੁੰਵਰ (ਮੈਂ) ਅਤੇ ਅਸਮਾ ਸਲੀਮ ਉਹਨਾਂ ਦੀ ਜ਼ਿੰਦਗੀ ਵਿਚ ਆਏ। ਮੈਨੂੰ ਇਕ ਅਨੁਵਾਦਕ ਵਜੋਂ ਉਹਨਾਂ ਆਪ ਸੱਦਾ ਦਿੱਤਾ ਅਤੇ ਅਸਮਾ ਇਕ ਰਿਪੋਰਟਰ ਵਜੋਂ ਉਹਨਾਂ ਨਾਲ ਮੁਲਾਕਾਤ ਕਰਨ ਆਈ ਤੇ ਫਿਰ ਸਾਡੇ ਦੋਹਾਂ ਦਾ ਰਿਸ਼ਤਾ ਅੰਤ ਤੀਕ ਨਿਭਿਆ। ਉਹਨਾਂ ਦੇ ਜਾਣ ਬਾਅਦ ਵੀ ਉਹਨਾਂ ਨਾਲ ਜੁੜਿਆ ਹੋਇਆ ਹੈ। ਸੋ ਬਿਮਾਰੀ ਦੇ ਦਿਨਾਂ ਵਿਚ, ਆਪਣੀਆਂ ਅੰਤਮ ਰਹੁ-ਰੀਤਾਂ ਅਤੇ ਅਨੰਤ ਯਾਤਰਾ ਵਿਚ ਸ਼ਰੀਕ ਹੋਣ ਦਾ ਵੱਡਮੁੱਲਾ ਹੱਕ ਉਹਨਾਂ ਨੇ ਸਾਨੂੰ ਦੋਹਾਂ ਨੂੰ ਵੀ ਦੇ ਦਿੱਤਾ। ਇਹ ਉਹਨਾਂ ਦੀ ਹੀ ਇੱਛਾ ਸੀ, ਜਿਹਨੂੰ ਇਮਰੋਜ਼ ਨੇ ਫੁੱਲ ਚੜ੍ਹਾਏ ਅਤੇ ਭੀੜ ਨੂੰ ਇਕੱਠਿਆਂ ਕਰਨ ਦੀ ਥਾਂ ਘਰ ਦਿਆਂ ਅਤੇ ਦੋ ਚਾਰ ਨਿਜੀ ਦੋਸਤਾਂ ਨੂੰ ਇਸਦੀ ਖ਼ਬਰ ਕਰ ਦਿੱਤੀ। ਉਹ ਜਿਹੜਾ ਅੰਮ੍ਰਿਤਾ ਜੀ ਨੂੰ ਹਰ ਦੁੱਖ, ਊਜ, ਤਕਲੀਫ਼, ਇੱਕਲਤਾ ਤੋਂ ਬਚਾਉਂਦਾ ਰਿਹਾ, ਜਿਹਦੇ ਨਾਲ ਜੁੜ

ਕੇ ਅੰਮ੍ਰਿਤਾ ਜਿਊਣ ਦੇ ਸਹੀ ਅਰਥ ਸਿਖੀ — ਅੰਮ੍ਰਿਤਾ ਜੀ ਦੀ ਬਿਮਾਰੀ ਉਤੇ ਆਪਣਾ ਆਪਾ, ਆਪਣੀ ਕਲਾ, ਕੰਮ ਭੁੱਲ ਨਿਸਵਾਰਥ ਅੰਮ੍ਰਿਤਾ ਜੀ ਦੇ ਮੰਜੇ ਨਾਲ ਜੁੜ ਬਾਹਰੀ ਦੁਨੀਆ ਨੂੰ ਵਿਸਰਾਏ, ਉਹਨਾਂ ਦੀ ਤੀਮਾਰਦਾਰੀ ਵਿਚ ਰੁੱਝੇ, ਉਸ ਇਮਰੋਜ਼ ਦਾ ਅੰਮ੍ਰਿਤਾ-ਸਮਾਧ ਵਿਚ ਲੀਨ ਰਿਸ਼ੀ ਵਾਲਾ ਰੂਪ ਅਤੇ ਆਪਣੇ ਫਰਜ਼ ਤੋਂ ਵੀ ਅੱਗੇ ਤੁਰ ਸੇਵਾ ਕਰਨ ਵਾਲਾ ਅਲਕਾ ਦਾ ਸੰਤਣੀ ਰੂਪ ਮੈਂ ਵੇਖਿਆ ਹੈ — ਕਈ ਵੇਰ ਨਤਮਸਤਕ ਹੋਈ ਹਾਂ, ਇਹਨਾਂ ਦੋ ਖ਼ੂਬਸੂਰਤ ਰੂਹਾਂ ਅੱਗੇ ਤੇ ਮਨ ਹੀ ਮਨ ਇਹ ਸ਼ਿਅਰ ਗੁਣਗੁਣਾਇਆ ਹੈ —

ਜਿਨਸੇ ਮਿਲ ਕਰ ਫ਼ਖ਼ਰ ਹੋ ਜਾਏ, ਐਸੇ ਲੋਗ
ਆਪਨੇ ਦੇਖੇ ਨਾ ਹੋ; ਮਗਰ ਐਸੇ ਭੀ ਹੈਂ...

ਅੱਜ ਅੰਮ੍ਰਿਤਾ ਜੀ ਦੇ ਜਾਣ ਮਗਰੋਂ ਆਲੋਚਕ ਆਪਣੀ ਆਲੋਚਨਾ 'ਤੇ ਉਤਰ ਆਏ ਹਨ। ਉਹ ਅੰਮ੍ਰਿਤਾ ਜੀ ਦੀ ਸ਼ਖ਼ਸੀਅਤ ਅਤੇ ਰਚਨਾਵਾਂ 'ਤੇ ਹੀ ਕਟਾਖਸ਼ ਨਹੀਂ ਕਰ ਰਹੇ ਸਗੋਂ ਉਹ ਇਸ ਸਿਲਸਿਲੇ ਵਿਚ ਇਮਰੋਜ਼ ਨੂੰ ਵੀ ਨਹੀਂ ਬਖ਼ਸ਼ ਰਹੇ ਜਿਹਨੇ ਕੁਝ ਘੰਟਿਆਂ ਵਿਚ ਹੀ ਉਹਨਾਂ ਦਾ ਸਸਕਾਰ ਕਰ ਦਿੱਤਾ...ਇਮਰੋਜ਼ ਦੀ ਵਰ੍ਹਿਆਂ ਦੀ ਤਪਸਿਆ ਨੂੰ ਇੰਨੀ ਛੇਤੀ ਨਜ਼ਰੋਂ ਉਹਲੇ ਕਰ ਕਹਿ ਰਹੇ — ਇਮਰੋਜ਼ ਨੇ ਤਾਂ ਅੰਮ੍ਰਿਤਾ ਸੜਕ 'ਤੇ ਰੋੜ੍ਹ ਦਿੱਤੀ...ਲੋਕਾਂ ਦਾ ਹਾਫ਼ਿਜ਼ਾ ਬਹੁਤ ਛੋਟਾ ਹੁੰਦਾ ਹੈ। ਉਹ ਭੁੱਲ ਗਏ ਨੇ ਕਿ ਉਹਨਾਂ ਵਿਚੋਂ ਕਈਆਂ ਨੇ ਅੰਮ੍ਰਿਤਾ ਨੂੰ ਉਮਰ ਭਰ ਦਾ ਨਾ ਭੁਲਣ ਵਾਲਾ ਦੁੱਖ ਦਿੱਤਾ ਸੀ, ਜਿਸ ਕਾਰਨ ਉਸ ਨੇ ਤੜਪ ਕੇ ਇਹ ਅੰਤਮ ਇੱਛਾ ਘਰ ਦਿਆਂ ਅਗੇ ਜ਼ਾਹਿਰ ਕੀਤੀ ਸੀ। ਉਸੇ ਨੂੰ ਮੱਦੇ ਨਜ਼ਰ ਰੱਖਦਿਆਂ ਬਹੁਤ ਘੱਟ ਲੋਕਾਂ ਨੂੰ ਖ਼ਬਰ ਕੀਤੀ ਗਈ। ਸ਼ਾਇਦ ਇਸ ਤੋਂ ਵੀ ਘੱਟ 8-10 ਲੋਕਾਂ ਨਾਲ ਹੀ ਇਹ ਅਨੰਤ ਯਾਤਰਾ ਸੰਪੂਰਨ ਹੁੰਦੀ ਪਰ ਮੈਨੂੰ ਜਦੋਂ ਇਮਰੋਜ਼ ਹੁਰਾਂ ਦਾ ਫੋਨ ਆਇਆ, ਦੁਪਹਿਰ ਦੇ ਢਾਈ ਵਜੇ; ਉਸ ਵੇਲੇ ਮੈਂ ਵਿਗਿਆਨ ਭਵਨ ਵਿਚ ਭਾਈ ਵੀਰ ਸਿੰਘ ਸਦਨ ਵਲੋਂ ਕਰਵਾਏ ਗਏ ਸੈਮੀਨਾਰ ਵਿਚ ਸ਼ਿਰਕਤ ਕਰ ਰਹੀ ਸਾਂ। ਸੋ ਉਥੇ ਅਹਿਮਦ ਸਲੀਮ ਅਤੇ ਆਲੇ-ਦੁਆਲੇ ਬੈਠੇ ਕੁਝ ਲੋਕਾਂ ਨੂੰ ਕਿਸੇ ਤਰ੍ਹਾਂ ਇਹ ਦੁਖਦਾਈ ਖ਼ਬਰ ਦੱਸੀ, ਜਿਹੜੀ ਇਕ ਤੋਂ ਦੂਜੇ ਕੰਨ ਹੁੰਦੀ ਹੋਈ ਪੰਜਾਬੀ ਅਕਾਦਮੀ ਅਤੇ ਕੁਝ ਲੇਖਕ-ਮਿੱਤਰਾਂ ਤਕ ਪੁੱਜੀ। ਉਂਜ ਵੀ ਅੰਮ੍ਰਿਤਾ ਜਿਹੀ ਸ਼ਖ਼ਸੀਅਤ ਨਾਲ ਜੁੜੀ ਇੰਨੀ ਵੱਡੀ ਖ਼ਬਰ ਦੱਬ ਕੇ ਨਹੀਂ ਰਹਿ ਸਕਦੀ ਸੀ...ਹੌਲੀ ਹੌਲੀ ਹਵਾਵਾਂ ਨੇ ਰੁੱਖਾਂ ਨਾਲ, ਕੁਦਰਤ ਨਾਲ, ਹਰ ਲੰਘਦੇ ਰਾਹੀ ਨਾਲ ਕਨਸੋਅ ਕੀਤੀ ਤੇ ਕੁਝ ਚਾਹੁਣ ਵਾਲਿਆਂ, ਪਾਠਕਾਂ, ਲੇਖਕਾਂ, ਅਖ਼ਬਾਰ ਵਾਲਿਆਂ, ਮੀਡੀਆ ਤੋਂ ਪਹੁੰਚਦੀ ਪਸਰਦੀ ਇਹ ਖ਼ਬਰ ਰਾਹੇ-ਆਮ ਹੋ ਗਈ। ਇਹਦੇ ਪ੍ਰਤੀਕਰਮ ਵੀ ਛੇਤੀ ਹੀ ਸਾਹਮਣੇ ਆਉਣ ਲੱਗੇ। ਪੰਜਾਬੀ ਤੋਂ ਵੱਧ ਹਿੰਦੀ ਅਤੇ ਹੋਰ ਭਾਸ਼ਾਵਾਂ ਵਿਚ ਅੰਮ੍ਰਿਤਾ ਜੀ ਬਾਰੇ ਬਹੁਤ ਵਧੀਆ ਅਤੇ ਉੱਚ ਪਾਏ ਦਾ ਲਿਖਿਆ ਗਿਆ। ਪੰਜਾਬੀ ਵਿਚ ਵੀ ਕੁਝ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਉਹਦੀ ਸ਼ਖ਼ਸੀਅਤ ਉੱਤੇ ਦੋਸਤਾਂ ਮਿੱਤਰਾਂ, ਵਿਰੋਧੀਆਂ ਨੇ ਆਪੋ ਆਪਣੀ ਵਿੱਤ ਮੁਤਾਬਕ ਲਿਖਿਆ — ਪ੍ਰਤਿਮਾਨ, ਅੱਖਰ, ਪ੍ਰੀਤਲੜੀ, ਸੰਖ, ਅਕਸ, ਕਹਾਣੀ ਪੰਜਾਬ, ਨਵਾਂ ਜ਼ਮਾਨਾ, ਟ੍ਰਿਬਿਊਨ, ਅਜੀਤ, ਹਿੰਦੀ 'ਚ ਗਿਆਨ ਉਦੈ, ਰਾਸ਼ਟ੍ਰੀਯ ਸਹਾਰਾ, ਹਿੰਦੁਸਤਾਨ ਟਾਈਮਸ, ਸਹਾਰਾ, ਆਜ ਕੱਲ੍ਹ ਆਦਿ ਲਗਪਗ ਹਰ ਪਰਚੇ ਨੇ ਅੰਮ੍ਰਿਤਾ ਪ੍ਰੀਤਮ ਨੂੰ ਸ਼ਰਧਾਂਜਲੀ ਦਿੱਤੀ ਪਰ

ਇਹਦੇ ਨਾਲ ਹੀ ਉਹਦੀ ਖਿਲਾਫਤ ਕਰਦੇ, ਨਾਕਾਰਤਮਕ ਕਿਰਦਾਰ ਦਰਸਾਉਂਦੇ ਤਿੰਨ-ਚਾਰ ਨਾਵਲ ਅਤੇ ਇਕ ਦੋ ਲੇਖਕਾਂ ਵਲੋਂ ਦਿੱਤੇ ਗਏ ਸਾਖਿਆਤਕਾਰ ਉਹਨਾਂ ਦੇ ਪ੍ਰਤੀ ਨਾਂਹ ਪੱਖੀ ਸੋਚ ਦਾ ਪ੍ਰਗਟਾਵਾ ਕਰਦੇ ਸਾਹਮਣੇ ਆਏ। ਇੰਜ ਹੀ ਉਹਨਾਂ ਦੇ ਨਾਂ ਤੇ ਕੀਤੀਆਂ ਸੋਗ ਸਭਾਵਾਂ ਵਿਚ ਕੁਝ ਲੇਖਕਾਂ ਨੇ ਆਪਣੇ ਮਨ ਦਾ ਜ਼ਹਿਰ ਅਤੇ ਇਕ-ਪਾਸੜ ਸੱਚ ਦਾ ਕੁਫ਼ਰ ਤੋਲਿਆ। ਉਹਨਾਂ ਦੇ ਜਾਣ ਮਗਰੋਂ ਬਹੁਤ ਕੁਝ ਅਜਿਹਾ ਉਹਨਾਂ ਬਾਰੇ ਲਿਖਿਆ ਜਾ ਰਿਹਾ ਏ...ਅੱਧਿਓਂ ਵੱਧ ਅੰਝਾਈਂ ਜਾਣ ਜੋਗਾ, ਕੁਝ ਅਣਗੌਲਣ ਵਾਲਾ, ਕੁਝ ਕੰਨ ਵਲੇਟ ਚੁੱਪ ਰਹਿ ਜਾਣ ਲਈ...ਕੁਝ ਆਲੋਚਕਾਂ ਵਲੋਂ ਵਿਰੋਧੀ ਸੁਰ ਲਏ...ਪਰ ਅਫ਼ਸੋਸ ਉਦੋਂ ਹੁੰਦਾ ਏ ਜਦੋਂ ਉਹਦੇ ਵਿਚੋਂ ਬਹੁਤਾ ਗੈਰ-ਅੰਮ੍ਰਿਤਾ ਹੁੰਦਾ ਏ — ਨਾ ਉਹਨਾਂ ਦੀ ਸ਼ਖ਼ਸੀਅਤ ਦੇ ਅਤੇ ਨਾ ਹੀ ਉਹਨਾਂ ਦੇ ਕਦ ਦੇ ਮੇਚ ਦਾ।

ਬੇਸ਼ਕ ਅੰਮ੍ਰਿਤਾ ਜੀ ਦੀ ਸ਼ਖ਼ਸੀਅਤ ਦੀਆਂ ਕਈ ਪਰਤਾਂ ਸਨ ਪਰ ਕਿਹੜਾ ਸ਼ਖ਼ਸ ਇਹ ਦਾਅਵਾ ਕਰ ਸਕਦਾ ਏ ਕਿ ਉਸ ਦੀਆਂ ਆਪਣੀਆਂ ਇਸ ਤੋਂ ਵੱਧ ਪਰਤਾਂ ਨਹੀਂ ਹਨ...ਅੰਮ੍ਰਿਤਾ ਜੀ ਦੇ ਨੇੜੇ ਰਹਿਣ ਦਾ ਜੋ ਸੁਭਾਗ ਮੈਨੂੰ ਮਿਲਿਆ ਏ...ਉਹਨਾਂ ਦੇ ਨਾਲ ਰਹਿੰਦਿਆਂ ਮੈਂ ਉਹਨਾਂ ਦੀ ਇੱਕ-ਇੱਕ ਕਮਜ਼ੋਰੀ, ਖ਼ੂਬੀ, ਖ਼ਾਮੀ ਤੋਂ ਜਾਣੂ ਹਾਂ। ਅੰਮ੍ਰਿਤਾ ਰੱਬ ਜਾਂ ਦੇਵੀ ਨਹੀਂ ਸੀ। ਇਕ ਸਧਾਰਨ ਮਨੁੱਖ ਵਾਲੀਆਂ ਕਮਜ਼ੋਰੀਆਂ ਉਸ ਵਿਚ ਵੀ ਸਨ। ਜਿਹਨਾਂ ਉੱਤੇ ਉਸਨੇ ਆਪਣੀ ਬੌਧਿਕਤਾ, ਕਾਵਿਕਤਾ ਦੇ ਵਿਕਾਸ ਰਾਹੀਂ ਉਚੇਚੇ ਜਤਨਾਂ ਨਾਲ ਕਾਬੂ ਕੀਤਾ ਸੀ। ਇਹਨਾਂ ਸਭ ਨਿਗੂਣੀਆਂ ਗੱਲਾਂ ਤੋਂ ਉੱਤੇ, ਉਹਨਾਂ ਦੀ ਸ਼ਖ਼ਸੀਅਤ ਵਿਚਲੀਆਂ ਖ਼ੂਬੀਆਂ, ਪੰਜਾਬੀ ਸਾਹਿਤ, ਹਿੰਦੀ ਸਾਹਿਤ ਅਤੇ ਵਿਦੇਸ਼ੀ ਸਾਹਿਤ ਉੱਤੇ ਉਹਨਾਂ ਨੇ ਜਿਹੜੀ ਅਮੁੱਲ, ਅਮਿਟ ਛਾਪ ਛੱਡੀ ਹੈ — ਉਹਨੂੰ ਸਿਰਫ਼ ਕੁਝ ਲੇਖਕਾਂ ਵੱਲੋਂ ਉਹਨਾਂ ਦੀ ਲਿਖਤ ਨੂੰ ਨਿਗੂਣੀ ਜਾਂ ਔਸਤ ਗਰਦਾਨ ਕੇ, ਉਹਨਾਂ ਦੇ ਚਰਿੱਤਰ ਉੱਤੇ ਲਾਂਛਣ ਲਗਾ, ਕਈ ਤਰ੍ਹਾਂ ਦੇ ਇਕ ਪਾਸੜ ਦੂਸ਼ਣ ਲਗਾ ਕੇ ਉਹਨਾਂ ਦੀ ਹੋਂਦ ਨੂੰ ਨਿਰਹੋਂਦ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਵੱਡੀ ਲਕੀਰ ਨੂੰ ਛੁਟਿਆਇਆ ਜਾ ਸਕਦਾ ਹੈ। ਵੀਹਵੀਂ ਸਦੀ ਦੇ ਸਾਹਿਤ ਵਿਚ ਉਹਨਾਂ ਦੀ ਭਰਵੀਂ ਅਤੇ ਸਾਰਥਕ ਹਾਜ਼ਰੀ ਨੂੰ ਕਿਸੇ ਵੀ ਕੀਮਤ ਉੱਤੇ ਨਕਾਰਿਆ ਨਹੀਂ ਜਾ ਸਕਦਾ। ਵੀਹਵੀਂ ਸਦੀ ਦੀ ਇਹ ਸਭ ਤੋਂ ਵੱਡੀ ਅਮੀਰੀ ਹੈ ਕਿ ਉਹਨੂੰ ਅੰਮ੍ਰਿਤਾ ਜੀ ਵਰਗਾ ਸਰਮਾਇਆ ਮਿਲਿਆ ਹੈ। ਸੱਚਮੁੱਚ ਅੰਮ੍ਰਿਤਾ ਜੀ ਨੂੰ ਹਾਸਲ ਕਰ ਉਹ ਆਉਣ ਵਾਲੇ ਸਾਮਿਆਂ ਵਿਚ ਧਨਾਢ ਸਦੀਆਂ 'ਚੋਂ ਇਕ ਗਿਣੀ ਜਾਏਗੀ। ਅੰਮ੍ਰਿਤਾ ਇਸ ਸਦੀ ਦੀ ਅਮੁੱਲ ਵਿਰਾਸਤ ਏ ਜਿਹਨੂੰ ਆਉਣ ਵਾਲੀਆਂ ਨਸਲਾਂ ਭੋਗਣਗੀਆਂ, ਹੰਢਾਉਣਗੀਆਂ। ਅੰਮ੍ਰਿਤਾ ਪ੍ਰੀਤਮ ਇਕ ਲੇਖਕ ਵਜੋਂ ਤਾਂ ਸਾਹਿਤ ਦੇ ਇਤਿਹਾਸ ਵਿਚ ਅਹਿਮ ਥਾਂ ਰਖਦੀ ਹੀ ਸੀ ਪਰ ਮੈਂ ਉਹਨੂੰ ਉਸ ਤੋਂ ਵੱਧ ਇੱਕ ਮੋਹਵੰਤੀ ਨਿਆਜ਼ਬੋਈ ਸ਼ਖ਼ਸੀਅਤ, ਮਨੁੱਖੀ ਕਦਰਾਂ-ਕੀਮਤਾਂ ਨੂੰ ਜਿਊਣ ਵਾਲੀ, ਰਿਸ਼ਤਿਆਂ ਨੂੰ ਜੋਗ ਥਾਂ ਦੇਣ ਵਾਲੀ, ਆਪਣੀ ਮਰਜ਼ੀ, ਆਪਣੀਆਂ ਸ਼ਰਤਾਂ ਅਤੇ ਆਪਣੇ ਅੰਦਰ ਦੇ ਸੱਚ ਮੁਤਾਬਕ ਜਿਊਣ ਵਾਲੀ ਕਿਰਦਾਰ ਵਜੋਂ ਆਮ ਇਨਸਾਨਾਂ ਤੋਂ ਬਹੁਤ ਉੱਚੀ ਥਾਂ ਤੇ ਪਹੁੰਚਿਆ ਵੇਖਦੀ ਹਾਂ।

ਪਿਛਲੇ ਅਠਾਰ੍ਹਾਂ ਵਰ੍ਹਿਆਂ ਤੋਂ ਉਹਨਾਂ ਦੇ ਸੰਗ-ਸਾਥ ਨੂੰ ਮਾਣਦਿਆਂ ਮੈਂ ਉਹਨਾਂ ਦੀਆਂ ਕਈ ਨਿੱਕੀਆਂ ਵੱਡੀਆਂ ਖ਼ੂਬੀਆਂ ਤੋਂ ਵਾਕਫ਼ ਵੀ ਹੋਈ ਹਾਂ ਅਤੇ ਮੁਤਾਸਿਰ ਵੀ। ਜਿਥੇ ਇਕ ਪਾਸੇ ਉਹ ਆਪਣੇ ਕੁਝ ਸਮਕਾਲੀਆਂ ਦੀ ਤੰਗ ਸੋਚ ਤੋਂ ਪਰੇਸ਼ਾਨ ਸੀ, ਉਥੇ

ਉਹ ਹਰ ਨਵੇਂ ਤੋਂ ਨਵੇਂ ਲੇਖਕ ਦੀ ਕਿਰਤ ਨੂੰ ਸਲਾਹੁਣ, ਕਦਰ ਪਾਉਣ ਪੱਖੋਂ ਆਮ ਲੋਕਾਂ ਤੋਂ ਬਹੁਤ ਉੱਚੇ ਸੀ। ਬਹੁਤ ਸਾਰੇ ਅਸਲੋਂ ਨਵੇਂ ਲੇਖਕ ਉਹਨਾਂ ਦੇ ਅਤੇ ਉਹਨਾਂ ਦੀ ਨਾਗਮਣੀ ਦੀ ਛੱਤਰ ਛਾਇਆ ਵਿਚ ਹੀ ਪੁੰਗਰੇ ਅਤੇ ਵਿਕਸਿਤ ਹੋਏ। ਇਹਨਾਂ ਵਿਚੋਂ ਕਈਆਂ ਦੀ ਤਾਂ ਪਹਿਲ-ਪਲੇਠੀ ਰਚਨਾ ਨੂੰ ਹੀ ਨਾਗਮਣੀ ਨੇ ਆਪਣੇ ਪੰਨਿਆਂ ਵਿਚ ਥਾਂ ਦਿੱਤੀ। ਕੁਝ ਲੇਖਕਾਂ ਨੂੰ ਲੋਕ ਨਾਗਮਣੀ-ਗਰੁਪ ਦਾ ਲੇਖਕ ਕਹਿ ਸਨਮਾਨਿਤ ਵੀ ਕਰਦੇ ਸਨ ਅਤੇ ਕਈ ਇਸ ਗੱਲੋਂ ਉਹਨਾਂ ਦਾ ਮਜ਼ਾਕ ਵੀ ਉਡਾਉਂਦੇ — ਜਸਬੀਰ ਭੁੱਲਰ, ਮੋਹਨਜੀਤ, ਪ੍ਰਮਿੰਦਰਜੀਤ, ਬਲਦੇਵ ਸਿੰਘ, ਕਸ਼ਮੀਰ ਸਿੰਘ ਪੰਨੂੰ, ਦਲਬੀਰ ਚੇਤਨ, ਰਵਿੰਦਰ ਭੱਠਲ, ਪ੍ਰੇਮ ਗੋਰਖੀ, ਕਿਰਪਾਲ ਕਜ਼ਾਕ, ਮਿੰਦਰ, ਅਣਖੀ, ਭੂਸ਼ਣ, ਨਿਰੂਪਮਾ ਦੱਤ, ਰਮੇਸ਼ ਸ਼ਰਮਾ, ਅਮਰਜੀਤ ਕੌਂਕੇ, ਪਾਲ ਕੌਰ ਆਦਿ ਇਸ ਘੇਰੇ 'ਚ ਆਉਂਦੇ ਸੈਂਕੜੇ ਨਾਂ ਗਿਣਾਏ ਜਾ ਸਕਦੇ ਹਨ। ਕਿਸੇ ਦੀ ਰਚਨਾ ਪਸੰਦ ਆਉਂਦੀ ਤਾਂ ਬਾਰ-ਬਾਰ ਉਹਦਾ ਜ਼ਿਕਰ ਕਰਦੇ। ਜਿਸ ਉੱਤੇ ਵਿਸ਼ਵਾਸ ਕਰਦੇ, ਪੂਰੀ ਤਰ੍ਹਾਂ ਡੁਲ੍ਹਦਾ ਹੋਇਆ ਵਿਸ਼ਵਾਸ। ਇਸੇ ਲਈ ਕਈ ਵੇਰ ਧੋਖਾ ਖਾਂਦੇ, ਦੁੱਖ ਨਾਲ ਉਹਦਾ ਜ਼ਿਕਰ ਕਰਦੇ। ਮੈਂ ਆਪਣੀ ਸਵੈ ਜੀਵਨੀ ਮੂਲਕ ਰਚਨਾ 'ਦਸ ਕਦਮ' (ਇਹਨੂੰ ਲਿਖਣ ਦੀ ਪ੍ਰੇਰਨਾ ਵੀ ਉਹੀ ਸਨ) ਉਹਨਾਂ ਨੂੰ ਦੇ ਕੇ ਆਈ ਤਾਂ ਘੰਟੇ ਮਗਰੋਂ ਹੀ ਘਰ ਫੋਨ ਆ ਗਿਆ — ਕਮਾਲ ਕਰ ਦਿੱਤਾ ਈ — ਨਾਗਮਣੀ ਦੇ ਸੀਮਿਤ ਪੰਨਿਆਂ ਦਾ ਇਕ ਵੱਡਾ ਹਿੱਸਾ ਉਹਨਾਂ ਨੇ ਇਹਦੇ ਲਈ ਰਾਖਵਾਂ ਕਰ ਦਿੱਤਾ। ਇਹਦੇ ਲਈ ਪਹਿਲਾਂ ਕੰਪੋਜ਼ ਕੀਤੇ ਕੁਝ ਲੇਖ ਵੀ ਅਗਲੇ ਅੰਕ ਲਈ ਕੱਢ ਕੇ ਰੱਖ ਦਿੱਤੇ। ਇਸ ਤੋਂ ਬਾਅਦ ਇਸੇ ਨੂੰ ਆਪਣੇ ਇਕ ਸੰਗ੍ਰਹਿ (ਇਸ਼ਕ ਸਹਸਤਰ ਨਾਮ) ਵਿਚ ਸ਼ਾਮਲ ਕੀਤਾ ਅਤੇ ਪੁਨਸ਼ਚੈ ਦੇ ਸੰਪਾਦਕ ਦਿਨੇਸ਼ ਦਿਵੇਦੀ ਨੂੰ ਇਟਾਰਸੀ ਭੇਜਿਆ। ਆਪਣੇ ਜਨਮ ਦਿਨ ਤੇ ਆਏ ਲੇਖਕ ਮਿੱਤਰਾਂ ਸਾਹਵੇਂ ਮੈਨੂੰ ਆਪਣੇ ਨੇੜੇ ਬਿਠਾ ਮੇਰੀ ਇਸ ਰਚਨਾਂ ਨੂੰ ਉਸ ਵਰ੍ਹੇ ਦੀ ਸਭ ਤੋਂ ਵਧੀਆ ਰਚਨਾ ਕਿਹਾ। ਅਜਿਹਾ ਮਾਣ ਉਹ ਪਹਿਲਾਂ ਨਾਗਮਣੀ – ਸ਼ਾਮ ਮਨਾ ਕਈ ਲੇਖਕਾਂ ਨੂੰ ਦਿੰਦੇ ਰਹੇ ਸਨ। ਕਵੀਆਂ ਵਿਚ ਉਹ ਮੋਹਨਜੀਤ ਨੂੰ ਬਹੁਤ ਵਧੀਆ ਕਵੀ ਮੰਨਦੇ ਸਨ।

ਜਿਸ ਖ਼ੂਬਸੂਰਤੀ ਅਤੇ ਖੁਲ੍ਹਦਿਲੀ ਨਾਲ ਉਹਨਾਂ ਨੇ ਘਰ ਦੀਆਂ ਜ਼ਿੰਮੇਵਾਰੀਆਂ ਨਿਭਾਈਆਂ, ਉਹ ਆਮ ਔਰਤ ਦੇ ਬੂਤੇ ਤੋਂ ਬਾਹਰ ਸੀ। ਸਾਡੀਆਂ ਅਖੌਤੀਆਂ ਮਾਵਾਂ, ਸੱਸਾਂ ਜਿਹੜੀਆਂ ਖ਼ੁਦ ਨੂੰ ਸੱਚਾ-ਸੁੱਚਾ ਗਰਦਾਨਦੀਆਂ ਹਨ। ਪਤੀ ਤੋਂ ਇਲਾਵਾ ਕਿਸੇ ਹੋਰ ਮਰਦ ਵੱਲ ਅੱਖ ਉੱਚਿਆਂ ਕਰਕੇ ਵੇਖਣਾ ਹਰਾਮ ਸਮਝਦੀਆਂ ਹਨ, ਪੂਜਾ-ਪਾਠ ਅਤੇ ਭਗਤੀ ਵਿਚ ਖ਼ੁਦ ਨੂੰ ਲੀਨ ਕਰਨ ਵਾਲੀਆਂ, ਘਰ ਦੇ ਕਿੰਨੇ ਹੀ ਨਿੱਕੇ ਮੋਟੇ ਫ਼ਰਜ਼ਾਂ ਤੋਂ ਅਵੇਸਲੀਆਂ ਹੋ ਜਾਂਦੀਆਂ ਹਨ। ਕਿਤੇ ਉਹ ਨੂੰਹ-ਪੁੱਤਰ ਦੇ ਵਿਚਕਾਰ ਆ ਜਾਂਦੀਆਂ ਹਨ ਅਤੇ ਕਿਤੇ ਪੁੱਤਰ ਧੀ ਵਿਚ ਫ਼ਰਕ ਮਿਥ ਲੈਂਦੀਆਂ ਹਨ। ਪਾਠ-ਪੂਜਾ ਕਰਦਿਆਂ ਵੀ ਘਰ ਵਿਚਲੀ ਰਾਜਨੀਤੀ ਵਿਚ ਅਹਿਮ ਰੋਲ ਨਿਭਾਉਂਦੀਆਂ ਹਨ — ਅੰਮ੍ਰਿਤਾ ਨੇ ਕਦੇ ਰਿਸ਼ਤਿਆਂ ਵਿਚ ਰਾਜਨੀਤੀ ਨਹੀਂ ਆਉਣ ਦਿੱਤੀ। ਘਰ ਵਿਚ ਪੁੱਤਰ, ਧੀ, ਨੂੰਹ ਜਿਹੜਾ ਚੰਗਾ ਕੰਮ ਕਰੇ ਉਹਦੀ ਸਲਾਹੁਤਾ, ਜਿਹੜਾ ਮਾੜਾ ਕਰੇ — ਜ਼ਿਆਦਾਤਰ ਚੁੱਪ ਵੱਟ ਜਾਂਦੇ ਪਰ ਕਦੇ-ਕਦਾਈ ਉਹਦੇ ਪ੍ਰਤੀ ਹਲਕਾ ਜਿਹਾ ਦੁੱਖ ਤੇ ਅਫ਼ਸੋਸ ਜ਼ਾਹਿਰ ਕਰ ਦਿੰਦੇ। ਸਭ ਬੱਚਿਆਂ ਦੀ ਲੋੜ ਵੇਲੇ ਇਕੋ ਜਿਹੀ ਮਦਦ ਕਰਦੇ।

ਇੰਨੇ ਵੱਡੇ ਘਰ ਵਿਚ ਹਰ ਇਕ ਦੀ ਪ੍ਰਾਈਵੇਸੀ ਦੀ ਕਦਰ ਕਰਦਿਆਂ ਨੂੰਹ-ਪੁੱਤਰ ਨੂੰ ਹੇਠਲੀ ਮੰਜ਼ਲ, ਖੁਦ ਪਹਿਲੀ ਮੰਜ਼ਲ ਅਤੇ ਧੀ ਨੂੰ ਦੂਜੀ ਮੰਜਲ ਬਣਵਾ ਕੇ ਦਿੱਤੀ। ਧੀ-ਪੁੱਤ ਵਿਚ ਕਦੇ ਫ਼ਰਕ ਨਹੀਂ ਕੀਤਾ। ਜੇ ਕਿਸੇ ਮੈਗਜ਼ੀਨ ਜਾਂ ਬੰਦੇ ਨੇ ਧੀ ਦੇ ਗੋਦ ਲਏ ਹੋਣ ਦਾ ਜ਼ਿਕਰ ਕੀਤਾ, ਉਹਨਾਂ ਨੂੰ ਚੰਗਾ ਨਹੀਂ ਲਗਿਆ। ਆਪਣੀ ਸਵੈ-ਜੀਵਨੀ 'ਰਸੀਦੀ ਟਿਕਟ' ਵਿਚ ਵੀ ਉਹਨਾਂ ਇਸ ਤੱਥ ਬਾਰੇ ਕੋਈ ਜ਼ਾਹਿਰਾ ਜਾਂ ਪ੍ਰਤੱਖ ਜ਼ਿਕਰ ਨਹੀਂ ਕੀਤਾ। ਜਦੋਂ ਧੀ ਨੇ ਅਸੁਰੱਖਿਅਤ ਮਹਿਸੂਸ ਕੀਤਾ, ਉਹਨੂੰ ਨਿਊ ਫਰੈਂਡਸ ਕਾਲੋਨੀ ਵਿਚ ਵੱਖਰਾ ਮਕਾਨ ਦਿੱਤਾ। ਕੋਈ ਇਨਾਮ ਮਿਲਿਆ, ਚਾਹੇ ਉਹ ਪੰਜਾਬੀ ਅਕਾਦਮੀ ਦਾ ਮਿਲਿਨੀਅਮ ਅਵਾਰਡ ਹੋਏ ਜਾਂ ਪੰਜਾਬ ਸਰਕਾਰ ਵਲੋਂ ਮਿਲਿਆ 15 ਲੱਖ ਰੁਪਏ ਨਕਦ ਜਿਹਾ ਕੀਮਤੀ ਅਵਾਰਡ। ਪੁੱਤਰ, ਧੀ ਅਤੇ ਉਹਨਾਂ ਦੇ ਬੱਚਿਆਂ ਦੇ ਨਾਂ ਵੱਡੀ ਰਕਮ ਬੈਂਕ ਵਿਚ ਜਮ੍ਹਾ ਕਰਨ ਤੋਂ ਬਾਅਦ ਧੀ, ਨੂੰਹ ਨੂੰ ਸੋਨੇ ਦੇ ਗਹਿਣੇ ਉਹਨਾਂ ਦੇ ਨਾਲ-ਨਾਲ ਮੇਰੇ ਜਿਹੀ ਨਿਗੂਣੀ ਮਿੱਤਰ ਨੂੰ ਸੋਨੇ ਦਾ ਨੈਕਲੇਸ, ਝੁਮਕੇ, ਬ੍ਰੇਸਲੇਟ, ਮੁੰਦਰੀ, ਦਲੀਪ ਕੌਰ ਟਿਵਾਣਾ, ਸਤੀ ਰੰਧਾਵਾ ਨੂੰ ਚੂੜੀਆਂ, ਡਾ. (ਮਿਸੇਜ) ਨਾਗ ਨੂੰ ਨੈਕਲੇਸ ਅਤੇ ਹੋਰ ਕਈਆਂ ਲਈ ਕਿੰਨਾ ਕੁਝ ਨਿੱਕ-ਸੁੱਕ। ਹਰ ਮੌਕੇ ਤੇ ਤੋਹਫ਼ੇ ਦੇਣਾ ਉਹਨਾਂ ਦਾ ਖ਼ਾਸ ਸ਼ੌਕ ਸੀ। ਦਿਵਾਲੀ, ਨਵਾਂ ਸਾਲ, 31 ਅਗਸਤ ਉਹਨਾਂ ਵਲੋਂ ਮਿਲੇ ਤੋਹਫ਼ਿਆਂ ਨਾਲ ਸਾਨੂੰ ਅਮੀਰ ਕਰ ਜਾਂਦਾ। (ਹੁਣ ਉਹਨਾਂ ਦੀ ਇਹ ਜ਼ਿੰਮੇਵਾਰੀ ਅਲਕਾ-ਇਮਰੋਜ਼ ਹੁਰਾਂ ਨੇ ਆਪਣੇ ਉੱਤੇ ਲੈ ਲਈ ਹੈ।) ਕਦੇ ਦਲੀਪ ਕੌਰ ਟਿਵਾਣਾ ਤੋਂ ਮੰਗਵਾ ਕੇ ਫੁਲਕਾਰੀ ਦਿੰਦੇ — ਕਦੇ ਉਰਮਿਲ ਸ਼ਰਮਾ ਜੈਪੁਰ ਗਈ ਤਾਂ ਉਸਤੋਂ ਘਰ ਦੇ ਹੋਰ ਜੀਆਂ ਅਤੇ ਮੇਰੇ ਲਈ ਸੁੱਚੇ ਮੋਤੀ ਦੀ ਮੁੰਦਰੀ ਕਦੇ ਕਿਸੇ ਖ਼ਾਸ ਜਗ੍ਹਾ ਦੀ ਸ਼ਾਲ, ਕਦੇ ਸੂਟ ਅਤੇ ਹੋਰ ਕਿੰਨਾ ਕੁਝ—ਕਦੇ ਨਵਰਾਜ ਨੇ ਨਵਾਂ ਕੰਮ ਸ਼ੁਰੂ ਕੀਤਾ ਤਾਂ ਮੈਨੂੰ ਤੇ ਮੇਰੀ ਧੀ ਨੂੰ ਤੋਹਫ਼ਿਆਂ ਨਾਲ ਨਿਵਾਜ ਦਿੱਤਾ। ਅੱਜ ਵੀ ਮੇਰੇ ਕੋਲ ਉਹਨਾਂ ਦੇ ਦਿੱਤੇ ਇਕ-ਦੋ ਤੁਹਫ਼ਿਆਂ (ਇਕ ਸੂਟ ਗੁਆਚ ਗਿਆ, ਇਕ ਫੁੱਲਦਾਨ ਕੰਮ ਵਾਲੀ ਹੱਥੋਂ ਟੁਟ ਗਿਆ) ਨੂੰ ਛੱਡ ਸਭ ਸੰਭਾਲੇ ਪਏ ਹਨ। ਮੇਰੀ ਹਰ ਤਕਲੀਫ਼ ਵੇਲੇ ਉਹ ਬਹੁੜੇ ਹਨ — ਮਾਂ ਬਣ ਕੇ, ਦੋਸਤ ਬਣ ਕੇ, ਹਮਦਰਦ ਬਣ ਕੇ ਅਤੇ ਕਦੇ ਸੱਸ ਬਣ ਕੇ ਵੀ। ਜੇ ਵਿਆਹੁਤਾ ਜ਼ਿੰਦਗੀ ਵਿਚ ਕੋਈ ਔਖ ਬਣੀ ਤਾਂ ਉਹਨਾਂ ਦੇ ਘਰ ਦੇ ਦਰਵਾਜ਼ੇ ਮੇਰੇ ਲਈ ਖੁਲ੍ਹ ਗਏ। ਹਰਪ੍ਰੀਤ (ਮੇਰੇ ਪਤੀ) ਨੂੰ ਉਚੇਚਾ ਸੱਦ, ਲੰਮਾ ਸੰਵਾਦ ਕੀਤਾ। ਮੇਰੀ ਨੌਕਰੀ ਲਈ ਕਈ ਸੰਬੰਧਿਤ ਬੰਦਿਆਂ ਨੂੰ ਕਿਹਾ ਤੇ ਫ਼ੋਨ ਕੀਤਾ। ਮੇਰੇ ਘਰ ਮੇਰੀ ਬੱਚੀ ਦੀ ਆਮਦ ਵੀ ਉਹਨਾਂ ਦੀ ਪ੍ਰੇਰਨਾ ਅਤੇ ਹੱਲਾ-ਸ਼ੇਰੀ ਨਾਲ ਹੋਈ। ਮੈਨੂੰ ਯਾਦ ਏ—ਬੱਚੀ ਦੇ ਆਉਣ ਤੇ ਮੈਂ ਉਹਨਾਂ ਨੂੰ ਫ਼ੋਨ ਕੀਤਾ। ਉਦੋਂ ਅਸੀਂ ਸਫ਼ਦਰ ਜੰਗ ਡਿਵੈਲਪਮੈਂਟ ਏਰੀਆ ਦਾ ਘਰ ਵੇਚ ਮਾਲਵੀਆ ਨਗਰ ਸ਼ਿਫਟ ਹੋ ਚੁਕੇ ਸਾਂ — ਉਹਨਾਂ ਬੱਚੀ ਨੂੰ ਵੇਖਣਾ ਚਾਹਿਆ। ਮੈਂ ਕਿਹਾ — ਕਿਸੇ ਦਿਨ ਲੈ ਕੇ ਆਵਾਂਗੀ — ਕਹਿਣ ਲੱਗੇ — ਨਹੀਂ, ਇੰਨੀ ਧੁੱਪ ਵਿਚ ਤੂੰ ਉਹਨੂੰ ਨਾ ਲੈ ਕੇ ਆਵੀਂ — ਮੈਂ ਆਪ ਆਵਾਂਗੀ। ਦੋ ਕੁ ਦਿਨਾਂ ਮਗਰੋਂ ਮੇਰਾ ਘਰ ਲੱਭਦੇ ਲੱਭਦੇ ਬਿਮਾਰੀ ਦੀ ਹਾਲਤ ਵਿਚ ਇਮਰੋਜ਼ ਦਾ ਹੱਥ ਫੜ, ਘਰ ਦੀਆਂ ਚਾਰ ਪੌੜੀਆਂ ਚੜ੍ਹ ਅੰਦਰ ਦਾਖ਼ਲ ਹੋਏ। ਇਕ ਘੰਟਾ ਮੇਰੀ ਬੱਚੀ ਨਾਲ ਖੇਡ, ਖ਼ੂਬਸੂਰਤ ਤੁਹਫ਼ਾ ਦੇ ਚਲੇ ਗਏ।

ਫਿਰ ਨਿਜੀ ਘਰ ਪ੍ਰਤਿ ਮੇਰੀ ਹਸਰਤ ਉਹਨਾਂ ਦੀ ਤਾਂਘ ਬਣ ਗਈ। ਉਹ ਹਰ

ਕਿਸੇ ਤੋਂ ਘੱਟ ਕੀਮਤ ਵਾਲੇ ਘਰ ਬਾਰੇ ਪੁੱਛਦੇ — ਜਿਹੜਾ ਮੇਰੀ ਪਹੁੰਚ ਵਿਚ ਲੱਗੇ — ਉਸ ਬਾਰੇ ਮੈਨੂੰ ਜਾਣਕਾਰੀ ਦਿੰਦੇ — ਕਦੇ ਅਸਮਾ ਤੋਂ, ਕਦੇ ਸ਼ੈਲੀ ਤੋਂ ਪੁੱਛ (ਨਵਰਾਜ) ਕਦੇ ਕਿਸੇ ਕਜ਼ਨ ਦੇ ਘਰ ਬਾਰੇ — 'ਅੰਮ੍ਰਿਤਾ ਕਹਿੰਦੀ ਹੈ' ਨਜ਼ਮ ਉਸੀ ਖ਼ੂਬਸੂਰਤ ਅਨੁਭਵ ਦੀ ਦੇਣ ਹੈ। ਉਹਨਾਂ ਦਾ ਇਹੀ ਨਜ਼ਰੀਆ ਅਤੇ ਵਤੀਰਾ ਆਪਣੇ ਹਰ ਨੇੜਲੇ ਵਿਅਕਤੀ ਲਈ ਸੀ। ਫਿਰ ਮੈਂ ਤਾਂ ਉਹਨਾਂ ਦੀ ਛੇਵੀਂ ਧੀ ਦਾ ਦਰਜਾ ਹਾਸਲ ਕਰ ਚੁਕੀ ਸਾਂ। ਚਾਰ ਘਰ ਦੀਆਂ, ਪੰਜਵੀਂ ਸਤਨਾਮ ਤੇ ਛੇਵੀਂ ਮੈਂ...

ਅਲਕਾ ਨੂੰ ਉਹ ਨੂੰਹ ਤੋਂ ਵੱਧ ਧੀ ਦੀ ਹੈਸੀਅਤ ਵਿਚ ਲੈਂਦੇ ਸਨ। ਅਲਕਾ ਨੇ ਵੀ ਕਿਸੇ ਧੀ ਤੋਂ ਵੱਧ ਉਹਨਾਂ ਦੀ ਸੇਵਾ ਕੀਤੀ। ਅੱਜ ਵੀ ਅਲਕਾ ਉਹਨਾਂ ਪ੍ਰਤੀ ਸ਼ੁਕਰਾਨੇ ਨਾਲ ਭਰ ਕੇ ਕਹਿੰਦੀ ਏ ਕਿ ਮੰਮੀ ਨੇ ਇੰਨਾ ਵੱਡਾ ਘਰ ਦਿੱਤਾ ਏ। ਪੂਰੀ ਉਮਰ ਦੀ ਮੇਰੀ ਅਤੇ ਮੇਰੇ ਬੱਚਿਆਂ ਦੀ ਸੁਰੱਖਿਆ। ਉਹ ਅਲਕਾ ਦੀ ਅੱਖ ਵਿਚ ਅਥਰੂ ਬਰਦਾਸ਼ਤ ਨਹੀਂ ਕਰ ਸਕਦੇ ਸਨ। ਮੇਰੀ ਕਵਿਤਾ ਸੁਣ ਅਲਕਾ ਦੀਆਂ ਅੱਖਾਂ ਵਿਚ ਅਥਰੂ ਆ ਗਏ ਤਾਂ ਉਹਨਾਂ ਨੇ ਉਹਨੂੰ ਕੋਲ ਸੱਦ ਆਪਣੇ ਕਮਜ਼ੋਰ ਹੱਥਾਂ ਨਾਲ ਅਥਰੂ ਪੂੰਝ ਕਲਾਵੇ ਵਿਚ ਲੈ ਲਿਆ। ਕੋਈ ਚੰਗਾ ਗਹਿਣਾ ਮੈਂ ਪਾਇਆ ਹੁੰਦਾ — ਉਹ ਅਲਕਾ ਜਾਂ ਉਹਦੀ ਬੇਟੀ ਸ਼ਿਲਪੀ ਲਈ ਲਿਆਉਣ ਨੂੰ ਕਹਿੰਦੇ। ਅਲਕਾ ਕਈ ਵੇਰ ਅਜਿਹਾ ਕਰਨੋਂ ਹੋੜਦੀ — ਮੰਮੀ ਤੁਸਾਂ ਅੱਗੇ ਹੀ ਬਹੁਤ ਕੁਝ ਦਿੱਤਾ ਹੈ। ਅੰਤਿਮ ਵੇਲੇ ਉਹ ਅਲਕਾ ਤੇ ਇਮਰੋਜ਼ ਦੀ ਮੁਹਾਰਨੀ ਹੀ ਰਟਦੇ ਰਹੇ — ਜਿਸ ਦਿਨ ਮੈਂ ਜਾਵਾਂ ਜਾਂ ਕਦੇ ਯਾਦ ਆਵਾਂ ਉਸ ਦਿਨ ਮੈਨੂੰ ਵੀ ਵਾਜ ਪੈਣ ਲਗਦੀ। ਸ਼ਿਲਪੀ ਦੇ ਵਿਆਹ ਦੀ, ਪੋਤਰੇ ਅਮੂ ਨੂੰ ਹਰ ਵੇਲੇ ਵੇਖਣ ਦੀ ਚਾਹ ਬਿਮਾਰੀ ਵਿਚ ਉਹਨਾਂ ਵਲੋਂ ਜ਼ਾਹਿਰ ਹੁੰਦੀ ਰਹਿੰਦੀ।

ਉਹਨਾਂ ਦੀ ਸ਼ਖ਼ਸੀਅਤ ਦੇ ਦੋ ਹੋਰ ਖ਼ੂਬਸੂਰਤ ਪੱਖ ਉਦੋਂ ਵੀ ਵੇਖਣ ਨੂੰ ਮਿਲੇ ਜਦੋਂ ਉਹਨਾਂ ਦੇ ਬੇਟੇ ਨੂੰ ਜ਼ਬਰਦਸਤ ਦਿਲ ਦਾ ਦੌਰਾ ਪਿਆ। ਉਸ ਵੇਲੇ ਇੱਕ ਸੱਚੀ-ਸੁੱਚੀ ਮਾਂ ਦੀ ਤੜਪ ਸਹਾਰੀ ਨਹੀਂ ਜਾਂਦੀ ਸੀ। ਹਸਪਤਾਲ ਵਿਚ ਇੱਕ ਲੱਖ ਰੁਪਏ ਜਮ੍ਹਾਂ ਕਰਾਉਣੇ ਸਨ — ਉਹ ਤਾਂ ਚਾਰ ਪ੍ਰਕਾਸ਼ਕਾਂ ਨੇ ਮਿਲ ਕੇ ਜਮ੍ਹਾਂ ਕਰਵਾ ਦਿੱਤੇ ਪਰ ਅੰਮ੍ਰਿਤਾ ਜੀ ਨੇ ਲਾਹੌਰ ਵੇਲੇ ਦੀ ਇਕ ਕੀਮਤੀ ਹੀਰੇ ਦੀ ਮੁੰਦਰੀ ਹੌਜ਼ ਖ਼ਾਸ ਦੇ ਇਕ ਜੌਹਰੀ ਨੂੰ ਵੇਚੀ। ਜਿਹਨੇ ਇਹਦੀ ਕੀਮਤ ਇਕ ਲੱਖ ਰੁਪਏ ਲਗਾਈ। ਅੰਮ੍ਰਿਤਾ ਦੇ ਹੱਥ ਪੈਸੇ ਰੱਖ ਉਹ ਚਲਾ ਗਿਆ। ਕੁਝ ਦਿਨਾਂ ਮਗਰੋਂ ਉਹਦਾ ਫੋਨ ਆਇਆ ਕਿ ਹੀਰਾ ਮੁੰਦਰੀ 'ਚੋਂ ਕੱਢਣ 'ਤੇ ਥੋੜ੍ਹਾ ਤਿੜਕਿਆ ਨਿਕਲਿਆ, ਜਿਸ ਕਾਰਨ ਉਹਨੂੰ ਦਸ ਹਜ਼ਾਰ ਰੁਪਏ ਦਾ ਘਾਟਾ ਸਹਿਣ ਕਰਨਾ ਪਿਆ। ਅੰਮ੍ਰਿਤਾ ਜੀ ਨੇ ਉਸ ਤੰਗੀ ਦੇ ਹਾਲਾਤ ਵਿਚ ਵੀ ਬਿਨਾਂ ਵਿਚਾਰ ਕੀਤੇ ਦਸ ਹਜ਼ਾਰ ਰੁਪਏ ਉਹਨੂੰ ਮੋੜ ਦਿੱਤੇ। ਅਜਿਹਾ ਹੀ ਇਕ ਹੋਰ ਵਾਕਿਆ ਯਾਦ ਆਉਂਦਾ ਏ — ਉਹਨਾਂ ਦਾ ਪੈਨਸ਼ਨ ਖਾਤਾ ਕੈਨਰਾ ਬੈਂਕ ਵਿਚ ਹੈ...ਪਤਾ ਨਹੀਂ ਕਿਵੇਂ ਬੈਂਕ ਵਾਲਿਆਂ ਨੂੰ ਗ਼ਲਤੀ ਲਗੀ ਤੇ ਉਹਨਾਂ ਦੇ ਖਾਤੇ ਵਿਚ 35,000 ਰੁਪਏ ਦੀ ਰਕਮ ਦਾ ਵਾਧਾ ਹੋ ਗਿਆ। ਇਸ ਗ਼ਲਤੀ ਤੋਂ ਉਹ ਲੰਮੇ ਸਮੇਂ ਤਕ ਅਨਜਾਣ ਰਹੇ। ਨਵੇਂ ਮੈਨੇਜਰ ਦੇ ਨੋਟਿਸ ਵਿਚ ਜਦੋਂ ਇਹ ਗੱਲ ਆਈ — ਉਹ ਸਭ ਘਬਰਾ ਗਏ — ਉਹਨਾਂ ਦੀ ਨੌਕਰੀ ਤੇ ਬਣ ਸਕਦੀ ਸੀ। ਉਸ ਵੇਲੇ ਪੁਰਾਣਾ ਤੇ ਨਵਾਂ ਮੈਨੇਜਰ ਅਤੇ ਬੈਂਕ ਦੇ ਦੋ ਹੋਰ ਬੰਦੇ ਅੰਮ੍ਰਿਤਾ ਜੀ ਦੇ ਘਰ ਆਏ — ਇਸ

ਸਭ ਕਾਸੇ ਬਾਰੇ ਜਦੋਂ ਦੱਸਿਆ ਤਾਂ ਅੰਮ੍ਰਿਤਾ ਜੀ ਨੇ ਬਿਨਾਂ ਇਕ ਛਿਣ ਵਿਚਾਰੇ ਸਹਿਜ ਹੀ ਕਿਹਾ — ਜਿਹੜੀ ਚੀਜ਼ ਮੇਰੀ ਨਹੀਂ ਉਹ ਮੈਂ ਲੈ ਕੇ ਕੀ ਕਰਨੀ ਹੈ ਅਤੇ ਉਹਨਾਂ ਨੂੰ ਅਖ਼ਤਿਆਰ ਦੇ ਦਿਤਾ ਕਿ ਉਹ ਉਹਨਾਂ ਦੇ ਖਾਤੇ 'ਚੋਂ ਉਹ ਰਕਮ ਕਢਵਾ ਲੈਣ। ਉਹਨੀ ਦਿਨੀ ਵੀ ਉਹਨਾਂ ਦਾ ਹੱਥ ਕੋਈ ਬਹੁਤ ਸੁਖਾਲਾ ਨਹੀਂ ਸੀ। ਇਹ ਵੱਡੀਆਂ ਰਕਮਾਂ ਵਾਲੇ ਐਵਾਰਡ ਤਾਂ ਬਹੁਤ ਪਿਛੋਂ ਜਾ ਕੇ ਮਿਲੇ।

ਅੰਮ੍ਰਿਤਾ ਜੀ ਦੇ ਜਾਣ ਬਾਅਦ ਕਿੰਨੀਆਂ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਨੇ ਚਾਹਿਆ ਕਿ ਜਿਸ ਮੰਜ਼ਲ ਉੱਤੇ ਅੰਮ੍ਰਿਤਾ ਰਹਿੰਦੀ ਸੀ, ਉਹਨੂੰ ਮਿਊਜ਼ਿਅਮ ਦਾ ਦਰਜਾ ਦੇ ਦਿਤਾ ਜਾਵੇ। ਪਰ ਅੰਮ੍ਰਿਤਾ ਜੀ ਵਸੀਅਤ ਵਿਚ ਇਹ ਮਾਲਕੀ ਹੱਕ ਆਪਣੇ ਪੁੱਤਰ ਨਵਰਾਜ ਨੂੰ ਦੇ ਗਏ। ਉਹ ਆਪਣੀਆਂ ਲਿਖਤਾਂ ਰਾਹੀਂ ਆਉਣ ਵਾਲੇ ਸਮਿਆਂ ਵਿਚ ਜੀਉਂਦੇ ਰਹਿਣਗੇ ਪਰ ਆਪਣਾ ਯਾਦ ਘਰ ਬਣਾਉਣ ਤੋਂ ਪਹਿਲਾਂ ਉਹ ਇਸ ਨਿਜੀ ਸਵਾਰਥ ਤੋਂ ਉਤਾਂਹ ਹੋ ਆਪਣੇ ਬੱਚਿਆਂ ਦਾ ਹਿਤ ਚਾਹੁੰਦੇ ਸਨ। ਹਾਰਟ ਅਟੈਕ ਤੋਂ ਬਾਅਦ ਬੇਟੇ ਦੇ ਕੰਮ ਧੰਦਾ ਕਰਨ ਵਿਚ ਅਸਮਰਥ ਹੋਣ ਕਾਰਨ ਉਸ ਲਈ ਇਹ ਪੀਢਾ ਇੰਤਜ਼ਾਮ ਕਰਨਾ ਪਿਆ। ਇਮਰੋਜ਼ ਲਈ ਵੀ ਉਹ ਆਪਣੇ ਜਾਣ ਪਿਛੋਂ ਇਸ ਘਰ ਵਿਚ ਯੋਗ ਅਤੇ ਇਜ਼ਤ ਵਾਲੀ ਥਾਂ ਬਣਾ ਕੇ ਗਏ।

ਅੰਮ੍ਰਿਤਾ ਜੀ ਦੀ ਸ਼ਖਸੀਅਤ ਦਾ ਇਕ ਹੋਰ ਖ਼ੂਬਸੂਰਤ ਪਾਸਾ ਉਹਨਾਂ ਦੇ ਸਾਬਕਾ ਪਤੀ ਪ੍ਰੀਤਮ ਸਿੰਘ ਕਵਾਤੜਾ ਨਾਲ ਜੁੜਿਆ ਹੋਇਆ ਹੈ। ਉਹ ਦੋਵੇਂ ਇਕ ਦੂਜੇ ਲਈ ਨਹੀਂ ਬਣੇ ਸਨ। ਦੋਹਾਂ ਦੇ ਸੁਭਾਅ, ਆਦਤਾਂ, ਸੋਚ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਸੀ। ਪਰ ਇਕ ਦੂਜੇ ਪ੍ਰਤੀ ਈਮਾਨਦਾਰੀ ਅਤੇ ਨੇਕਨੀਯਤੀ ਹਰ ਸ਼ਕ-ਕਿੰਤੂ ਦੇ ਦਾਇਰੇ ਤੋਂ ਬਾਹਰ ਸੀ। ਪ੍ਰੀਤਮ ਸਿੰਘ ਜੀ ਦਾ ਅੰਤ ਤੀਕ ਅੰਮ੍ਰਿਤਾ ਉਤੇ ਇਹੀ ਵਿਸ਼ਵਾਸ ਬਣਿਆ ਰਿਹਾ ਸੀ — ਜਿਹੜਾ ਇਮਰੋਜ਼ ਦਾ ਅੰਮ੍ਰਿਤਾ ਦੇ ਅੰਤ ਤੋਂ ਬਾਅਦ ਵੀ ਬਣਿਆ ਹੋਇਆ ਹੈ...ਤਾਂ ਹੀ ਤਾਂ ਜਦੋਂ ਪ੍ਰੀਤਮ ਸਿੰਘ ਤੋਂ ਨਿਖੜ ਕੇ ਅੰਮ੍ਰਿਤਾ ਜੀ ਨੇ ਆਪਣੇ ਢੰਗ ਨਾਲ ਜਿਊਣ ਦਾ ਸੋਚਿਆ — ਉਸ ਵੇਲੇ ਇਕ ਕਵੀ (ਜਿਹੜਾ ਕਾਨੂੰਨਗੋ ਵੀ ਹੈ) ਪ੍ਰੀਤਮ ਸਿੰਘ ਕੋਲ ਗਿਆ ਤੇ ਉਹਨਾਂ ਦੇ ਤਰਲੇ ਕੀਤੇ ਕਿ ਜੇ ਉਹ ਇਕ ਵੇਰ ਕਾਗਜ਼ਾਂ ਉੱਤੇ ਘੁੱਗੀ ਮਾਰ ਦੇਣ ਤਾਂ ਉਹ ਅੰਮ੍ਰਿਤਾ ਨੂੰ ਕਚਹਿਰੀਆਂ ਵਿਚ ਰੋਲ ਦੇਵੇਗਾ ਪਰ ਪ੍ਰੀਤਮ ਸਿੰਘ ਹੁਰਾਂ ਨੇ ਅਜਿਹਾ ਕਰਨੋਂ ਸਾਫ਼ ਨਾਂਹ ਕਰ ਦਿੱਤੀ। ਪ੍ਰੀਤਮ ਸਿੰਘ ਜੀ ਜਾਂ ਅੰਮ੍ਰਿਤਾ ਜੀ ਨੇ ਕਦੇ ਵੀ ਇਕ ਦੂਜੇ ਦੀ ਸ਼ਖਸੀਅਤ ਵਿਰੁੱਧ ਊਣਾ ਲਫ਼ਜ਼ ਨਹੀਂ ਬੋਲਿਆ — ਉਹਨਾਂ ਵਿਰੁੱਧ ਝੂਠ-ਸੱਚ ਕਹਿਣ ਵਾਲਿਆਂ ਵਿਚੋਂ ਬਹੁਤੇ ਇਸ ਸਚਾਈ ਤੋਂ ਜਾਣੂ ਨਹੀਂ ਹਨ ਕਿ ਪ੍ਰੀਤਮ ਸਿੰਘ ਜੀ ਆਪਣੇ ਅੰਤਲੇ ਦਿਨਾਂ ਵਿਚ ਜਦੋਂ ਲਗਪਗ ਆਪਣਾ ਸਭ ਕੁਝ ਗੁਆ ਚੁਕੇ ਸਨ...ਬਿਮਾਰੀਆਂ ਨੇ ਉਹਨਾਂ ਨੂੰ ਬੁਰੀ ਤਰ੍ਹਾਂ ਜਕੜ ਲਿਆ ਸੀ — ਗੁਰਦੇ, ਫੇਫੜੇ ਖੌਰੇ ਕੀ-ਕੀ ਫੇਲ ਹੋ ਚੁਕਿਆ ਸੀ। ਨਵਰਾਜ ਨੇ ਅੰਮ੍ਰਿਤਾ ਜੀ ਅਗੇ ਸਿਰਫ਼ ਇਕ ਵੇਰ ਇੰਨਾ ਹੀ ਕਿਹਾ ਸੀ — ਮਮਾ ਉਹ ਮੇਰੇ ਤਾਂ ਪਿਤਾ ਹਨ। ਬਸ ਉਸੇ ਛਿਣ ਅੰਮ੍ਰਿਤਾ ਹੁਰਾਂ ਨੇ ਪ੍ਰੀਤਮ ਸਿੰਘ ਜੀ ਨੂੰ ਆਪਣੇ ਘਰ ਲਿਆਉਣ ਦੀ ਇਜਾਜ਼ਤ ਦੇ ਦਿੱਤੀ ਸੀ। ਅੰਮ੍ਰਿਤਾ ਜੀ ਦੇ ਘਰ ਦੇ ਇਕ ਪਾਸੇ ਬਣੇ ਇਕ ਕਮਰੇ ਵਿਚ ਢਾਈ ਸਾਲ ਉਹਨਾਂ ਤੀਮਾਰਦਾਰੀ ਚਲਦੀ ਰਹੀ — ਨਰਸ, ਨੌਕਰਾਣੀ, ਨੂੰਹ-ਪੁੱਤਰ ਹਰ ਵੇਲੇ ਉਹਨਾਂ ਕੋਲ ਹੁੰਦੇ ਅਤੇ ਹਰ ਸਹੂਲਤ, ਲੋੜ ਦੀ ਚੀਜ਼ ਉਹਨਾਂ ਦੇ ਉਸ ਕਮਰੇ

ਵਿਚ ਸੀ – ਨਹੀਂ ਤਾਂ...ਕੌਣ ਔਰਤ ਇਕ ਵੇਰ ਵੱਖ ਹੋਣ ਮਗਰੋਂ ਦੂਜੇ ਬੰਦੇ ਨਾਲ ਖੁਸ਼ਹਾਲ ਜ਼ਿੰਦਗੀ ਜਿਊਂਦਿਆਂ ਮੁੜ ਉਸੇ ਵਿਅਕਤੀ ਨੂੰ ਆਪਣੇ ਘਰ ਠਹਿਰਾਉਣ ਦੀ ਸੋਚ ਰਖਦੀ ਹੈ...ਖ਼ਾਸ ਕਰ ਪਬਲਿਕ ਲਾਈਫ਼ ਜਿਊਂਦੀ – ਇੰਨੀ ਮਸ਼ਹੂਰ ਸ਼ਖ਼ਸੀਅਤ – ਜਿਹਦੇ ਉੱਤੇ ਹਰ ਵੇਲੇ ਉਹਦੇ ਚਾਹੁਣ ਵਾਲਿਆਂ, ਉਹਦੇ ਦੋਖੀਆਂ ਦੀ ਨਜ਼ਰ ਹੋਵੇ – ਇਸ ਨਾਲ ਕਈ ਅਫ਼ਵਾਹਾਂ ਵੀ ਜਨਮ ਲੈ ਸਕਦੀਆਂ ਸਨ। ਪ੍ਰੀਤਮ ਸਿੰਘ ਦੀ ਮੌਤ ਪਿਛੋਂ ਇਕ ਦੋ ਪੰਜਾਬੀ ਅਖ਼ਬਾਰਾਂ ਨੇ ਇਸ ਸਾਰੇ ਸਿਲਸਿਲੇ ਬਾਰੇ ਕੁਝ ਹਲਕੇ ਪੱਧਰ ਦਾ ਕਟਾਖਸ਼ੀ ਸੁਰ ਲਏ ਲਿਖਿਆ ਵੀ ਸੀ।

ਇਸ ਦੇ ਬਾਵਜੂਦ ਅੰਮ੍ਰਿਤਾ ਜੀ ਨੂੰ ਚਾਹੁਣ ਵਾਲਿਆਂ ਦੀ ਕੋਈ ਗਿਣਤੀ ਨਹੀਂ ਪਰ, ਇਹਨਾਂ ਸਭ ਤੋਂ ਉੱਤੇ ਇਮਰੋਜ਼ ਅਜਿਹੇ ਇਕਲੌਤੇ ਸ਼ਖ਼ਸ ਹਨ ਜਿਹਨਾਂ ਨੇ ਅੰਮ੍ਰਿਤਾ ਜੀ ਨੂੰ ਨਿਸਵਾਰਥ, ਸਦੀਵੀ ਅਤੇ ਬੇਪਨਾਹ ਪਿਆਰ ਦਿੱਤਾ ਹੈ। ਆਪਣੇ ਤੋਂ ਵੀ ਵੱਧ। ਉਸ ਲਈ ਬਿਨਾਂ ਕਿਸੇ ਈਗੋ ਦੇ, ਖ਼ੁਦੀ ਨੂੰ ਵਿਸਰਾਏ – ਬਿਨਾਂ ਕਿਸੇ ਸ਼ਕ ਸੁਬਾਹ ਦੇ, ਉਸ ਉੱਤੇ ਪੂਰਨ ਵਿਸ਼ਵਾਸ ਕਰਦਿਆਂ। ਅੰਮ੍ਰਿਤਾ ਜੀ ਦੀ ਸ਼ਖ਼ਸੀਅਤ ਨਾਲ ਜੁੜੀਆਂ ਕਈ ਝੂਠੀਆਂ-ਸੱਚੀਆਂ ਦੰਤ ਕਥਾਵਾਂ ਪ੍ਰਚਲਿਤ ਹਨ...ਬਹੁਤੇ ਲੋਕ ਐਵੇਂ ਹੀ ਦਾਅਵਾ ਕਰਨ ਲਗਦੇ ਹਨ ਕਿ ਉਹ ਅੰਮ੍ਰਿਤਾ ਜੀ ਨੂੰ ਏਨੀ ਵਾਰ ਮਿਲੇ...ਉਹਨਾਂ ਨਾਲ ਕੀਤੀਆਂ ਕਲਪਿਤ ਗੱਲਾਂ ਦੇ ਆਧਾਰ ਤੇ ਖਾ ਕੇ ਚਿਤਰਨ ਲਗਦੇ ਹਨ...ਮੋਹਨਜੀਤ ਹੁਰਾਂ ਨੇ ਸਾਡੇ ਕਾਲਜ ਅੰਮ੍ਰਿਤਾ ਉਤੇ ਕਰਵਾਏ ਸੈਮੀਨਾਰ ਵਿਚ ਠੀਕ ਹੀ ਕਿਹਾ ਸੀ – ਜਿੰਨੀ ਵੱਡੀ ਸ਼ਖ਼ਸੀਅਤ ਉਨੀਆਂ ਵੱਧ ਮਿੱਥਾਂ, ਅਫ਼ਵਾਹਾਂ...ਅੰਮ੍ਰਿਤਾ ਜੀ ਉੱਤੇ ਨਿੰਦਕਾਂ ਵਲੋਂ ਹਰ ਤਰ੍ਹਾਂ ਦਾ ਚਿੱਕੜ ਸੁੱਟੇ ਜਾਣ ਦੇ ਇਮਰੋਜ਼ ਜੀ ਇਕਲੌਤੇ ਗਵਾਹ ਹਨ ਅਤੇ ਪੂਰੀ ਉਮਰ ਇਸ ਵਿਚਲੇ ਝੂਠ-ਸੱਚ ਦਾ ਸੂਖਮ ਅੰਤਰ ਲੱਭ ਅੰਤ ਤੀਕ ਉਸ ਨਾਲ ਨਿਭਾਉਣ ਵਾਲੇ ਸੱਚੇ-ਸੁੱਚੇ ਮਰਦ ਹਨ। 45-50 ਸਾਲ ਇਵੇਂ ਨਹੀਂ ਸਾਥ-ਸਾਥ ਨਿਭਦੇ। ਅੰਮ੍ਰਿਤਾ ਜੀ ਦੀ ਜ਼ਿੰਦਗੀ ਵਿਚ ਇਮਰੋਜ਼ ਜੀ ਦੀ ਆਮਦ ਬਹੁਤ ਭਰਵੀ ਤੇ ਸਾਰਥਕ ਰਹੀ। ਇਮਰੋਜ਼ ਦੇ ਆਉਣ ਤੋਂ ਬਾਅਦ ਅੰਮ੍ਰਿਤਾ ਨੇ ਕਦੇ ਉਦਾਸੀ ਜਾਂ ਇਕਲਤਾ ਨਹੀਂ ਹੰਢਾਈ। ਉਹ ਭਰਪੂਰ, ਖੁਸ਼ ਅਤੇ ਮਰਜ਼ੀ ਮੁਤਾਬਕ ਜੀਵੀ। ਮਰਨ ਕੰਢੇ ਵੀ ਉਸਨੂੰ ਇਹੀ ਯਕੀਨ ਸੀ ਕਿ ਕਈ ਪਿਛਲੇ ਜਨਮਾਂ ਵਿਚ ਵੀ ਇਮਰੋਜ਼ ਦਾ ਸਾਥ ਸੀ, ਕਿਸੇ ਜਨਮ ਉਹ ਜੋਗੀ ਸੀ ਜਾਂ ਹੁਣ ਉਹੀ ਜੋਗੀ ਇਸ ਜਨਮ ਇਮਰੋਜ਼ ਦੀ ਸੂਰਤ ਧਾਰ ਉਸ ਕੋਲ ਆਇਆ ਹੈ। (ਕਵਿਤਾ ਪਛਾਣ, ਕਾਵਿ ਸੰਗ੍ਰਹਿ 'ਮੈਂ ਤੈਨੂੰ ਫੇਰ ਮਿਲਾਂਗੀ, ਪੰਨਾ 25) ਇਸੇ ਤਰ੍ਹਾਂ ਉਹਨਾਂ ਦੀ ਇਸੇ ਸੰਗ੍ਰਹਿ ਦੀ ਇਕ ਹੋਰ ਰਚਨਾ 'ਮੈਂ ਤੈਨੂੰ ਫੇਰ ਮਿਲਾਂਗੀ' ਬਹੁਤ ਮਕਬੂਲ ਹੋਈ ਹੈ, ਜੋ ਮੈਂ ਪਹਿਲੀ ਵਾਰ 'ਸਰੂ' ਮੈਗਜ਼ੀਨ ਵਿਚ ਅੰਮ੍ਰਿਤਾ ਜੀ ਦੀਆਂ ਕਵਿਤਾਵਾਂ ਉੱਤੇ ਲੇਖ ਲਿਖਦਿਆਂ ਦਿੱਤੀ ਸੀ -- ਜਿਸ ਵਿਚ ਉਹਨਾਂ ਨੂੰ ਉਮੀਦ ਹੈ ਕਿ ਉਹ ਇਮਰੋਜ਼ ਨੂੰ ਹਰ ਹਾਲ ਵਿਚ ਕਿਸੇ ਵੀ ਰੂਪ ਵਿਚ ਕਿਸੇ ਹੋਰ ਜਨਮ ਵਿਚ ਮਿਲਣਗੇ। ਇਕ ਹੋਰ ਅਪ੍ਰਕਾਸ਼ਿਤ ਖ਼ਿਆਲ ਮੇਰੇ ਸਾਹਮਣੇ ਹੈ ਜਿਸ ਵਿਚ ਉਹਨਾਂ ਨੇ ਆਪਣੇ ਮੌਤ ਬਾਅਦ ਇਮਰੋਜ਼ ਦੀ ਬੇਖ਼ੁਦੀ ਦਰਸਾਈ ਹੈ ਕਿ ਉਹਨਾਂ ਦੇ ਕਮਰੇ ਦੀ ਮੁਹਾਠ ਤੇ ਲੱਗੀ ਲਾਮਾ ਘੰਟੀ ਹਵਾ ਨਾਲ ਛਣਕੀ ਤਾਂ ਇਮਰੋਜ਼ ਨੀਂਦ 'ਚੋਂ ਜਾਗ ਜਾਏਗਾ ਤੇ ਤੱਤੀ ਚਾਹ ਦਾ ਪਿਆਲਾ ਲੈ ਅੰਮ੍ਰਿਤਾ ਦੇ ਖ਼ਾਲੀ ਕਮਰੇ ਵਿਚ ਆਏਗਾ ਤਾਂ ਹੈਰਾਨ, ਸੋਚਦਾ ਰਹੇਗਾ ਕਿ ਹੁਣੇ ਤਾਂ ਉਹ

ਇੱਥੇ ਸੀ...ਇਮਰੋਜ਼ ਵੀ ਪਹਿਲੇ ਆਪਣੇ ਚਿੱਤਰਾਂ ਵਿਚ ਅੰਮ੍ਰਿਤਾ ਨੂੰ ਉਲੀਕਦੇ ਰਹੇ ਤੇ ਹੁਣ ਕਵਿਤਾਵਾਂ ਵਿਚ ਅੰਮ੍ਰਿਤਾ ਨਾਲ ਸੰਵਾਦ ਰਚਾ ਰਹੇ ਹਨ — ਉਹ ਚਿੱਤਰਕਾਰ ਵੀ ਅੰਮ੍ਰਿਤਾ ਲਈ ਸਨ ਅਤੇ ਕਵੀ ਵੀ ਉਸੇ ਲਈ ਹਨ।

ਅੱਜਕੱਲ੍ਹ ਸਾਹਿਤਕਾਰ ਰਹਿ-ਰਹਿ ਕੇ ਇਹ ਕਹਿੰਦੇ ਹਨ ਕਿ ਅੰਮ੍ਰਿਤਾ-ਸਾਹਿਤ ਦਾ ਅਜੇ ਸਹੀ ਮੁਲੰਕਣ ਹੋਣਾ ਰਹਿੰਦਾ ਹੈ ਜਾਂ ਹੋਣਾ ਚਾਹੀਦਾ ਹੈ...ਤਾਂ ਫਿਰ ਜੋ ਇਹ ਮਨਘੜਤ ਜਾਂ ਅੱਧ-ਪਚੱਧੇ ਸੱਚ, ਮਨੋਕਥਨੀਆਂ ਉਹਦੀ ਸ਼ਖ਼ਸੀਅਤ ਦੇ ਆਲੇ ਦੁਆਲੇ ਪਸਰ ਰਹੀਆਂ ਹਨ — ਇਹਨਾਂ ਦਾ ਵੀ ਮੁਲੰਕਣ ਜਾਂ ਨਿਤਾਰਾ ਹੋਣਾ ਚਾਹੀਦਾ ਏ...

ਮੈਂ ਤਾਂ ਬਸ ਇੰਨਾ ਹੀ ਚਾਹੁੰਦੀ ਹਾਂ।

# ਲੇਖਕਾਂ-ਪ੍ਰਸ਼ੰਸਕਾਂ ਦੇ ਖ਼ਤਾਂ ਵਿੱਚੋਂ ਝਲਕਦਾ ਅੰਮ੍ਰਿਤਾ ਪ੍ਰੀਤਮ ਬਿੰਬ''

ਅੰਮ੍ਰਿਤਾ ਪ੍ਰੀਤਮ ਜੀ ਦੇ ਜਿਊਂਦੇ ਜੀਅ ਵੀ ਉਨ੍ਹਾਂ ਬਾਰੇ ਲੇਖਕਾਂ, ਆਲੋਚਕਾਂ ਵੱਲੋਂ ਬਹੁਤ ਕੁਝ ਲਿਖਿਆ ਗਿਆ। ਪਰ ਉਨ੍ਹਾਂ ਦੇ ਇਹ ਸੰਸਾਰ ਛੱਡ ਕੇ ਤੁਰ ਜਾਣ ਪਿੱਛੋਂ ਤਾਂ ਹਰ ਕਿਸੇ ਨੂੰ ਜਿਵੇਂ ਅੰਮ੍ਰਿਤਾ ਉੱਤੇ ਲਿਖਣ ਦਾ ਜਨੂੰਨ ਸਵਾਰ ਹੋ ਗਿਆ ਹੋਵੇ। ਹਰ ਕੋਈ ਖ਼ੁਦ ਨੂੰ ਉਨ੍ਹਾਂ ਦੇ ਸਭ ਤੋਂ ਨੇੜੇ ਅਤੇ ਉਨ੍ਹਾਂ ਨੂੰ ਸਭ ਤੋਂ ਵੱਧ ਜਾਨਣ ਵਾਲਾ ਹੋਣ ਦਾ ਦਾਅਵੇਦਾਰ ਮੰਨਣ ਲੱਗ ਪਿਆ ਹੈ। ਅੰਮ੍ਰਿਤਾ ਜੀ ਦੇ ਪ੍ਰਸ਼ੰਸਕਾਂ-ਆਲੋਚਕਾਂ ਨੇ ਆਪੋ-ਆਪਣੀ ਵਿੱਤ ਮੁਤਾਬਕ ਲਿਖਣ ਦੀ ਕੋਸ਼ਿਸ਼ ਕੀਤੀ ਹੈ। ਕੁਝ ਅਦਨੇ ਜਿਹੇ ਜਤਨ ਮੇਰੇ ਵੱਲੋਂ ਵੀ ਕੁਝ ਰਸਾਲਿਆਂ ਦੇ ਸੰਪਾਦਕਾਂ ਦੀ ਇੱਛਾ ਨੂੰ ਮੱਦੇ-ਨਜ਼ਰ ਰੱਖਦਿਆਂ ਹੋਏ ਹਨ — ਅੱਖਰ, ਪ੍ਰਤਿਮਾਨ, ਸਰੂ, ਨਵਾਂ ਜ਼ਮਾਨਾ, ਪੰਜਾਬੀ ਟ੍ਰਿਬਿਊਨ, ਭਾਸ਼ਾ ਵਿਭਾਗ ਦਾ ਸੋਵੀਨਰ ਅਤੇ ਜਨ ਸਾਹਿਤ ਦਾ ਅੰਮ੍ਰਿਤਾ ਅੰਕ, ਪਾਲਿਕਾ ਸਮਾਚਾਰ — ਗੱਲ ਕੀ, ਜਿਨ੍ਹਾਂ ਮੈਗਜ਼ੀਨ ਵਾਲਿਆਂ ਵੀ ਮੰਗ ਕੀਤੀ; ਯਾਦਾਂ ਦੀ ਪਟਾਰੀ ਖੋਲ੍ਹੀ ਤੇ ਜੋ ਸਾਹਮਣੇ ਆਇਆ, ਪਰੋਸ ਦਿੱਤਾ। ਪਰ ਪਿੱਛੇ ਕੁਝ ਨਾਕਾਰਾਤਮਕ ਰੁਚੀ ਲਏ, ਅੰਮ੍ਰਿਤਾ-ਬਿੰਬ ਨੂੰ ਝੁਠਿਆਉਂਦੇ ਕਾਫ਼ੀ ਲੇਖ ਸਾਹਮਣੇ ਆਏ ਹਨ। ਇੱਥੇ ਹੀ ਬਸ ਨਹੀਂ ਕੁਝ ਪੁਸਤਕਾਂ — ਮਿੱਟੀ, ਨਵਾਂ ਆਦਮੀ, ਮਾਇਆ ਜਾਲ, ਆਦਿ ਵੀ ਕੁਝ ਸਮੇਂ ਦੇ ਅੰਤਰਾਲ ਵਿੱਚ ਆਪਣੇ ਵੱਲੋਂ ਕਈ ਪਰਦੇ ਚੁੱਕਣ ਦਾ ਦੰਭ ਭਰਦੀਆਂ ਆਪਣੇ ਵਿਸ਼ੇ ਪੱਖੋਂ ਚਰਚਿਤ ਰਹੀਆਂ ਹਨ — ਇਨ੍ਹਾਂ ਬਾਰੇ ਕੀ ਕਿਹਾ ਜਾਏ ਮੈਂ ਇੱਥੇ ਸਿਰਫ਼ ਇਸ ਵੇਰ ਦੇ 'ਅੱਖਰ' (ਜੂਨ-ਜੁਲਾਈ 2006) ਵਿੱਚ ਸਤੀ ਕੁਮਾਰ ਦੇ ਲੇਖ ਰੂਪਵਤੀ ਨਾਲ ਦਿੱਤੀ ਪ੍ਰਮਿੰਦਰਜੀਤ ਹੁਰਾਂ ਦੀ ਟਿੱਪਣੀ ਵਿੱਚੋਂ ਕੁਝ ਸਤਰਾਂ ਅੰਕਿਤ ਕਰਨਾ ਚਾਹਵਾਂਗੀ — 'ਅੰਮ੍ਰਿਤਾ ਜੀ ਦੇ ਤੁਰ ਜਾਣ ਬਾਅਦ ਬੜਾ ਕੁਝ ਕਿਹਾ ਸੁਣਿਆ ਗਿਆ ਹੈ। ਅੰਮ੍ਰਿਤਾ ਜੀ ਦੇ ਬਿੰਬ ਦੇ ਵਿਪਰੀਤ ਵੀ ਬੜਾ ਕੁਝ ਕਿਹਾ ਗਿਆ ਹੈ। ਪਰ ਇਸ ਸਭ ਦੇ ਬਾਵਜੂਦ ਅੰਮ੍ਰਿਤਾ ਹੋਣ ਦੇ ਅਰਥਾਂ ਵਿੱਚ ਭੋਰਾ ਵੀ ਫ਼ਰਕ ਨਹੀਂ ਪਿਆ। ਅੰਮ੍ਰਿਤਾ ਹੋਣ ਦੇ ਬਿੰਬ ਨੂੰ ਰੱਦ ਕਰ ਦੇਣਾ ਆਸਾਨ ਕਾਰਜ ਨਹੀਂ ਹੈ। ਸਤੀ ਕੁਮਾਰ ਦੀ ਮੁਲਾਕਾਤ ਜੇ ਅੰਮ੍ਰਿਤਾ ਜੀ ਦੇ ਜਿਊਂਦੇ ਜੀਅ ਛੱਪ ਵੀ ਜਾਂਦੀ, ਤਾਂ ਵੀ ਉਹ ਇਸ ਅਵਸਥਾ ਵਿੱਚ ਨਹੀਂ ਸਨ ਕਿ ਇਸ ਵਿਚਲੇ ਕਹੇ ਸੁਣੇ ਨੂੰ ਨਜ਼ਰ ਅੰਦਾਜ਼ ਕਰਨ ਵਾਲਾ ਕੁਝ ਕਹਿ ਸਕਦੇ। ਆਪਣੇ ਬਚਾਅ ਵਿੱਚ ਅੰਮ੍ਰਿਤਾ ਜੀ ਨੂੰ ਕੁਝ ਵੀ ਕਹਿਣ ਦੀ ਲੋੜ ਨਹੀਂ ਸੀ ਪੈਣੀ। ਮਹੱਤਵ ਇਸ ਮੁਲਾਕਾਤ ਵਿਚਲੇ ਸਾਹਿਤਕ ਸਰੋਕਾਰਾਂ ਦਾ ਹੀ ਆਂਕਿਆ ਜਾਣਾ ਹੈ। ਅੰਮ੍ਰਿਤਾ ਜੀ ਨਾਲ ਆਪਣੇ ਸੰਬੰਧਾਂ ਦੀ ਵਿਆਖਿਆ ਸਾਰਿਆਂ ਦੀ ਆਪਣੀ ਆਪਣੀ

ਹੈ ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਆਪਣੇ ਅੰਤ ਵੇਲੇ ਤੱਕ ਅੰਮ੍ਰਿਤਾ ਦੀ ਹੋਂਦ ਇਕ ਕ੍ਰਿਸ਼ਮੇ ਦੇ ਵਰਤਾਰੇ ਵਰਗੀ ਜ਼ਰੂਰ ਰਹੀ ਹੈ। ਉਨ੍ਹਾਂ ਦੇ ਸਮਕਾਲੀ ਵੀ ਉਨ੍ਹਾਂ ਦੀ ਨੇੜਤਾ ਨੂੰ ਤਰਸਦੇ ਰਹੇ ਹਨ।''

ਸੋ ਇਹ ਸਭ ਗ਼ੈਰ-ਅੰਮ੍ਰਿਤਾ ਲਿਖਤਾਂ ਦੀ ਸਮਾਂ ਲੰਘਣ ਬਾਅਦ ਕੋਈ ਕੀਮਤ ਜਾਂ ਮਹੱਤਤਾ ਨਹੀਂ ਰਹਿਣੀ — ਮੁਲੰਕਣ ਅੰਮ੍ਰਿਤਾ ਜੀ ਦੇ ਕੀਤੇ ਕੰਮਾਂ, ਰਚੇ ਸਾਹਿਤ ਦਾ ਹੀ ਹੋਣਾ ਹੈ — ਇਤਿਹਾਸ ਵਿੱਚ ਥਾਂ ਅੰਮ੍ਰਿਤਾ-ਲਿਖਤਾਂ ਦੀ ਹੋਵੇਗੀ — ਇਨ੍ਹਾਂ ਫ਼ਜ਼ੂਲ ਗੱਲਾਂ ਦੀ ਨਹੀਂ। ਖ਼ੈਰ ਮੈਂ ਹੁਣ ਆਪਣੇ ਵੱਲੋਂ ਕੁਝ ਨਾ ਕਹਿ ਅੰਮ੍ਰਿਤਾ ਜੀ ਦੇ ਸਦੀਵੀ ਵਿਛੋੜਾ ਦੇ ਜਾਣ ਪਿੱਛੋਂ ਜੋ ਬਹੁਤ ਸਾਰੇ ਖ਼ਤ ਆਏ ਹਨ, ਕੁਝ ਮੈਨੂੰ ਅਤੇ ਬਹੁਤ ਸਾਰੇ ਇਮਰੋਜ਼ ਜੀ ਨੂੰ। ਉਨ੍ਹਾਂ ਵਿੱਚੋਂ ਕੁਝ ਮੰਨੇ-ਪ੍ਰਮੰਨੇ ਲੇਖਕਾਂ, ਸਾਹਿਤਕਾਰਾਂ ਦੇ ਇਮਰੋਜ਼ ਨੂੰ ਲਿਖੇ ਕੁਝ ਖ਼ਤਾਂ ਦਾ ਹਵਾਲਾ ਦੇ ਰਹੀ ਹਾਂ ਤਾਂ ਕਿ ਪ੍ਰਮਾਣਿਤ ਲੋਕਾਂ ਵੱਲੋਂ ਅੰਮ੍ਰਿਤਾ ਜੀ ਲਈ ਦਿੱਤੀ ਗਈ ਖਰੀ ਰਾਇ ਦਾ ਸੰਕਲਪ ਜਨ-ਸਧਾਰਨ ਦੇ ਜ਼ਿਹਨ ਵਿੱਚ ਅੰਕਿਤ ਹੋ ਸਕੇ — ਇਸ ਸਿਲਸਿਲੇ ਵਿੱਚ ਮੈਂ ਸਭ ਤੋਂ ਪਹਿਲਾਂ ਆਪਣੇ ਪਸੰਦੀਦਾ ਅਤੇ ਹਰਮਨਪਿਆਰੇ ਸ਼ਾਇਰ ਸੁਰਜੀਤ ਪਾਤਰ ਦੀ 6 ਫ਼ਰਵਰੀ, 2006 ਦੀ ਲਿਖੀ ਚਿੱਠੀ ਦਾ ਹਵਾਲਾ ਦੇਣਾ ਚਾਹਵਾਂਗੀ —

ਪਿਆਰੇ ਇਮਰੋਜ਼ ਜੀ,

ਮੁੱਦਤ ਤੋਂ ਤੁਹਾਡੀ ਸ਼ਖ਼ਸੀਅਤ ਦਾ ਤੇ ਤੁਹਾਡੀ ਸਿਰਜਣਾ ਦਾ ਖ਼ਾਮੋਸ਼ ਪ੍ਰਸੰਸਕ ਹਾਂ। ਤੁਹਾਡੀਆਂ ਰੇਖਾਵਾਂ ਦਾ ਪੰਜਾਬੀ ਸਾਹਿਤ ਉੱਪਰ ਵੱਡਾ ਅਹਿਸਾਨ ਹੈ। ਦੂਸਰਾ ਵੱਡਾ ਅਹਿਸਾਨ ਤੁਹਾਡਾ ਸਮੁੱਚੀ ਪੰਜਾਬੀ ਕੌਮ 'ਤੇ ਹੈ ਕਿ ਤੁਸਾਂ ਸਾਡੀ ਧਰਤੀ ਦੀ ਸ਼ਾਇਰਾ ਨੂੰ ਆਖ਼ਰੀ ਦਮਾਂ ਤੱਕ ਸੀਨੇ ਨਾਲ ਲਾਈ ਰੱਖਿਆ, ਪਲਕਾਂ 'ਤੇ ਉਠਾਈ ਰੱਖਿਆ। ਇਸ ਧਰਤੀ ਦੀਆਂ ਧੀਆਂ ਨਾਲ ਇਸ ਧਰਤੀ ਦੇ ਪੁਰਖਾਂ ਨੇ ਜੋ ਕੀਤਾ ਤੇ ਅੱਜ ਤਕ ਜੋ ਕਰ ਰਹੇ ਹਨ ਜੰਮੀਆਂ ਤੇ ਅਣਜੰਮੀਆਂ ਨਾਲ...ਉਸ ਧਰਤੀ ਦੇ ਕਾਲਜੇ ਤੁਹਾਡਾ ਨਾਮ ਲੈ ਕੇ ਜ਼ਰੂਰ ਠੰਢ ਪੈਂਦੀ ਹੋਵੇਗੀ। ਤੁਹਾਡਾ ਨਾਮ ਲਿਆਂ ਪੁਰਖਾਂ ਦੀ ਹਉਂ ਦੇ ਸਿਰੋਂ ਇਲਜ਼ਾਮ ਧੋਤੇ ਜਾਂਦੇ ਨੇ।

ਅੰਮ੍ਰਿਤਾ ਜੀ ਦੀ ਵਿਦਾ ਨੂੰ ਬਿਆਨਣਾ ਆਸਾਨ ਨਹੀਂ। ਇਸ ਵਿਦਾ ਵਿੱਚ ਵਿਯੋਗ ਵੀ ਹੈ ਤੇ ਸੰਜੋਗ ਵੀ।

ਆਪ ਕੈਸੇ ਜੁਦਾ ਹੋ ਗਏ।

ਧੂਪ ਪਾਨੀ ਹਵਾ ਹੋ ਗਏ...ਇਹ ਸਭ ਬਾਤਾਂ ਨੇ। ਪਰ ਅਸੀਂ ਤੁਹਾਡਾ ਸੇਕ ਨਹੀਂ ਜਾਣ ਸਕਦੇ। ਤੁਹਾਡੀਆਂ ਕਵਿਤਾਵਾਂ ਪੜ੍ਹਦਾ ਹਾਂ ਤਾਂ ਤੁਹਾਡੇ ਨਾਲ ਗੁਫ਼ਤਗੂ ਕੁਝ ਹੋਰ ਵੀ ਅਪਣੱਤ ਭਰੀ ਹੋ ਜਾਂਦੀ ਹੈ, ਸਾਕ ਕੁਝ ਹੋਰ ਗੂੜ੍ਹਾ।

ਸਾਧੂ ਭਾ ਜੀ ਮਿਲੇ ਸਨ। ਉਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਬਾਰੇ ਦੱਸਿਆ। ਮੈਨੂੰ ਅੱਛਾ ਲੱਗਾ। ਯੂਨੀਵਰਸਿਟੀ ਲਈ ਬੜੇ ਮਾਣ ਤੇ ਅਮੀਰੀ ਵਾਲੀ ਗੱਲ ਹੋਵੇਗੀ। ਪੰਜਾਬ ਕੁਝ ਹੋਰ ਭਾਗਾਂ ਵਾਲਾ ਹੋ ਜਾਵੇਗਾ। ਲਹਿੰਦੇ ਪੰਜਾਬ ਵਾਲਿਆਂ ਲਈ ਵੀ ਕਵਿਤਾ ਦਾ ਕਾਅਬਾ ਕਰੀਬ ਹੋ ਜਾਵੇਗਾ।

— ਪਿਆਰ ਨਾਲ

ਆਪ ਦਾ,

ਸੁਰਜੀਤ ਪਾਤਰ

ਪ੍ਰਸਿੱਧ ਹਿੰਦੀ ਲੇਖਕ ਕਮਲੇਸ਼ਵਰ ਦੀ ਨਿੱਕੀ ਜਿਹੀ ਇਕ ਪੰਗਤੀ ਦੀ ਚਿੱਠੀ ਬਹੁਤ ਮਾਨੀਖੇਜ ਅਤੇ ਭਾਵ ਭਰਪੂਰ ਹੈ —

ਵੀਰ ਇਮਰੋਜ਼ !

ਤੁਹਾਡੀ ਇਸ ਅਸੀਮ ਡੂੰਘੀ ਤੇ ਸੁੱਚੀ ਪਵਿੱਤਰ ਇਕੱਲਤਾ ਵਿੱਚ ਮੈਂ ਹੀ ਨਹੀਂ, ਪੂਰੀ ਦੁਨੀਆ ਤੁਹਾਡੇ ਆਲ ਦੁਆਲ ਅਤੇ ਨਾਲ ਹੈ।

— ਤੁਹਾਡਾ ਕਮਲੇਸ਼ਵਰ

ਜਦ ਅੰਮ੍ਰਿਤਾ ਦੇ ਇਮਰੋਜ਼ ਨੇ ਪੰਜਾਬੀ ਗਲਪਕਾਰ ਦਲੀਪ ਕੌਰ ਟਿਵਾਣਾ ਨੂੰ ਇਕ ਨਿੱਕੀ ਜਿਹੀ ਕਵਿਤਾ ਲਿਖ ਕੇ ਭੇਜੀ...ਉਹ ਖ਼ੁਸ਼ੀ ਵਿੱਚ ਖੀਵੀ ਤਾਂ ਹੋਈ ਪਰ ਇਸ ਦੇ ਨਾਲ ਹੀ ਉਹ ਅੰਮ੍ਰਿਤਾ ਦੀ ਮਹਾਨਤਾ ਸਾਹਵੇਂ ਨਤਮਸਤਕ ਹੋ ਕੇ ਰਸ਼ਕ ਕਰਨ ਜਿਹੇ ਅਹਿਸਾਸ ਵਿੱਚ ਗੁਆਚ ਇਮਰੋਜ਼ ਤੇ ਅੰਮ੍ਰਿਤਾ ਨੂੰ ਸਾਂਝਾ ਖ਼ਤ ਲਿਖਣ ਨੂੰ ਬਿਹਬਲ ਹੋ ਗਈ — ਉਹ ਹਰ ਚਿੱਠੀ ਵਿੱਚ ਇਮਰੋਜ਼ ਹੁਰਾਂ ਨੂੰ ਪਿਤਾ ਜੀ ਲਿਖਦੀ ਹੈ ਕਿਉਂਕਿ ਦਲੀਪ ਜੀ ਦੇ ਵਿਆਹ ਵੇਲੇ ਉਨ੍ਹਾਂ ਦੇ ਕੰਨਿਆਦਾਨ ਦੀ ਰਸਮ ਇਮਰੋਜ਼ ਹੁਰਾਂ ਨੇ ਨਿਭਾਈ ਸੀ। ਖ਼ੈਰ 1 ਜੂਨ, 2006 ਦੀ ਲਿਖੀ ਦਲੀਪ ਟਿਵਾਣਾ ਦੀ ਇਹ ਚਿੱਠੀ ਪਾਠਕਾਂ ਦੀ ਨਜ਼ਰ ਹੈ —

ਪਿਆਰੇ ਪਿਤਾ ਜੀ,

ਮੈਂ ਅੰਮ੍ਰਿਤਾ ਨੂੰ ਦੱਸਣਾ ਚਾਹੁੰਦੀ ਹਾਂ ਕਿ ਅੱਜ ਤੱਕ ਜੋ ਵੀ ਕੁਝ ਮੇਰੇ ਬਾਰੇ ਲਿਖਿਆ ਗਿਆ ਹੈ ਭਾਵੇਂ ਉਹ ਲੇਖ ਹੋਣ, ਭਾਵੇਂ ਰੀਵਿਊ ਤੇ ਭਾਵੇਂ ਖ਼ਤ। ਤੇ ਜਿੰਨਾ ਵੀ ਕੁਝ ਮੈਨੂੰ ਆਖਿਆ ਗਿਆ ਹੈ ਭਾਵੇਂ ਉਹ ਲੇਖਕਾਂ ਵਲੋਂ ਹੋਵੇ ਜਾਂ ਪਾਠਕਾਂ ਵਲੋਂ, ਜਾਂ ਘਰਦਿਆਂ ਵੱਲੋਂ, ਉਨ੍ਹਾਂ ਵਿੱਚੋਂ ਕਦੇ ਕਿਸੇ ਨੇ ਏਨੀ ਖ਼ੂਬਸੂਰਤ ਗੱਲ ਨਹੀਂ ਆਖੀ ਤੇ ਨਾ ਹੀ ਏਨੀ ਮੀਨਿੰਗਫੁੱਲ। ਸਾਰੀਆਂ ਸੋਚਾਂ ਨੂੰ ਸਮੇਟਣ ਵਾਲੀ, ਸਾਰੀਆਂ ਗੱਲਾਂ ਦੀ ਇਕੋ ਗੱਲ — ਮੇਰੇ ਚਰਿੱਤਰ, ਮੇਰੇ ਸੁਭਾਅ ਤੇ ਮੇਰੀਆਂ ਲਿਖਤਾਂ ਬਾਰੇ ਇਸ ਤੋਂ ਚੰਗੀ ਗੱਲ ਮੈਂ ਨਹੀਂ ਪੜ੍ਹੀ ਸੁਣੀ ਤੇ ਉਹ ਗੱਲ ਹੈ ਪਿਤਾ ਜੀ ਦੀ ਕਵਿਤਾ ਦੀਆਂ ਦੋ ਸਤਰਾਂ —

''ਦਲੀਪ''
ਜਿਸ ਰਾਹ ਤੋਂ
ਤੂੰ ਆਉਂਦੀ ਜਾਂਦੀ ਏਂ,
ਉਸ ਰਾਹ 'ਚ
ਫੁੱਲ ਖਿੜਦੇ ਹੀ ਰਹਿੰਦੇ ਹਨ —
ਭਾਵੇਂ ਕੋਈ ਰੁੱਤ ਹੋਵੇ।

— ਇਮਰੋਜ਼

ਪਿਆਰੀ ਅੰਮ੍ਰਿਤਾ, ਇਨ੍ਹਾਂ ਨੂੰ ਪੜ੍ਹਦਿਆਂ ਮੇਰੀਆਂ ਅੱਖਾਂ ਵਿੱਚ ਪਾਣੀ ਵੀ ਆ ਗਿਆ ਹੈ।

ਉਹ ਔਰਤ ਜਿਸ ਦਾ ਨਾਂ ਅੰਮ੍ਰਿਤਾ ਪ੍ਰੀਤਮ ਹੈ ਕਿੱਡੀ ਵੱਡੀ ਔਰਤ ਹੋਵੇਗੀ ਜਿਸ ਬਾਰੇ ਇਕ ਨਹੀਂ ਅਨੇਕਾਂ ਅਜਿਹੀਆਂ ਸਤਰਾਂ ਇਕ ਆਰਟਿਸਟ ਮਨ ਨੇ ਜੀਵੀਆਂ ਤੇ

ਸਿਰਜੀਆਂ ਨੇ। ਉਂਜ ਤਾਂ ਤੂੰ ਸਾਡੇ ਨਾਲ ਹੀ ਹੈਂ ਤੇ ਕੋਲ ਵੀ। ਫੇਰ ਵੀ ਮਨ ਕਰਦੈ ਤੇਰੇ ਕੋਲ ਬੈਠ ਕੇ ਰੋਈਏ।

— ਤੇਰੀ ਦਲੀਪ

ਇਹ ਮੋਹਵੰਤੇ ਲੋਕ ਅੰਮ੍ਰਿਤਾ ਜੀ ਪ੍ਰਤੀ ਸੱਚੀ, ਸੁੱਚੀ ਤੇ ਖ਼ਰੀ ਭਾਵਨਾ ਰੱਖਦੇ ਹਨ ਤੇ ਉਸ ਤੋਂ ਉੱਤੇ ਦਰਜਾ ਇਮਰੋਜ਼ ਨੂੰ ਦਿੰਦੇ ਹਨ ਜਿਸ ਨੇ ਅੰਮ੍ਰਿਤਾ ਦੀ ਕਦਰ ਪਾਈ, ਉਹਦੇ ਪ੍ਰਤੀ ਵਿਸ਼ਵਾਸ ਬਰਕਰਾਰ ਰੱਖਿਆ ਅਤੇ ਉਹਦੇ ਸਿਹਤਮੰਦ ਹੋਣ ਵੇਲੇ ਹੀ ਨਹੀਂ, ਉਹਦੀ ਅੰਤਾਂ ਦੀ ਬਿਮਾਰੀ ਵਿੱਚ, ਉਹਦੇ ਮਰਨ ਤੀਕ ਹੀ ਨਹੀਂ, ਉਸ ਦੇ ਚਲੇ ਜਾਣ ਮਗਰੋਂ ਹੁਣ ਤੀਕ ਉਹਦਾ ਸਾਥ ਨਿਭਾਉਂਦਾ ਆ ਰਿਹਾ, ਨੂੰ ਸਹੀ ਮਾਇਨੇ ਵਿੱਚ ਪੂਰਨ ਮਰਦ ਮੰਨਦੇ ਹਨ।

ਨਵੰਬਰ 2005 ਦੇ ਸ਼ੁਰੂ ਵਿੱਚ ਮਿਲੀ ਗਗਨ ਗਿਲ ਦੀ ਚਿੱਠੀ ਵੀ ਕੁਝ ਅਜਿਹੇ ਅਹਿਸਾਸਾਂ ਨਾਲ ਲਬਰੇਜ਼ ਹੈ —

ਇਮਰੋਜ਼ ਜੀ !

ਮੈਂ ਰਿਸ਼ੀਕੇਸ਼ ਸਾਂ ਜਦੋਂ ਮੈਨੂੰ ਅੰਮ੍ਰਿਤਾ ਜੀ ਦੀ ਖ਼ਬਰ ਪਹੁੰਚੀ। ਇਕ ਵੇਰ ਖ਼ਾਲੀ ਹੋਣ ਵਾਸਤੇ ਉੱਥੇ ਗਈ ਸਾਂ, ਦੋ ਵਾਰੀ ਖ਼ਾਲੀ ਹੋ ਕੇ ਮੁੜ ਆਈ। ਅੰਮ੍ਰਿਤਾ ਜੀ ਜਿੱਥੇ ਵੀ ਹੋਣ, ਬਹੁਤ ਸਾਰੀ ਰੋਸ਼ਨੀ ਵਿੱਚ ਰਹਿਣ, ਮੇਰੀ ਕਾਮਨਾ ਹੈ।

ਤੁਹਾਨੂੰ ਮਿਲਣ ਆਉਣ ਦਾ ਵੀ ਬੜਾ ਮਨ ਸੀ ਪਰ ਫ਼ਿਲਹਾਲ ਮੈਂ ਕਿਤੇ ਬਾਹਰ ਨਹੀਂ ਜਾ ਰਹੀ। ਨਿਰਮਲ ਜੀ ਦੀ ਐਂਬੂਲੈਂਸ ਪਿੱਛੇ ਮੈਂ ਆਪਣੀ ਕਾਰ ਦੁੜਾਉਂਦੀ ਹਸਪਤਾਲ ਪਹੁੰਚੀ ਸਾਂ, ਉਨ੍ਹਾਂ ਦੀ ਸਾਹ ਲੈਣ ਵਾਲੀ ਮਸ਼ੀਨ ਕਾਰ 'ਚ ਸੀ, ਇਸ ਕਰਕੇ ਐਂਬੂਲੈਂਸ 'ਚ ਨਾ ਬੈਠ ਕੇ ਕਾਰ ਚੁੱਕੀ। ਬਸ ਰਸਤੇ 'ਚ ਹੀ ਕਿਧਰੇ ਅਸੀਂ ਵਿਛੜ ਗਏ।

ਤੁਸੀਂ ਮੈਨੂੰ ਬੜਾ ਨਿੱਘ ਦਿੱਤਾ ਸੀ। ਉਸੇ ਨੂੰ ਯਾਦ ਕਰਦੀ ਹਾਂ। ਤੁਸੀਂ ਆਪਣਾ ਤੇ ਆਪਣੀ ਸਿਹਤ ਦਾ ਖਿਆਲ ਰੱਖਣਾ।

— ਤੁਹਾਡੀ ਗਗਨ

ਸਾਹਿਤਕਾਰ ਪ੍ਰੋ. ਨਿਰੰਜਣ ਸਿੰਘ ਮਾਨ ਅਤੇ ਉਨ੍ਹਾਂ ਦੀ ਸੁਪਤਨੀ ਡਾ. ਰਾਜਵੰਤ ਕੌਰ ਮਾਨ ਪ੍ਰੀਤ ਦਾ ਵੀ ਪਟਿਆਲਾ ਫੇਰੀ ਵੇਲੇ ਇਮਰੋਜ਼ ਜੀ ਨੂੰ ਲਿਖਿਆ ਇਕ ਸਾਂਝਾ ਖ਼ਤ (ਜਿਸ ਉੱਤੇ ਕੋਈ ਤਾਰੀਖ਼ ਨਹੀਂ ਲਿਖੀ ਹੋਈ) ਮੇਰੇ ਸਾਹਵੇਂ ਹੈ —

ਪਿਆਰੇ ਵੀਰ ਇਮਰੋਜ਼ ਜੀ,

ਅਸੀਂ ਵਤਨ ਪਰਤੇ ਹੀ ਸੀ ਕਿ ਅੰਮ੍ਰਿਤਾ ਜੀ ਦੇ ਵਿਛੜੇ ਦੀ ਦੁੱਖਦਾਈ ਖ਼ਬਰ ਸੁਣਨੀ ਪਈ। ਅੰਮ੍ਰਿਤਾ ਜੀ ਦੇ ਜਾਣ ਨਾਲ ਜੋ ਘਾਟਾ ਪੰਜਾਬੀ ਸਾਹਿਤ ਨੂੰ ਪਿਆ ਹੈ ਉਹ ਕਦੇ ਵੀ ਪੂਰਾ ਨਹੀਂ ਹੋ ਸਕਦਾ। ਭਾਵੇਂ ਉਹ ਬਹੁਤ ਦੁੱਖ ਸਹਿ ਰਹੇ ਸਨ ਪਰ ਉਨ੍ਹਾਂ ਦੀ ਘਰ ਵਿੱਚ ਹੋਂਦ ਦਾ ਮਾਣ ਤੇ ਆਸਰਾ ਸੀ, ਪਰਿਵਾਰ ਲਈ ਤੇ ਤੁਹਾਡੇ ਲਈ, ਅੰਤਾਂ ਦਾ ਕਸ਼ਟ ਵੀ ''ਪੂਜਾ ਤੁਲ ਸੇਵਾ'' ਲਗਦਾ ਸੀ। ਅਸੀਂ 23 ਮਾਰਚ, 2005 ਨੂੰ ਤੁਹਾਡੇ ਵੱਲੋਂ ਅਣਥੱਕ ਲਗਨ ਨਾਲ ਕੀਤੀ ਜਾ ਰਹੀ ਸੇਵਾ ਵੇਖ ਦੰਗ ਰਹਿ ਗਏ।

ਅੰਮ੍ਰਿਤਾ ਨੇ ਕਦੇ ਲਿਖਿਆ ਸੀ ''ਅਸੀਂ ਜੱਗ ਵਾਲੀ ਬਾਜ਼ੀ ਜਿੱਤ ਲੈਂਦੇ, ਜੇ ਤੂੰ ਦੁੱਕੀ ਵੀ ਰੰਗ ਦੀ ਲਾ ਦਿੰਦਾ।'' ਖ਼ਿਆਲ ਆਉਂਦਾ ਹੈ ਕਿ ਉਸ ਨੇ ਤਾਂ ਜੱਗ ਵਾਲੀ ਬਾਜ਼ੀ ਸ਼ਾਨਾਂ ਨਾਲ ਜਿੱਤੀ ਹੈ। ਉਸ ਦੀ ਸ਼ਾਨਮੱਤੀ ਜਿੱਤ ਸਦੀਵੀ ਮਹਿਕ ਬਣ ਕੇ ਕਣ-

ਕਣ ਵਿੱਚ ਰਚ ਗਈ ਹੈ। ਤੁਸੀਂ ਇਮਰੋਜ਼ ਜੀ ! ਰੰਗ ਦੀ ਢੂੱਕੀ ਕੀ, ਧੱਕੇ ਲਾਏ ਹਨ। ਤੁਹਾਡੇ ਵਰਗਾ ਕਲਾਕਾਰ ਜੋ ਰੰਗ ਦੇਣੇ ਹੀ ਜਾਣਦਾ ਹੋਵੇ, ਲੈਣੇ ਨਹੀਂ — ਆਪ ਭਾਵੇਂ ਬਦਰੰਗ ਹੀ ਰਹੇ। ਕੋਈ ਵਿਰਲਾ ਹੀ ਮਾਂ ਦਾ ਸ਼ੇਰ ਨਿੱਤਰ ਸਕਦਾ ਹੈ ਮੈਦਾਨ ਵਿੱਚ। ਰੰਗਾਂ, ਬੁਰਸ਼ਾਂ ਨਾਲ ਅਮਰ ਸੁੰਦਰਤਾ ਪੈਦਾ ਕਰਨ ਵਾਲਾ ਇਹ ਕਲਾਕਾਰ ਐਨਾ ਨਿਮਾਣਾ ਸੇਵਕ ਵੀ ਹੋ ਸਕਦਾ ਹੈ ? ਇਹ ਅਨੋਖਾ ਕ੍ਰਿਸ਼ਮਾ ਹੀ ਹੈ ਜੋ ਇਕ ਵਿਲੱਖਣ ਕਲਾਕਾਰ ਤੋਂ ਇਕ ਚਮਤਕਾਰੀ ਸ਼ਖ਼ਸੀਅਤ, ਹੁਸਨ ਇਲਮ ਦਾ ਮੁਜੱਸਮਾ, ਸਾਹਿਤਕਾਰੀ ਦੀ ਸ਼ਿਖਰ ਅੰਮ੍ਰਿਤਾ ਦੇ ਪਿਆਰ ਨੇ ਕਰ ਵਿਖਾਇਆ। ਅਸੀ ਸਿਜਦਾ ਕਰਦੇ ਹਾਂ। 23 ਮਾਰਚ, 2005 ਨੂੰ ਦਿੱਲੀ ਤੁਹਾਨੂੰ ਮਿਲ ਕੇ ਮੈਂ ਏਨੀ ਪ੍ਰਭਾਵਿਤ ਹੋਈ ਸੀ ਕਿ ਸਿੱਜਦਾ ਸਿਰਲੇਖ ਹੇਠ ਆਪਣੇ ਪ੍ਰਭਾਵ ਉੱਥੋਂ ਦੇ ਇੰਡੋ-ਕੇਨੇਡੀਅਨ ਟਾਈਮਜ਼ ਵਿੱਚ ਛਪਵਾਏ। ਤੁਹਾਡੇ ਦਰਸ਼ਨ ਕਰਨ ਨੂੰ ਫੇਰ ਦਿਲ ਕਰਦਾ ਹੈ। ਦਿੱਲੀ ਤਾਂ ਹੁਣ ਕਨੇਡਾ ਵਾਪਸ ਜਾਣ ਲੱਗਿਆਂ ਹੀ ਆਣਾ ਹੋਵੇਗਾ ਕਿਉਂਕਿ ਸਿਹਤ ਆਗਿਆ ਨਹੀ ਦਿੰਦੀ। ਇਹ ਖ਼ਤ ਪਟਿਆਲਾ ਦੇ ਆਪਣੇ ਘਰ ਤੋਂ ਲਿਖ ਰਹੇ ਹਾਂ।

ਮਨ ਦੀ ਉਦਾਸ ਅਵਸਥਾ ਨੂੰ ਰੰਗਾਂ, ਬੁਰਸ਼ਾਂ ਰਾਹੀਂ ਚਿਤਰ ਕੇ ਸਾਵੀ ਕਰਨ ਦਾ ਜਤਨ ਕਰਨਾ ਸਾਡੇ ਪਿਆਰੇ ਵੀਰ। ਅਸੀਂ ਤੁਹਾਡੇ ਪਿਆਰ ਦੇ ਸਦਾ ਹੀ ਪਾਤਰ ਹਾਂ, ਰਿਣੀ ਹਾਂ।

ਦਰਦ ਭਰੇ ਦਿਲ ਨਾਲ ਪਿਆਰੀ ਯਾਦ
ਅਸੀਂ ਹਾਂ ਤੁਹਾਡੇ ਆਪਣੇ

ਨਿਰੰਜਣ ਅਤੇ ਪ੍ਰੀਤ

23 ਜਨਵਰੀ, 2006 ਦਾ ਲਿਖਿਆ ਕੈਲਾਸ਼ ਪੁਰੀ ਜੀ ਦਾ ਖ਼ਤ ਵੀ ਮੇਰੇ ਸਾਹਵੇਂ ਪਿਆ ਹੈ, ਜਿਸ ਦਾ ਇਕ ਹਿੱਸਾ ਪਾਠਕਾਂ ਦੀ ਨਜ਼ਰ ਕਰ ਰਹੀ ਹਾਂ —

ਬਹੁਤ ਬਹੁਤ ਪਿਆਰੇ ਇਮਰੋਜ਼
ਨਿੱਘੀ ਯਾਦ !

ਦੀਦੀ ਨੂੰ ਯਾਦ ਕਰਦਿਆਂ ਵਰ੍ਹਿਆਂ ਦੇ ਵਰ੍ਹੇ ਸਾਹਮਣੇ ਆ ਖਲੋਤੇ। ਯਾਦਾਂ, ਜਿਨ੍ਹਾਂ ਦੇ ਸਹਾਰੇ ਤੁਸੀਂ ਵੀ ਜੀਊ ਰਹੇ ਅਤੇ ਯਾਦਾਂ ਨੂੰ ਫੁੱਲ ਚੜ੍ਹਾ ਰਹੇ ਹੋ।

ਦੀਦੀ ਵਰਗਾ ਨਾ ਕੋਈ ਹੋਇਆ ਹੈ ਅਤੇ ਸਾਈਂ ਜਾਣੇ ਕਦੋਂ ਮਾਂ ਪੰਜਾਬੀ ਦੇ ਹਿੱਸੇ ਅਜਿਹੀ ਸ਼ਖ਼ਸੀਅਤ ਮੁੜ ਆਏ ਜੋ ਇਹੋ ਜਿਹਾ ਸਾਹਿਤ ਰਚ ਕੇ ਆਪਣੀ ਭਾਸ਼ਾ ਅਤੇ ਆਪਣੇ ਆਪ ਨੂੰ ਵੀ ਅਮਰ ਕਰੇ।

ਤੁਸੀਂ ਆਪਣੀ ਸਿਹਤ ਦਾ ਧਿਆਨ ਰੱਖਣਾ !
ਸਾਰੇ ਨਿੱਘੇ ਪਿਆਰ ਨਾਲ

— ਕੈਲਾਸ਼ ਪੁਰੀ

ਇਸ ਤੋਂ ਛੁੱਟ ਪ੍ਰੋ. ਡਾ. ਐਮ. ਏ. ਮੇਅਰ ਦਾ ਨਾਸਿਕ ਤੋਂ 8 ਨਵੰਬਰ, 2005 ਦਾ ਅੰਗਰੇਜ਼ੀ ਵਿੱਚ ਲਿਖਿਆ ਖ਼ਤ ਹੈ, ਜਿਸ ਦਾ ਸਾਰ ਇਹੀ ਹੈ ਕਿ ਅੰਮ੍ਰਿਤਾ ਮਰੀ ਨਹੀਂ, ਉਹ ਆਪਣੀਆਂ ਕਵਿਤਾਵਾਂ ਅਤੇ 'ਮੀਰਾ' ਜਿਹੀਆਂ ਰਚਨਾਵਾਂ ਸਦਕੇ ਹਮੇਸ਼ਾ ਜ਼ਿੰਦਾ ਰਹੇਗੀ। ਇਸੇ ਖ਼ਤ ਨਾਲ ਉਨ੍ਹਾਂ ਦੀ ਇਕ ਅੰਗਰੇਜ਼ੀ ਵਿੱਚ ਲਿਖੀ ਕਵਿਤਾ ਵੀ ਹੈ ਜਿਹਦਾ ਸਿਰਲੇਖ 'ਅੰਮ੍ਰਿਤਾ' ਹੈ ਜਿਸ ਵਿੱਚ ਉਨ੍ਹਾਂ ਦੱਸਿਆ ਹੈ — ਉਹੀ ਸਹੀ

ਮਾਅਨਿਆਂ ਵਿੱਚ ਵਾਰਿਸ ਸ਼ਾਹ ਹੀ ਵਾਰਿਸ ਹੈ — ਜੋ ਆਪਣੀ ਹਥਣੀ ਤੋਰ ਵਿੱਚ ਮਸਤ ਤੁਰਦੀ ਰਹੀ — ਉਹਨੇ ਕਿਸੇ ਭੌਂਕਣ ਵਾਲੇ ਦੀ ਪਰਵਾਹ ਨਹੀਂ ਕੀਤੀ।

ਇਸ ਤੋਂ ਇਲਾਵਾ ਉਨ੍ਹਾਂ ਦੀ ਬਿਮਾਰ ਅਵਸਥਾ ਵਿੱਚ ਕਈ ਪ੍ਰਕਾਸ਼ਕਾਂ, ਲੇਖਕਾਂ ਦੇ ਖ਼ਤ ਆਏ — ਜਿਹਨਾਂ ਵਿੱਚੋਂ ਮੇਰਾ ਧਿਆਨ ਸਭ ਤੋਂ ਵੱਧ ਖਿੱਚ ਰਿਹਾ ਹੈ — ਰਾਜਪਾਲ ਐਂਡ ਸੰਨਜ਼ ਦੇ ਪ੍ਰਕਾਸ਼ਕ, ਪ੍ਰਬੰਧਕ ਵਿਸ਼ਵਨਾਥ ਜੀ ਦਾ 13 ਅਕਤੂਬਰ, 2005 ਦਾ ਹਿੰਦੀ ਵਿੱਚ ਲਿਖਿਆ ਖ਼ਤ — ਅੰਮ੍ਰਿਤਾ ਜੀ ਦੇ ਸਦੀਵੀ ਵਿਛੋੜਾ ਦੇਣ ਤੋਂ 18 ਦਿਨ ਪਹਿਲਾਂ ਦਾ —

ਪਿਆਰੇ ਇਮਰੋਜ਼ ਜੀ,

'ਸਾਹਿਤ ਅੰਮ੍ਰਿਤ' ਦੇ ਅਕਤੂਬਰ ਅੰਕ ਵਿੱਚ ਤੁਹਾਡੀਆਂ ਅਤੇ ਅੰਮ੍ਰਿਤਾ ਜੀ ਦੀਆਂ ਕਵਿਤਾਵਾਂ ਪੜ੍ਹ ਕੇ ਪਿਛਲੇ 50 ਵਰ੍ਹਿਆਂ ਤੋਂ ਵੱਧ ਦੇ ਕਈ ਦ੍ਰਿਸ਼ ਅੱਖਾਂ ਸਾਹਵੇਂ ਆ ਗਏ। ਮੈਂ ਅੰਮ੍ਰਿਤਾ ਜੀ ਨੂੰ ਲਾਹੌਰ ਤੋਂ ਵੇਖਿਆ ਹੈ ਅਤੇ ਹੁਣ ਉਨ੍ਹਾਂ ਦੀ ਜਿਹੜੀ ਹਾਲਤ ਹੈ, ਉਹਨੂੰ ਵੇਖ ਕੇ ਇਹ ਸਮਝ ਨਹੀਂ ਆਉਂਦਾ ਹੈ ਕਿ ਇਹ ਰੱਬ ਦਾ ਕਿਹੋ ਜਿਹਾ ਨਿਆਂ ਹੈ ਕਿ ਉਨ੍ਹਾਂ ਨੂੰ ਇੰਨੀਆਂ ਤਕਲੀਫ਼ਾਂ 'ਚੋਂ ਲੰਘਣਾ ਪੈ ਰਿਹਾ ਹੈ।

ਤੁਸਾਂ ਜਿਸ ਤਰ੍ਹਾਂ ਅੰਮ੍ਰਿਤਾ ਜੀ ਦੀ ਸੇਵਾ ਕੀਤੀ ਹੈ ਅਤੇ ਕਰ ਰਹੇ ਹੋ, ਅਜਿਹੀ ਮਿਸਾਲ ਮੈਂ ਹੋਰ ਕਿਤੇ ਨਹੀਂ ਵੇਖੀ। ਸੱਚਾ ਪਿਆਰ ਇਸੇ ਨੂੰ ਹੀ ਕਹਿੰਦੇ ਹਨ। ਤੁਸੀਂ ਖ਼ੁਦ ਨੂੰ ਪੂਰੀ ਤਰ੍ਹਾਂ ਨਾਲ ਸਮਰਪਿਤ ਕਰ ਦਿੱਤਾ ਹੈ। ਤੁਹਾਡੀਆਂ ਦੋਵੇਂ ਕਵਿਤਾਵਾਂ ''ਆਲ੍ਹਣਾ ਘਰ' ਅਤੇ 'ਸੰਪੂਰਨ ਔਰਤ' ਦਿਲ ਤੋਂ ਲਿਖੀਆਂ ਗਈਆਂ ਕਵਿਤਾਵਾਂ ਹਨ। ਇਸੇ ਤਰ੍ਹਾਂ 'ਅੰਮ੍ਰਿਤਾ' ਵੀ।

ਸ਼ੁਭ ਕਾਮਨਾਵਾਂ

— ਤੁਹਾਡਾ ਵਿਸ਼ਵਨਾਥ

ਇਸੇ ਤਰ੍ਹਾਂ ਅੰਮ੍ਰਿਤਾ ਜੀ ਦੀ ਮਿਜਾਜ-ਪੁਰਸੀ ਕਰਦੇ ਕਿਰਪਾਲ ਕਜ਼ਾਕ ਅਤੇ ਕੁਝ ਹੋਰ ਪ੍ਰਸ਼ੰਸਕਾਂ ਦੇ ਖ਼ਤ ਹਨ। ਖ਼ੈਰ ਇਨ੍ਹਾਂ ਸਭ ਖ਼ਤਾਂ ਤੋਂ ਅੰਮ੍ਰਿਤਾ ਜੀ ਦੇ ਬੇਸ਼ੁਮਾਰ ਪ੍ਰਸ਼ੰਸਕਾਂ ਦਾ ਤਾਂ ਪਤਾ ਚੱਲਦਾ ਹੀ ਹੈ — ਪਰ ਉਨ੍ਹਾਂ ਦਾ ਅੰਮ੍ਰਿਤਾ ਜੀ ਤੋਂ ਵੱਧ ਇਮਰੋਜ਼ ਪ੍ਰਤੀ ਨਿਸ਼ਠਾ ਦਾ ਵੀ ਅਹਿਸਾਸ ਹੁੰਦਾ ਹੈ, ਆਖ਼ਰ ਇਮਰੋਜ਼ ਸੰਪੂਰਨ ਪਿਆਰ — ਸ਼ਖ਼ਸੀਅਤ ਦੀ ਪ੍ਰਤੱਖ ਮਿਸਾਲ ਹਨ। ਅੰਮ੍ਰਿਤਾ ਜੀ ਉੱਤੇ ਹਰ ਤਰ੍ਹਾਂ ਦੇ ਚਿੱਕੜ ਸੁੱਟੇ ਜਾਣ ਦੇ ਇਕਲੌਤੇ ਗਵਾਹ ਅਤੇ ਪੂਰੀ ਉਮਰ ਇਸ ਵਿਚਲੇ ਝੂਠ ਸੱਚ ਦੇ ਸੂਖਮ ਅੰਤਰ ਲੱਭ ਅੰਤ ਤੀਕ ਉਸ ਨਾਲ ਨਿਭਾਉਣ ਵਾਲੇ — 45 ਸਾਲ ਇਵੇਂ ਨਹੀਂ ਨਾਲ-ਨਾਲ ਨਿਭਦੇ ! ਅੰਮ੍ਰਿਤਾ ਜੀ ਨੇ ਆਪਣੇ ਢੰਗ ਨਾਲ ਜਿਊਣਾ ਚਾਹਿਆ ਤਾਂ ਇਮਰੋਜ਼ ਜੀ 'ਤੇ ਜੋ ਵਿਸ਼ਵਾਸ ਅੰਮ੍ਰਿਤਾ ਜੀ ਨੇ ਕੀਤਾ ਉਸ ਉੱਤੇ ਉਹ ਵਿਸ਼ਵਾਸ ਤੋਂ ਵੀ ਵੱਧ ਪੂਰੇ ਉਤਰੇ — ਇਹ ਵਿਸ਼ਵਾਸ ਅੰਮ੍ਰਿਤਾ ਜੀ ਦੇ ਅੰਤ ਤੋਂ ਬਾਅਦ ਵੀ ਬਣਿਆ ਹੋਇਆ ਹੈ...

# ਓਹਲਿਆਂ ਵਿਚਲਾ ਸੱਚ

**(ਸਵਰਨ ਕਵਾਤੜਾ ਦੀ ਕਿਤਾਬ ''ਅੰਮ੍ਰਿਤਾ ਪ੍ਰੀਤਮ : ਮੇਰੀ ਮਾਂ ਵੀ ਤੇ ਸਹੇਲੀ ਵੀ''— ਉੱਤੇ ਪ੍ਰਤੀਕਰਮ)**

(ਅੰਮ੍ਰਿਤਾ, ਇਮਰੋਜ਼ ਦੇ ਕਹੇ ਅਤੇ ਅੰਮ੍ਰਿਤਾ ਜੀ ਦੀਆਂ ਰਚਨਾਵਾਂ ਦੇ ਆਧਾਰ ਤੇ)

ਪੰਜਾਬੀ ਟ੍ਰਿਬਿਊਨ ਵਿਚ ਡਾ. ਚਰਨਜੀਤ ਕੌਰ (ਚੰਡੀਗੜ੍ਹ) ਵਲੋਂ ਸਵਰਨ ਕਵਾਤੜਾ ਦੀ ਕਿਤਾਬ 'ਅੰਮ੍ਰਿਤਾ ਪ੍ਰੀਤਮ : ਮੇਰੀ ਮਾਂ ਵੀ ਤੇ ਸਹੇਲੀ ਵੀ' ਉਤੇ ਕੀਤੀ ਗਈ ਸੰਖਿਪਤ ਸਮੀਖਿਆ ਪੜ੍ਹਨ ਨੂੰ ਮਿਲੀ। ਇਸ ਤੋਂ ਕੁਝ ਮਹੀਨੇ ਪਹਿਲਾਂ ਸਮਕਾਲੀ ਪੰਜਾਬੀ ਸਾਹਿਤ (ਅੰਕ 53, ਜੁਲਾਈ-ਸਿਤੰਬਰ 2008) ਰਸਾਲੇ 'ਚ ਅੰਮ੍ਰਿਤਾ ਪ੍ਰੀਤਮ ਨਾਲ ਜੁੜੇ ਸੰਸਮਰਨਾਂ ਨੂੰ ਲਏ, ਪ੍ਰੋ. ਪ੍ਰੀਤਮ ਸਿੰਘ ਦਾ ਲੰਮਾ ਲੇਖ ਪ੍ਰਕਾਸ਼ਿਤ ਹੋਇਆ। ਉਸ ਲੇਖ ਵਿਚ ਇਸੇ ਲੇਖਕਾ ਦੀ ਇਸੇ ਕਿਤਾਬ 'ਚੋਂ (ਉਦੋਂ ਪ੍ਰਕਾਸ਼ਨ ਅਧੀਨ) ਮਿਸਾਲਾਂ ਦਿੱਤੀਆਂ ਗਈਆਂ ਸਨ। ਜਿਸ ਨੂੰ ਲੈ ਕੇ ਕਾਫ਼ੀ ਲੋਕਾਂ ਵਲੋਂ ਇਤਰਾਜ਼ ਹੋਏ ਅਤੇ ਵੱਖ ਵੱਖ ਜਾਵੀਏ ਤੋਂ ਜ਼ਬਾਨੀ ਅਤੇ ਲਿਖਿਤ ਪ੍ਰਤੀਕਰਮ ਹੁੰਦੇ ਰਹੇ। ਬਹੁਤ ਸਾਰੇ ਲੋਕਾਂ ਨੇ ਮੈਨੂੰ ਇਸ ਰੋਸ-ਲਹਿਰ ਵਿਚ ਭਾਗੀਦਾਰੀ ਕਰਨ ਲਈ ਉਕਸਾਇਆ। ਡਾ. ਕਰਨਜੀਤ ਸਿੰਘ ਸੁਆਲਾਂ ਦੇ ਘੇਰੇ 'ਚ ਘਿਰਦੇ ਗਏ। ਉਹਨਾਂ ਨੇ ਫ਼ੋਨ ਕਰ ਮੇਰੇ ਤੋਂ ਇਸ ਸਭ ਕਾਸੇ ਨੂੰ ਲੈ ਨਿਰਪੱਖ ਰਾਇ ਮੰਗੀ। ਇਸ ਸਿਲਸਿਲੇ ਨੂੰ ਲੈ ਕੇ ਸਵਰਗੀ ਪ੍ਰੋ. ਪ੍ਰੀਤਮ ਸਿੰਘ ਜੀ ਨਾਲ ਫ਼ੋਨ 'ਤੇ ਮੇਰੀ ਲੰਮੀ ਗੱਲ-ਬਾਤ ਹੋਈ - ਉਹਨਾਂ ਨੇ ਮੈਨੂੰ ਕਿਹਾ ਕਿ ਜਿਹਨਾਂ ਸਤਰਾਂ ਉਤੇ ਲੋਕਾਂ ਵਲੋਂ ਇਤਰਾਜ਼ ਹੋ ਰਿਹਾ ਹੈ ਮੈਂ ਉਹਨਾਂ ਹੇਠਾਂ ਲਕੀਰ ਕੇ ਉਹਨਾਂ ਨੂੰ ਭੇਜਾਂ ਪਰ ਮੈਂ ਕੁਝ ਕਾਰਨਾਂ ਕਾਰਨ ਲਿਖਿਤ ਰਾਇ ਦੇਣੋਂ ਘੇਸਲ ਮਾਰ ਗਈ...ਪਰ ਜਦੋਂ ਇਹ ਪੁਸਤਕ ਪਾਠਕਾਂ, ਆਲੋਚਕਾਂ ਦੀ ਨਜ਼ਰ ਹੋ ਗਈ ਹੈ...ਜਿਗਿਆਸੂ ਸਵਾਲ ਫਿਰ ਤੋਂ ਹਵਾ 'ਚ ਤਿਰਨ ਲਗੇ ਹਨ ਤਾਂ ਮੇਰਾ ਵੀ ਅੰਮ੍ਰਿਤਾ ਮਾਂ ਪ੍ਰਤੀ ਫ਼ਰਜ਼ ਬਣਦਾ ਹੈ ਕਿ ਆਪਣੀ ਸੂਝ, ਸਮਝ ਅਤੇ ਜਾਣਕਾਰੀ ਰਾਹੀਂ ਕੁਝ ਖੁਲ੍ਹਾਸੇ ਕਰਾਂ। ਸੋ ਅੱਜ ਇਸ ਲੇਖ ਰਾਹੀ ਮੈਂ ਸਵਰਨ ਕਵਾਤੜਾ (ਜਿਹਨੂੰ ਆਮ ਲੋਕ ਸਵਰਨੀ ਦੇ ਨਾਂ ਤੋਂ ਵਧੇਰੇ ਜਾਣਦੇ ਹਨ) ਅਤੇ ਅੰਮ੍ਰਿਤਾ ਹੁਰਾਂ ਦੇ ਰਿਸ਼ਤੇ ਦੀਆਂ ਪਰਤਾਂ ਉਘਾੜਨ ਦਾ ਜੇਰਾ ਕਰ ਰਹੀ ਹਾਂ ਕਿਉਂਕਿ ਦੋਸਤਾਂ, ਮਿਤਰਾਂ, ਜਾਣਕਾਰਾਂ ਵਲੋਂ ਸੁਆਲ ਆ ਰਹੇ ਹਨ। ਲਗਦਾ ਏ, ਇਹ ਕਿਆਮਤ ਦਾ ਦਿਨ ਏ, ਹਸ਼ਰ ਦਾ ਰੋਜ਼। ਪੰਜਾਹ ਵਰ੍ਹੇ ਪਹਿਲਾਂ ਜਿਹੜਾ ਰਿਸ਼ਤਾ ਕਬਰ 'ਚ ਦਫ਼ਨ ਹੋ ਗਿਆ ਸੀ, ਉਹਦੀ ਪੇਸ਼ੀ ਹੋ ਰਹੀ ਏ। ਨਵੇਂ ਸਿਰਿਓਂ ਧਰਮਰਾਜ ਦੀ ਵਹੀ ਖੁਲ੍ਹ ਰਹੀ ਏ...ਸੋ ਪਿਆਰੀ ਦੋਸਤ ਚਰਨਜੀਤ ਤੋਂ ਹੀ ਦਿੱਲੀ ਆਉਂਦੀ ਦੋਸਤ ਕੰਵਲਜੀਤ ਢਿਲੋਂ ਦੇ ਹੱਥ ਇਹ ਕਿਤਾਬ ਮੰਗਵਾਈ...ਇਸ

ਕਿਤਾਬ ਦੇ ਇਕ-ਇਕ ਸ਼ਬਦ, ਉਸ ਵਿਚਲੇ ਲੁਕਵੇਂ ਅਤੇ ਜ਼ਾਹਿਰਾ ਅਰਥਾਂ ਨੂੰ ਫੜਨ, ਸਮਝਣ ਲਈ (ਹਾਲਾਂਕਿ ਇਸ ਪੁਸਤਕ ਵਿਚਲੀ ਭਾਸ਼ਾ ਇਕਦਮ ਸਾਦਾ ਅਤੇ ਆਮ ਬੋਲਚਾਲ ਦੀ ਏ) ਮੈਂ ਇਸ ਕਿਤਾਬ ਦਾ ਤਿੰਨ ਵੇਰ ਪਾਠ ਕੀਤਾ ਹੈ। ਕਿਤਾਬ ਦੀ ਪਹਿਲੀ ਪੜ੍ਹਤ ਨਾਲ ਪਾਠਕਾਂ 'ਤੇ ਇਹ ਪ੍ਰਭਾਵ ਪੈਂਦਾ ਹੈ ਕਿ ਅੰਮ੍ਰਿਤਾ ਅਤੇ ਸਵਰਨ ਵਿਚਲਾ ਰਿਸ਼ਤਾ ਏਨਾਂ ਡੂੰਘਾ ਤੇ ਸਦੀਵੀਂ ਹੈ ਕਿ ਅੰਮ੍ਰਿਤਾ ਨੂੰ ਸਵਰਨ ਤੋਂ ਉਤੇ ਕੋਈ ਨਹੀਂ...ਉਹ ਉਹਨੂੰ ਯਾਦ ਕਰਕੇ ਚਿੱਠੀਆਂ ਲਿਖਦੀ ਹੈ। ਰਹਿ-ਰਹਿ ਕੇ ਦਿੱਲੀ ਆਉਣ ਦਾ ਸੱਦਾ ਦਿੰਦੀ ਹੈ। ਉਹ ਅੰਮ੍ਰਿਤਾ ਦੀ ਹਰ ਖੁਸ਼ੀ 'ਚ ਸ਼ਰੀਕ ਹੁੰਦੀ ਹੈ। ਉਹਦੀ ਹਰ ਲੋੜ ਵੇਲੇ ਉਹਦੇ ਨਾਲ ਹੁੰਦੀ ਹੈ। ਅੰਮ੍ਰਿਤਾ ਵੀ ਉਹਨੂੰ ਮਿਲਣ ਪਟਿਆਲੇ ਜਾਂਦੀ ਹੈ। ਚੰਡੀਗੜ੍ਹ ਬੁਲਾਉਂਦੀ ਹੈ। ਅੰਮ੍ਰਿਤਾ ਜੀ ਦੇ ਜਾਣਕਾਰ ਲੇਖਕ ਵੀ ਉਹਦੇ ਮਾਧਿਅਮ ਤੋਂ ਅੰਮ੍ਰਿਤਾ ਨੂੰ ਮਿਲਦੇ ਹਨ। ਪਰ ਕਿਤਾਬ ਨੂੰ ਦੂਜੀ ਨਜ਼ਰੇ ਵਾਚਦੇ ਹੀ ਜਿਹੜੀ ਗੱਲ ਕਿਸੇ ਵੀ ਆਮ ਪਾਠਕ ਨੂੰ ਸਭ ਤੋਂ ਪਹਿਲਾਂ ਖੁੜਕ ਸਕਦੀ ਏ; ਉਹ ਇਹ ਕਿ ਇੰਨਾ ਪਿਆਰ ਆਪਣੇ ਵਲੋਂ ਅਤੇ ਅੰਮ੍ਰਿਤਾ ਜੀ ਵਲੋਂ ਜਤਲਾਉਣ ਵਾਲੀ ਔਰਤ ਚਿੱਠੀਆਂ, ਮੁਲਾਕਾਤਾਂ ਦਾ ਜ਼ਿਕਰ ਸਿਰਫ਼ 1959 ਦੇ ਦਾਇਰੇ ਤੀਕ ਸੀਮਿਤ ਕਿਉਂ ਰੱਖਦੀ ਹੈ...?? ਇਸ ਮਗਰੋਂ ਲਗਪਗ 46 ਵਰ੍ਹਿਆਂ ਦਾ ਲੰਮਾ ਵਕਫ਼ਾ ਹੈ...ਅੰਮ੍ਰਿਤਾ ਜੋ ਸਵਰਨ ਦੀ ਮਾਂ ਵੀ ਸੀ ਅਤੇ ਸਹੇਲੀ ਵੀ...ਇਸ ਸਭ ਦੇ ਬਾਵਜੂਦ ਜਿਹੜੀ ਭਾਸ਼ਾ ਸਵਰਨ ਵਰਤਦੀ ਹੈ, ਉਹ ਆਸ਼ਕ-ਮਸ਼ੂਕ ਜਿਹੇ ਹਲਕੇ ਪੱਧਰ 'ਤੇ ਵਿਚਰਦੀ ਹੈ – ਮਰ ਮਿਟਣ ਦੀ, ਆਪਾ ਵਾਰਨ ਦੀ, ਅੰਮ੍ਰਿਤਾ ਦੇ ਘਰੇਲੂ ਕੰਮ ਕਰਨ ਦੀ, ਉਹਦੇ ਲਿਖੇ ਨੂੰ ਉਲਥਾਉਣ ਦੀ, ਜਿਥੇ ਅੰਮ੍ਰਿਤਾ ਕਹੇ ਉਥੇ ਪੁੱਜਣ ਦੀ...ਅੰਮ੍ਰਿਤਾ ਦੇ ਖ਼ਤਾਂ 'ਚੋ ਵੀ ਉਸ ਲਈ ਖ਼ਾਸ ਮੋਹ ਝਲਕਦਾ ਏ..ਉਚੇਚ ਭਰਿਆ ਵਤੀਰਾ ਦੀਂਹਦਾ ਏ...

ਅੰਮ੍ਰਿਤਾ ਜੀ ਦੀ ਬਚਪਨ ਦੀ ਦੋਸਤ ਅਵਤਾਰ ਨੂੰ ਜਾਣਦੀ ਆਂ, ਜੋ ਹਰ ਵਰ੍ਹੇ ਕਨੇਡਾ ਤੋਂ ਸਿਆਲ ਦੇ ਚਾਰ ਮਹੀਨੇ ਹਿੰਦੁਸਤਾਨ ਬਿਤਾਉਣ ਆਉਂਦੀ ਹੈ। ਮੈਂ ਅੰਮ੍ਰਿਤਾ ਜੀ ਅਤੇ ਉਹਦੀ ਦੋਸਤੀ ਦੇ 20-22 ਵਰ੍ਹਿਆਂ ਦੀ ਗਵਾਹ ਹਾਂ ਅਤੇ ਰਹਿੰਦਾ ਬਾਕੀ ਦਾ ਇਹਨਾਂ ਦੋਹਾਂ ਤੋਂ ਇਕ-ਦੂਜੇ ਬਾਰੇ ਬਹੁਤ ਖ਼ੂਬਸੂਰਤ ਅਤੇ ਵਧੀਆ ਜਾਣਿਆ ਹੈ। ਅੰਮ੍ਰਿਤਾ ਪ੍ਰੀਤਮ ਦੀ ਸਵੈ-ਜੀਵਨੀ 'ਰਸੀਦੀ ਟਿਕਟ' 'ਚ ਵੀ ਇਹਦਾ ਪਿਆਰਾ ਜ਼ਿਕਰ ਆਉਂਦਾ ਹੈ ਅਤੇ ਅੰਮ੍ਰਿਤਾ ਵਲੋਂ ਅਵਤਾਰ ਨੂੰ ਲਿਖੇ ਕੁਝ ਖ਼ਤ ਵੀ ਪੜ੍ਹੇ ਹਨ। ਖ਼ੈਰ ਸੁਆਲ ਹੁਣ ਇਹ ਪੈਦਾ ਹੁੰਦਾ ਹੈ ਕਿ ਫਿਰ ਅਜਿਹਾ ਕੀ ਭਾਣਾ ਵਾਪਰਿਆ ਕਿ ਅੰਮ੍ਰਿਤਾ ਨੇ ਮੁੜ ਉਹਦਾ ਚਿਹਰਾ ਵੇਖਣਾ ਵੀ ਗਵਾਰਾ ਨਹੀਂ ਕੀਤਾ। ਅੰਮ੍ਰਿਤਾ ਨੇ ਆਪਣੀਆਂ ਕਈ ਰਚਨਾਵਾਂ ਵਿਚ ਇਸ ਦੁਖਾਵੇਂ ਰਿਸ਼ਤੇ ਦਾ ਜ਼ਿਕਰ ਕੀਤਾ ਹੈ...ਉਸਦੇ ਕਹਾਣੀ ਸੰਗ੍ਰਹਿ 'ਹੀਰੇ ਦੀ ਕਣੀ' ਵਿਚਲੀਆਂ ਕਹਾਣੀਆਂ 'ਕੇਲੇ ਦਾ ਛਿਲਕਾ' ਅਤੇ 'ਹੱਥ-ਟੋਕਾ', 'ਇਕ ਸੀ ਅਨੀਤਾ' ਨਾਵਲ ਵਿਚਲੀ ਸ਼ਾਂਤੀ ਬੀਬੀ, ਇਕ ਹੋਰ ਕਹਾਣੀ 'ਕਾਲੇ ਅੱਖਰ' ਅਤੇ 'ਪੰਜ ਵਰ੍ਹੇ ਲੰਬੀ ਸੜਕ' ਕਹਾਣੀ ਸੰਗ੍ਰਹਿ ਵਿਚਲੀ ਕਹਾਣੀ 'ਦੋ ਔਰਤਾਂ ਨੰਬਰ 5' ਦੀ ਕਿਰਦਾਰ ਮਿਸ ਵੀ ਅਤੇ ਇਹਨਾਂ ਸਭ ਤੋਂ ਉੱਤੇ ਅੰਮ੍ਰਿਤਾ ਪ੍ਰੀਤਮ ਦੀ ਸਵੈ-ਜੀਵਨੀ 'ਰਸੀਦੀ ਟਿਕਟ' ਵਿਚ ਪੰਨਾ-40 ਉੱਤੇ '1959 ਦੀ ਇਕ ਕਬਰ - ਇਕ ਭਿਆਨਕ ਪਲ' ਨਾਂ ਹੇਠ ਇਸ ਸੰਬੰਧ ਅਤੇ ਇਸ ਰਿਸ਼ਤੇ ਦੀ ਨੀਂਹ ਨੂੰ ਅੰਮ੍ਰਿਤਾ ਨੇ ਦੁੱਖਦੇ ਹੱਥਾਂ ਨਾਲ ਪੁੱਟਿਆ ਹੈ। ਇਸ਼ਾਰਿਆਂ, ਸੰਕੇਤਾਂ 'ਚ ਇਸ ਸਾਰੇ ਵਰਤਾਰੇ ਨੂੰ ਸੰਖਿਪਤ ਕਰ ਢਾਈ ਪੰਨਿਆਂ 'ਚ ਸੀਮਿਤ ਕੀਤਾ ਹੈ। (ਸ਼ਾਇਦ ਇਸ ਵਰਤਾਰੇ ਨੂੰ,

ਇਸ ਤੋਂ ਵੱਧ ਆਪਣੀ ਜ਼ਿੰਦਗੀ 'ਚ ਥਾਂ ਦੇਣਾ ਮੁਨਾਸਿਬ ਨਹੀਂ ਸਮਝਿਆ।) ਇਸ ਸਾਰੇ ਕਾਂਡ ਦਾ ਅੰਤ ਉਹ ਇਹਨਾਂ ਢਾਈ ਸਤਰਾਂ ਨਾਲ ਕਰਦੇ ਹਨ — ਇਹ 1959 ਦਾ ਉਹੀ ਪਲ ਹੈ, ਜਦੋਂ ਮੈਂ ਉਸ ਕੁੜੀ ਨੂੰ ਆਖਰੀ ਵਾਰ ਵੇਖਿਆ ਸੀ, ਤੇ ਅਸਮਾਨ 'ਤੋਂ ਇਕ ਤਾਰਾ ਟੁੱਟਦਾ ਵੇਖਿਆ ਸੀ, ਜੋ ਵਿਸ਼ਵਾਸ ਦਾ ਤਾਰਾ ਸੀ।''

ਦਰਅਸਲ ਇਹ ਰਿਸ਼ਤਾ ਜੋ ਸਤਾਰਾਂ ਵਰ੍ਹੇ ਅੰਨ੍ਹੇਵਾਹ ਤੁਰਦਾ ਰਿਹਾ, ਲਿੱਭਦਾ ਰਿਹਾ — ਇਹਦੀ ਨੀਂਹ ਹੀ ਝੂਠ ਅਤੇ ਫ਼ਰੇਬ ਉੱਤੇ ਰੱਖੀ ਗਈ ਸੀ। ਰਿਸ਼ਤੇ ਵਿਚੋਂ ਇਹ ਬੀਬੀ ਪ੍ਰੀਤਮ ਸਿੰਘ ਕਵਾਤੜਾ ਦੀ ਭਤੀਜੀ ਲਗਦੀ ਸੀ। ਅੰਮ੍ਰਿਤਾ ਦੇ ਨੇੜੇ ਆਉਣ ਲਈ ਉਹਨੇ ਆਪਣੀ ਹਾਲਤ ਤਰਸ ਵਾਲੀ ਥਾਂ ਰਖ ਅੰਮ੍ਰਿਤਾ ਦੀ ਹਮਦਰਦੀ ਵਾਲੀ ਥਾਂ ਨੂੰ ਛੋਹ ਲਿਆ। ਅੰਮ੍ਰਿਤਾ ਪ੍ਰੀਤਮ ਦੀ ਮਿਕਨਾਤੀਸੀ ਸ਼ਖ਼ਸੀਅਤ, ਖ਼ੂਬਸੂਰਤੀ, ਹੁਨਰ, ਪ੍ਰਸਿੱਧੀ, ਉਸਦੇ ਪ੍ਰਸ਼ੰਸਕਾਂ ਦੀ ਲੰਮੀ ਗਿਣਤੀ ਉਹਨੂੰ ਪੋਂਹਦੀ ਵੀ ਸੀ ਅਤੇ ਇਸ ਸਭ ਤੋਂ ਈਰਖਾ ਵੀ ਹੁੰਦੀ ਸੀ। ਉਹ ਅਕਸਰ ਖ਼ੁਦ ਨੂੰ ਅੰਮ੍ਰਿਤਾ ਜੀ ਦੀ ਥਾਂ ਤੇ ਪਹੁੰਚਿਆ ਮਹਿਸੂਸਦੀ। ਅੰਮ੍ਰਿਤਾ ਹੁਰਾਂ ਦੇ ਨੇੜੇ ਹੋਣ ਲਈ ਉਸ ਉਹਨਾਂ ਅੱਗੇ ਇਕ ਮਨਘੜਤ ਕਹਾਣੀ ਰੱਖੀ ਕਿ ਮੈਨੂੰ ਆਪਣੇ ਘਰ ਦੇ ਕਿਸੇ ਪੁਰਾਣੇ ਸੰਦੂਕ 'ਚੋਂ ਇਕ ਖ਼ਤ ਮਿਲਿਆ ਹੈ ਕਿ ਇਹ ਮੇਰੇ ਅਸਲ ਦੇ ਮਾਂ-ਬਾਪ ਨਹੀਂ ਹਨ ਮੈਂ ਤਾਂ ਇਹਨਾਂ ਨੂੰ ਇਕ ਸੜਕ ਦੇ ਕੰਢੇ ਪਈ ਹੋਈ ਲੱਭੀ ਸਾਂ...'' ਅੰਮ੍ਰਿਤਾ ਨੂੰ ਇਸ ਬੱਚੀ 'ਤੇ ਮੋਹ ਆ ਗਿਆ — ਉਦੋਂ ਅੰਮ੍ਰਿਤਾ ਦੇ ਘਰ ਕੋਈ ਆਸ-ਔਲਾਦ ਨਹੀਂ ਸੀ। ਨਾ ਕੰਦਲਾ ਦੀ ਆਮਦ ਹੋਈ ਸੀ ਅਤੇ ਨਾ ਹੀ ਸ਼ੈਲੀ (ਨਵਰਾਜ) ਹੋਇਆ ਸੀ। ਸੋ ਅੰਮ੍ਰਿਤਾ ਨੇ ਆਪਣਾ ਪੂਰਾ ਵਿਸ਼ਵਾਸ, ਮਮਤਾ ਉਸ ਉਤੇ ਉਡੇਲ ਦਿੱਤੀ। ਉਹਦੀਆਂ ਫ਼ੀਸਾਂ ਭਰਨੀਆਂ, ਕਿਤਾਬਾਂ ਲੈ ਕੇ ਦੇਣੀਆਂ, ਉਹਦੇ ਵਿਆਹ ਲਈ ਯੋਗ ਵਰ ਲੱਭਿਆ। ਆਪਣੇ ਕੀਮਤੀ ਗਹਿਣੇ, ਮੁਕਲਾਵੇ, ਫੇਰੇ ਦਾ ਦੇਣ-ਲੈਣ ਅਦਾ ਕੀਤਾ। ਜਿਥੇ ਅੰਮ੍ਰਿਤਾ ਜੀ ਨੇ ਜਾਣਾ ਹੁੰਦਾ, ਉਹ ਨਾਲ ਜਾਂਦੀ। ਕਦੇ ਉਹਨਾਂ ਦੇ ਕਹਿਣ ਤੇ, ਕਦੇ ਆਪਣਾ ਹੱਕ ਸਮਝ ਕੇ। ਹੌਲੇ-ਹੌਲੇ ਅਚੇਤ ਹੀ ਅੰਮ੍ਰਿਤਾ ਜੀ ਦਾ ਸਾਹ ਘੁੱਟਣ ਲੱਗਾ। ਇਹ ਕੁੜੀ ਪੂਰੀ ਤਰ੍ਹਾਂ ਅੰਮ੍ਰਿਤਾ ਹੁਰਾਂ ਉੱਤੇ ਆਪਣਾ ਕਬਜ਼ਾ ਚਾਹੁੰਦੀ ਸੀ। ਪੋਜ਼ੇਸਿਵ ਫ਼ਿਤਰਤ ਰਖਦੀ। ਸਵਰਨ ਦੀ ਆਪਣੀ ਕਿਤਾਬ ਵਿਚੋਂ ਹੀ ਦੋ ਜ਼ਬਰਦਸਤ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ —

''ਕੱਪੜਿਆਂ ਨੂੰ ਸੁਕੱਣੇ ਪਾਉਣ ਲਈ ਦੋ ਸੂਤਰੀ ਰੱਸੀਆਂ ਬੰਨ੍ਹੀਆਂ ਹੋਈਆਂ ਸਨ। ਇਕ ਵਾਰੀ ਸਰਦੀਆਂ ਦੀ ਦੁਪਹਿਰ ਵੇਲੇ ਪਿਛਲੇ ਵਿਹੜੇ ਵਿਚ ਮਾਮਾਂ ਨੇ ਕੱਪੜੇ ਸੁੱਕਣੇ ਪਾਏ...ਕੋਸੀ-ਕੋਸੀ ਧੁੱਪ ਚੰਗੀ ਲੱਗੀ। ਉਥੇ ਹੀ ਟਹਿਲਣ ਲੱਗ ਪਈਆਂ। ਮੇਰਾ ਧਿਆਨ ਆਹਮੋ-ਸਾਹਮਣੀਆਂ ਕੱਪੜਿਆਂ ਵਾਲੀਆਂ ਰੱਸੀਆਂ ਤੇ ਪਿਆ, ਮਾਮਾਂ ਦੀਆਂ ਦੋ ਕਮੀਜ਼ਾਂ ਦੇ ਬਿਲਕੁਲ ਸਾਹਮਣੇ ਕੰਦਲਾ ਤੇ ਸ਼ੈਲੀ ਦੇ ਕੱਪੜੇ ਸੁੱਕ ਰਹੇ ਸਨ। ਮੈਂ ਸ਼ੈਲੀ-ਕੰਦਲਾ ਦੇ ਕੱਪੜੇ ਉਥੋਂ ਹਟਾ ਕੇ ਆਪਣੇ ਪਾ ਦਿੱਤੇ। ਮਾਮਾਂ ਮੇਰੀ ਬੇਵੱਸੀ 'ਤੇ ਹੱਸ ਪਏ ਅਤੇ ਬਗ਼ੈਰ ਮੂੰਹੋਂ ਕੁਝ ਬੋਲਿਆਂ ਮੈਨੂੰ ਘੁੱਟ ਕੇ ਆਪਣੇ ਗਲ ਨਾਲ ਲਾ ਲਿਆ।

—ਪੰਨਾ-17-18

ਇਕ ਹੋਰ ਥਾਂ ਤੇ...

''ਇਕ ਵਾਰੀ ਵੈੱਸਟ ਪਟੇਲ ਨਗਰ ਵਾਲੇ ਘਰ ਵਿਚ ਸ. ਗੁਰਬਖ਼ਸ਼ ਸਿੰਘ ਜੀ ਦੀ ਬੇਟੀ ਉਰਮਿਲਾ ਆਈ। ਰਾਤੀਂ ਰੋਟੀ ਖਾਣ ਤੋਂ ਬਾਅਦ ਮਾਮਾਂ ਉਰਮਿਲਾ ਦੇ ਨਾਲ

ਲੇਟ ਗਏ।...ਇਕੱਠੀਆਂ ਬਿਤਾਈਆਂ ਘੜੀਆਂ ਦੀਆਂ ਯਾਦਾਂ ਨੂੰ ਚੇਤੇ ਕਰਦਿਆਂ ਰਾਤ ਕਾਫ਼ੀ ਮੁੱਕਣ ਤੇ ਆ ਗਈ। ਉਸੇ ਕਮਰੇ ਵਿਚ ਮਾਮਾਂ ਦੇ ਬਿਸਤਰੇ 'ਤੇ ਮੈਂ ਉੱਸਲਵੱਟੇ ਲੈਂਦੀ ਰਹੀ। ਮਾਮਾਂ ਨੇ ਸੌਣ ਲਈ ਕਮਰੇ ਦੀ ਬੱਤੀ ਬੰਦ ਕਰ ਦਿੱਤੀ। ਪਰ ਮੇਰੀਆਂ ਅੱਖੀਆਂ ਵਿਚੋਂ ਨੀਂਦਰ ਖੰਭ ਲਾ ਕੇ ਉੱਡ ਗਈ ਸੀ...ਮੀਲਾ ਅੱਖੀਆਂ ਬੰਦ ਕਰ ਕੇ ਸੌਣ ਲੱਗੀ ਸੀ। ਕੁਝ ਚਿਰ ਮਾਮਾਂ ਮੇਰੇ ਵੱਲ ਵੇਖਦੇ ਰਹੇ ਅਤੇ ਅਖੀਰ ਉਹਨਾਂ ਮੀਲਾ ਨੂੰ ਕਹਿ ਹੀ ਦਿੱਤਾ, "ਸਵਰਨ ਮੇਰੇ ਬਿਨਾਂ ਸੌਂਵੇਂਗੀ ਨਹੀਂ, ਮੈਂ ਉਹਦੇ ਕੋਲ ਜਾਂਦੀ ਆਂ।" ਅਗਲੇ ਪਲ ਅਸੀਂ ਇਕੱਠੀਆਂ ਸਾਂ। ਮੈਂ ਮਾਮਾਂ ਨੂੰ ਆਪਣੀਆਂ ਬਾਹਵਾਂ ਵਿਚ ਜਕੜ ਲਿਆ ਅਤੇ ਘੂਕ ਸੌਂ ਗਈ।

ਇਸ ਕਿਤਾਬ ਵਿਚ ਹੋਏ ਜ਼ਿਕਰਾਂ ਤੋਂ ਬਿਨਾਂ ਵੀ ਹੋਰ ਕਈ ਅਜਿਹੇ ਵਾਕਿਆਤ ਹਨ। ਅੰਮ੍ਰਿਤਾ ਪ੍ਰੀਤਮ ਨੂੰ ਜਦੋਂ ਸਾਹਿਤ ਅਕਾਦਮੀ ਸਨਮਾਨ ਮਿਲਿਆ। ਡਾਇਸ 'ਤੇ ਸਿਰਫ਼ ਇਨਾਮ ਜੇਤੂ ਲੇਖਕ ਬੈਠੇ ਸਨ ਪਰ ਸਵਰਨ ਦੇ ਜ਼ਿਦ ਕਰਨ 'ਤੇ ਅੰਮ੍ਰਿਤਾ ਹੁਰਾਂ ਨੇ ਉਹਦੇ ਲਈ ਇਕ ਕੁਰਸੀ ਮੰਗਵਾ ਕੇ ਆਪਣੇ ਨਾਲ ਲਗਵਾਈ। ਕੋਈ ਵੀ ਲੇਖਕ ਜੋ ਅੰਮ੍ਰਿਤਾ ਜੀ ਦੇ ਨੇੜੇ ਹੋਣਾ ਚਾਹੁੰਦਾ – ਇਸ ਅਸੰਭਵ ਗੱਲ ਦੀ ਪੂਰਤੀ ਲਈ ਸਵਰਨ ਪੁਲ ਜਾਪਦੀ...ਉਹ ਖ਼ੁਸ਼ ਹੁੰਦੀ ਇਹਨਾਂ ਲੇਖਕਾਂ ਦੇ ਉਹਦੇ ਅੱਗੇ ਨੀਵੇਂ ਪੈਣ 'ਤੇ, ਦਿਲ ਦੇ ਭੇਤ ਸਾਂਝੇ ਕਰਨ 'ਤੇ...ਪਰ ਕਹਿਰ ਉਦੋਂ ਵਾਪਰਿਆ ਜਦੋਂ ਅੰਮ੍ਰਿਤਾ ਦੀ ਜ਼ਿੰਦਗੀ ਵਿਚ ਚਿੱਤਰਕਾਰ ਇੰਦਰਜੀਤ/ਇਮਰੋਜ਼ ਦੀ ਆਮਦ ਹੋਈ। ਦਿਨੋ-ਦਿਨ ਅੰਮ੍ਰਿਤਾ-ਇਮਰੋਜ਼ ਦੀ ਵਧਦੀ ਨੇੜਤਾ ਤੋਂ ਸਵਰਨ ਨੂੰ ਆਪਣਾ ਸਿੰਘਾਸਣ ਡੋਲਦਾ ਜਾਪਿਆ। ਉਹ ਅੰਮ੍ਰਿਤਾ ਹੁਰਾਂ ਦਾ ਧਿਆਨ ਆਪਣੇ ਵਲ ਖਿੱਚਣ ਲਈ ਕਿਸੇ ਪੀੜ-ਤਕਲੀਫ਼ ਦਾ ਆਸਰਾ ਲੈਂਦੀ। ਫਿਰ ਹੌਲੀ-ਹੌਲੀ ਉਹਨੇ ਕਹਿਣਾ ਸ਼ੁਰੂ ਕੀਤਾ ਕਿ ਜਦੋਂ ਇੰਦਰਜੀਤ ਹੁਰੀਂ ਆਉਂਦੇ ਨੇ ਮੇਰੀਆਂ ਲੱਤਾਂ ਦੁਖਣ ਲਗਦੀਆਂ ਨੇ। ਇਹਨਾਂ ਸਭ ਗੱਲਾਂ ਦਾ ਨਤੀਜਾ ਸਿਫ਼ਰ ਰਹਿਣ 'ਤੇ ਉਸਨੇ ਅੰਮ੍ਰਿਤਾ ਨੂੰ ਝੂਠੇ ਨਾਵਾਂ 'ਤੇ ਬਲੈਕ-ਮੇਲਿੰਗ ਦੀਆਂ ਚਿੱਠੀਆਂ ਪਾਣੀਆਂ ਸ਼ੁਰੂ ਕੀਤੀਆਂ ਜਿਸ ਵਿਚ ਇਮਰੋਜ਼ ਜਾਂ ਅੰਮ੍ਰਿਤਾ ਬਾਰੇ ਕੁਫ਼ਰ ਤੋਲਿਆ ਹੁੰਦਾ। ਅੰਮ੍ਰਿਤਾ ਬਿਮਾਰ ਰਹਿਣ ਲੱਗੀ। ਇਹ ਸਭ ਉਹਦੀ ਸਮਝ ਤੋਂ ਬਾਹਰ ਸੀ। ਪਰ ਸਵਰਨ ਦੀ ਨਿੱਕੀ ਜਿਹੀ ਬਚਤ ਅਤੇ ਲਾਪਰਵਾਹੀ ਨੇ ਸਭ ਪਰਦੇ ਉਘਾੜ ਦਿੱਤੇ। ਉਸਨੇ ਇਕ ਖ਼ਤ ਆਪਣੇ ਕਿਸੇ ਵਿਦਿਆਰਥੀ ਤੋਂ ਲਿਖਵਾਇਆ। ਜਿਸ ਲਿਫ਼ਾਫ਼ੇ 'ਚ ਖ਼ਤ ਪੋਸਟ ਕੀਤਾ – ਉਸ ਉੱਤੇ ਸਿਰਨਾਵਾਂ ਖ਼ੁਦ ਲਿਖਿਆ ਪਰ ਫਿਰ ਕੱਟ ਕੇ ਦੂਜੀ ਲਿਖਾਈ 'ਚ ਲਿਖਿਆ। ਅੰਮ੍ਰਿਤਾ ਨੇ ਤਾਰ ਦੇ ਕੇ ਬੁਲਵਾ ਲਿਆ। ਪੁਲਿਸ ਧਮਕੀ ਦੇ ਕੇ ਸੱਚ ਬੋਲਣ ਨੂੰ ਕਿਹਾ ਗਿਆ ਤਾਂ ਉਹ ਸਭ ਕਬੂਲ ਕਰ ਗਈ। ਅੰਮ੍ਰਿਤਾ ਜੀ ਨੇ ਇਮਰੋਜ਼ ਨੂੰ ਸਟੇਸ਼ਨ ਤੀਕ ਜਾਣ ਦਾ ਆਟੋ ਬੁਲਾਉਣ ਨੂੰ ਕਿਹਾ ਅਤੇ ਉਹਨੂੰ ਅੱਗੋਂ ਕਦੇ ਵੀ ਉਸ ਘਰ ਵਿਚ ਨਾ ਆਉਣ ਦੀ ਤਾਕੀਦ ਕੀਤੀ ਗਈ। ਉਹ ਜੋ ਹਰ ਸਾਲ ਪੈਂਦੀਆਂ ਸਰਦੀਆਂ-ਗਰਮੀਆਂ ਦੀਆਂ ਛੁੱਟੀਆਂ ਦਿੱਲੀ, ਅੰਮ੍ਰਿਤਾ ਦੇ ਵੈਸਟ ਪਟੇਲ ਨਗਰ ਵਾਲੇ ਘਰ ਵਿਚ ਬਿਤਾਉਂਦੀ ਸੀ...ਪਿੱਛੋਂ ਅੰਮ੍ਰਿਤਾ ਜੀ ਨੂੰ ਉਸ ਕਈ ਫ਼ੋਨ ਕੀਤੇ...ਮੈਨੂੰ ਮਾਫ਼ ਕਰ ਦਿਓ। ਅੰਮ੍ਰਿਤਾ ਦੇ ਤੁਰ ਜਾਣ ਪਿੱਛੋਂ – ਇਮਰੋਜ਼ ਜੀ ਨੂੰ ਫ਼ੋਨ ਆਉਂਦੇ ਰਹੇ...ਮੈਨੂੰ ਮਾਫ਼ ਕਰ ਦਿਓ...

ਇਸ ਕਿਤਾਬ ਦੀ ਲੇਖਕਾ 26 ਫ਼ਰਵਰੀ 2008 'ਚ ਫ਼ੌਤ ਹੋ ਗਈ। ਉਸ ਮਗਰੋਂ ਪ੍ਰੋ. ਪ੍ਰੀਤਮ ਸਿੰਘ ਵੀ ਨਹੀਂ ਰਹੇ – ਕਿਤਾਬ ਦੀ ਕੇਂਦਰ ਬਿੰਦੂ ਅੰਮ੍ਰਿਤਾ ਪ੍ਰੀਤਮ ਬਹੁਤ

ਪਹਿਲਾਂ ਹੀ (31 ਅਕਤੂਬਰ 2005 ਵਿਚ) ਇਹ ਜਹਾਨ ਛੱਡ ਗਈ ਸੀ। ਚਾਹੀਦਾ ਇਹ ਸੀ ਕਿ ਉਹਨਾਂ ਹੋਰ ਕਿਤਾਬਾਂ, ਲੇਖਾਂ ਦੀ ਰੱਦੀ 'ਚ ਇਸ ਕਿਤਾਬ ਨੂੰ ਵੀ ਧੂੜ, ਸਿਊਂਕ ਦੇ ਹਵਾਲੇ ਕਰ ਦਿਆਂ ਜਿਹਨਾਂ 'ਚ ਅੰਮ੍ਰਿਤਾ ਦੇ ਜਿਊਂਦੇ-ਜੀਅ ਵੀ ਤੇ ਉਹਦੇ ਜਾਣ ਮਗਰੋਂ ਵਧੇਰੇ ਕੂੜ ਬੋਲਿਆ ਗਿਆ...ਜੇ ਇਹਨਾਂ ਬੰਦ ਫ਼ਾਇਲਾਂ ਨੂੰ ਮੁੜ ਖੋਲ੍ਹਿਆ ਗਿਆ ਤਾਂ ਕਿੰਨੇ ਹੀ ਜੁਰਮ ਸਣੇ ਸਬੂਤਾਂ ਦੇ, ਮੁਜਰਿਮਾਂ ਦੇ ਚਿਹਰਿਆਂ ਤੋਂ ਪਰਦਾ ਚੁਕਣਗੇ...ਕੋਈ ਗਲਪਕਾਰ ਤੇ ਕੋਈ ਲੋਕ-ਕਵੀ ਅੰਮ੍ਰਿਤਾ ਦੀ ਜ਼ਿੰਦਗੀ 'ਚ ਇਮਰੋਜ਼ (ਉਦੋਂ ਇੰਦਰਜੀਤ) ਦੀ ਆਮਦ ਸੁਣ ਅਫ਼ਸੋਸਿਆ ਲਹਿਜ਼ੇ 'ਚ ਸੰਵਾਦ ਰਚਾ ਰਹੇ...''ਇਹ ਕੀ ਮੁੰਡੂ ਜਿਹਾ ਚੁਣ ਲਿਆ ਸੁ। ਜੇ ਪ੍ਰੇਮੀ ਚੁਣਨਾ ਹੀ ਸੀ ਤਾਂ ਤੇਰੇ ਜਾਂ ਮੇਰੇ ਜਿਹਾ ਭਰਵਾਂ ਮਰਦ ਚੁਣਦੀ।'' ਕੋਈ ਵਕੀਲ ਕਵੀ ਜਿਸਨੇ ਸਿਰਫ਼ ਇਕ ਵੇਰ ਅੰਮ੍ਰਿਤਾ ਨੂੰ ਰੇਡੀਓ-ਸਟੇਸ਼ਨ ਤੋਂ ਘਰ ਤਕ ਦੀ ਲਿਫ਼ਟ ਦਿੱਤੀ ਸੀ ਤੇ ਹੁਣ ਉਹ ਅੰਮ੍ਰਿਤਾ 'ਤੇ ਆਪਣਾ ਪੂਰਾ ਹੱਕ ਸਮਝਣ ਲੱਗਾ। ਅੰਮ੍ਰਿਤਾ ਉਹਦੀ ਮੰਸ਼ਾ ਸਮਝ ਮੁੜ ਉਹਦੀ ਕਾਰ 'ਚ ਨਾ ਬੈਠੀ। ਉਹ ਅੰਮ੍ਰਿਤਾ ਦੇ ਖਾਵੰਦ ਸ. ਪ੍ਰੀਤਮ ਸਿੰਘ ਕਵਾਤੜਾ ਨੂੰ ਗੱਲਾਂ 'ਚ ਲੈਣ ਲੱਗਾ ਕਿ ਜੇ ਉਹ ਇਕ ਕੋਰੇ ਸਫ਼ੇ ਉੱਤੇ ਸਹੀ ਕਰ ਦੇਣ ਤਾਂ ਉਹ ਅੰਮ੍ਰਿਤਾ ਨੂੰ ਕਚਹਿਰੀਆਂ 'ਚ ਰੋਲ ਦੇਵੇਗਾ। ਇਕ ਹੋਰ ਮਨੋਵਿਗਿਆਨੀ (ਡਾਕਟਰ) ਬਾਰੇ ਗੱਲ ਕਰਦਿਆਂ ਇਮਰੋਜ਼ ਜੀ ਹੱਸਿਆ ਕਰਦੇ ਨੇ ਇਹਨੇ ਅੰਮ੍ਰਿਤਾ ਦਾ ਕੀ ਇਲਾਜ਼ ਕਰਨਾ ਸੀ ਇਹਨੂੰ ਪਹਿਲੇ ਆਪਣਾ ਇਲਾਜ ਕਰਾਉਣ ਦੀ ਲੋੜ ਏ।...ਤੇ ਫਿਰ ਉਹ ਸਤੀ ਕੁਮਾਰ ਜੋ ਕਦੇ ਅੰਮ੍ਰਿਤਾ ਹੁਰਾਂ ਦਾ ਬੇਟਾ ਹੋਣ ਦਾ ਦਮ ਭਰਦਾ ਰਿਹਾ...ਖ਼ੁਦ ਨੂੰ ਉਹਨਾਂ ਦਾ ਪ੍ਰੇਮੀ ਗਰਦਾਉਣ ਲੱਗਾ। ਹੋਰ ਵੀ ਕਈ ਵੱਡੇ-ਵੱਡੇ ਨਾਂ ਹਨ, ਜਿਹਨਾਂ ਦੀ ਢੋਲ ਦੀ ਪੋਲ ਖੋਲ੍ਹਣੀ ਖ਼ੁਦ ਨੂੰ ਹੀ ਕਮਅਕਲੀ ਲਗਦੀ ਏ...ਇਸ ਬੀਬੀ ਨੇ ਤਾਂ ਉਂਝ ਵੀ ਅੰਮ੍ਰਿਤਾ ਪ੍ਰੀਤਮ ਨਾਲ ਆਪਣੀ ਨੇੜ੍ਹਤਾ ਹੀ ਵਿਖਾਈ ਏ...ਬਸ ਚਾਲਾਕੀ ਨਾਲ, ਪਰੋਖ ਰੂਪ 'ਚ ਕਿਤੇ-ਕਿਤੇ ਅੰਮ੍ਰਿਤਾ ਕਿਰਦਾਰ ਨੂੰ ਨਿਵਿਆਂ ਦਿਤਾ ਏ...ਪਰ ਇਕ ਛਿਲਤਰ ਪੁੜਦੀ ਏ...ਪ੍ਰੋ. ਪ੍ਰੀਤਮ ਸਿੰਘ ਇਸ ਕਿਤਾਬ ਦੀ ਭੂਮਿਕਾ 'ਚ ਲਿਖਦੇ ਹਨ...''ਇਸ ਵਾਰਤਾ 'ਚ ਬੜੇ ਖੱਪੇ ਹਨ, ਜਿਹਨਾਂ ਬਾਰੇ ਮੈਂ ਫ਼ੋਨ ਉਤੇ ਗੱਲ ਕੀਤੀ। ਉਸਨੇ (ਸਵਰਨ ਨੇ) ਅਣਮੰਨੇ ਦਿਲ ਨਾਲ ਇਹ ਖੱਪੇ ਭਰਨ ਦੀ ਹਾਮੀ ਭਰੀ...ਸਵਰਨ ਨਹੀਂ ਸੀ ਚਾਹੁੰਦੀ ਕਿ ਆਪਣੀ ਮਾਂ ਦੇ ਕਿਸੇ ਵੀ ਅਜਿਹੇ ਕਿੱਸੇ ਨੂੰ ਬਿਆਨ ਕਰੇ, ਜੋ ਕਿਸੇ ਤਰ੍ਹਾਂ ਵੀ ਉਸਦੀ 'ਚਿੱਟੀ ਚਾਦਰ' ਉੱਤੇ ਦਾਗ਼ ਛੱਡ ਸਕਦਾ ਹੋਵੇ। ਉਹ ਅੰਮ੍ਰਿਤਾ ਵਲੋਂ ਬੁਰੀ ਤਰ੍ਹਾਂ ਛੇਕੀ ਹੋਈ ਸੀ, ਪਰ ਆਪਣੀ ਮਾਂ ਦੀ ਪੱਤ ਦੀ ਕੈਸੀ ਚੌਕਸ ਪਹਿਰੇਦਾਰ ਬਣੀ ਹੋਈ ਸੀ, ਕਮਾਲ ਸੀ। (ਪੰਨਾ-12) ਹਾਲਾਂਕਿ ਪੰਨਾ 11 'ਤੇ ਉਹ ਇਹ ਵੀ ਕਹਿੰਦੇ ਹਨ — ਮੈਂ ਨਹੀਂ ਸੀ ਪੁੱਛਿਆ ਕਿ ਮਾਂ ਤੇ ਧੀ ਦਾ ਸੰਘਣਾ ਨੇੜ, ਕਿਸ ਕਾਰਨ ਸਦੀਵੀ ਵਿੱਥ ਬਣ ਗਿਆ ਸੀ ?'' ਸੋ ਪ੍ਰੋ. ਪ੍ਰੀਤਮ ਸਿੰਘ ਜੀ ਇਸ ਪਿੱਠਭੂਮੀ ਵਿਚਲੀ ਕੌੜੀ ਸਚਾਈ ਤੋਂ ਵਾਕਿਫ਼ ਹੀ ਨਹੀਂ ਸਨ। ਹਕੀਕਤ ਤਾਂ ਇਹ ਹੈ ਕਿ ਸਵਰਨ ਨੇ ਅੰਮ੍ਰਿਤਾ ਪ੍ਰੀਤਮ ਨੂੰ ਇਸ ਹੱਦ ਤੀਕ ਛੇਕਿਆ ਸੀ, ਵਿਸ਼ਵਾਸ ਦੇ ਲੰਗਾਰ ਲਾਹ ਦਿੱਤੇ ਸਨ ਕਿ ਅੰਮ੍ਰਿਤਾ ਜੀ ਕਿੰਨਾ ਚਿਰ ਤਣਾਉ ਤੇ ਮਾਨਸਿਕ ਵੇਦਨਾ ਵੱਸ ਆਪਣੀ ਜਾਹ ਭੁੱਲੇ ਰਹੇ ਅਤੇ ਸਾਇਕੈਟਰਿਸਟਾਂ ਕੋਲ ਇਲਾਜ ਲਈ ਜਾਂਦੇ ਰਹੇ। ਉਹਨਾਂ ਦੀ ਪਿਆਰ ਦੀ ਚਿੱਟੀ ਚਾਦਰ ਕਾਲਖ 'ਚ ਵਟੀ ਗਈ। (ਮਗਰੋਂ ਇਹਨਾਂ ਵਿਚੋਂ ਕੁਝ ਅਨੁਭਵ 'ਕਾਲਾ ਗੁਲਾਬ' ਦੀ ਕਿਤਾਬੀ ਸੂਰਤ 'ਚ ਸ਼ਾਇਆ ਹੋਏ !)

# ਅੰਮ੍ਰਿਤਾ ਨੂੰ ਯਾਦ ਕਰਦਿਆਂ

ਮੌਤ ''ਤੇਰੀ'' ਇੱਕ ਗੱਲ ਚਿਰੋਕੀ
ਚੰਗਾ ਫੁੱਲ ਪ੍ਰਵਾਹ ਆਵਾਂ ਮੈਂ
ਲਾਸ਼ ਦਾ ਕਰਜ਼ਾ ਲਾ ਆਵਾਂ ਮੈਂ...

ਦੁਨੀਆ ਅਤੇ ਸਾਹਿਤ ਜਗਤ ਦੀ ਅੰਮ੍ਰਿਤਾ ਪ੍ਰੀਤਮ, ਇਮਰੋਜ਼ ਦੀ ਮਾਜ਼ਾ ਅਤੇ ਪਤਾ ਨਹੀਂ ਖ਼ਬਰੇ ਹੋਰ ਕਿਸ-ਕਿਸ ਦੀ, ਕੀ...ਕੀ...ਮੇਰੀ ਕਹਿਣ ਨੂੰ ਤਾਂ ਦੀਦੀ ਪਰ ਮਾਂ ਤੋਂ ਵਧ ਦਰਜ਼ਾ ਰੱਖਦੀ ਅੰਮ੍ਰਿਤਾ ਨੂੰ ਇਹ ਸੰਸਾਰ ਤੱਜਿਆਂ 5 ਕੁ ਵਰ੍ਹੇ ਹੋ ਗਏ ਹਨ। ਤਿੰਨ, ਸਾਢੇ ਤਿੰਨ ਵਰ੍ਹਿਆਂ ਦੀ ਲੰਮੀ ਸਰੀਰਕ ਤਕਲੀਫ਼ ਭੋਗ ਕੇ ਆਖ਼ਰ ਨੂੰ ਉਹ ਇਸ ਸੰਸਾਰ ਨੂੰ ਅਲਵਿਦਾ ਕਹਿ ਗਈ। ਉਸ ਦੇ ਪ੍ਰਸ਼ੰਸਕਾਂ, ਮਿੱਤਰਾਂ, ਪਾਠਕਾਂ, ਆਲੋਚਕਾਂ, ਨਿੰਦਕਾਂ ਦਾ ਇੱਕ ਲੰਮਾ ਘੇਰਾ ਉਹਦੇ ਜਾਣ ਮਗਰੋਂ ਵੀ ਨਵੀਆਂ-ਨਵੀਆਂ ਅਟਕਲਾਂ ਲਾਉਂਦਾ, ਝੂਠ-ਸੱਚ ਨੂੰ ਆਪਣੇ ਲੇਖਾਂ-ਕਵਿਤਾਵਾਂ, ਨਾਵਲਾਂ ਵਿਚ ਸਮੋਣ ਦਾ ਜਤਨ ਕਰਦਾ ਗਿਐ। ਅੰਮ੍ਰਿਤਾ ਦੇ ਜਾਣ ਮਗਰੋਂ ਤੱਤ ਘੜਤ ਹੀ ਕੁਝ ਰਸਾਲਿਆਂ ਦੇ ਵਿਸ਼ੇਸ਼ ਅੰਕ ਆਪੋ-ਆਪਣੀ ਵਿੱਤ ਮੁਤਾਬਕ ਆਪਣੇ ਸੀਮਿਤ ਵਰਕਿਆਂ ਅੰਦਰ ਉਹਦੀ ਅਸੀਮਿਤ ਸ਼ਖ਼ਸੀਅਤ ਨੂੰ ਸਮੋਣ ਦਾ ਜਤਨ ਕਰਦੇ ਰਹੇ। ਇਮਰੋਜ਼ ਅਤੇ ਮੇਰੇ ਨਾਲ ਸਾਖਿਆਤਕਾਰ, ਰੇਖਾ ਚਿੱਤਰ ਅਤੇ ਅੰਮ੍ਰਿਤਾ ਨਾਲ ਜੁੜੇ-ਅਜੁੜੇ ਲੇਖਕਾਂ ਦੇ ਸੰਸਮਰਨ-ਲੇਖ। ਇਸ ਸਾਰੇ ਸਿਲਸਿਲੇ ਮਗਰੋਂ ਇਮਰੋਜ਼ ਦੀ ਵਿਚਾਰੀ ਸ਼ਖ਼ਸੀਅਤ ਨੂੰ ਦਰਸਾਉਂਦੇ ਲੇਖ ਵੀ ਛੱਪੇ...ਜਿਹੜੇ ਲੋਕਾਂ ਦੀ ਪਹੁੰਚ ਵਿਚ ਅੰਮ੍ਰਿਤਾ ਨਹੀਂ ਸੀ, ਉਹਦੇ ਜਾਣ ਮਗਰੋਂ ਆਪਣੀ ਸਾਦਾ ਤਬੀਅਤ ਕਾਰਨ ਇਮਰੋਜ਼ ਉਹਨਾਂ ਦੀ ਰਸਾਈ 'ਚ ਹੋ ਗਏ...ਇਮਰੋਜ਼ ਦੇ ਨੇੜੇ ਆ ਉਹ ਅੰਮ੍ਰਿਤਾ ਦੇ ਨੇੜੇ ਹੋਣ ਦਾ ਲੁਤਫ਼ ਲੈਣ ਲੱਗੇ। ਪਰ ਗੱਲ ਸਿਰਫ਼ ਏਨੀ ਨਹੀਂ ਇਸ ਵਿੱਚਲੀ ਗੱਲ ਤਾਂ ਇਹ ਖੱਲਦੀ ਹੈ ਕਿ ਇਸ ਸਾਰੇ ਕਾਸੇ ਮਗਰੋਂ ਵੀ, ਅੰਮ੍ਰਿਤਾ ਦੇ ਜਾਣ ਮਗਰੋਂ ਵੀ ਉਹਨਾਂ ਦਾ ਬਣਦਾ ਉਹ ਹੱਕ ਨਾ ਮਿਲਿਆ, ਜੋ ਉਹਨਾਂ ਦੇ ਜਿਉਂਦੇ-ਜੀਅ ਈਰਖਾਲੂਆਂ, ਆਲੋਚਕਾਂ ਨੇ ਉਹਨਾਂ ਦੇ ਹਿੱਸੇ 'ਚੋਂ ਮਨਫ਼ੀ ਕਰ ਰੱਖਿਆ ਸੀ। ਉਹਨਾਂ ਦੇ ਜਾਣ ਦੇ 5 ਵਰ੍ਹੇ ਲੰਮੇ ਵਕਫ਼ੇ ਮਗਰੋਂ ਵੀ ਉਸ ਹੱਕੀ ਫ਼ਰਜ਼ ਨੂੰ ਪੂਰਨੋਂ ਅਣਗੌਲਿਆ ਜਾ ਰਿਹਾ ਹੈ...

ਅੰਮ੍ਰਿਤਾ ਦੇ ਜਾਣ ਮਗਰੋਂ ਜਿਹੜੇ ਕੁਝ ਫੌਰੀ ਪ੍ਰਤੀਕਰਮ ਸਾਹਮਣੇ ਆਏ ਸਨ — ਉਹ ਵੱਖ-ਵੱਖ ਸੰਸਥਾਵਾਂ ਵਲੋਂ ਕੀਤੀਆਂ ਸ਼ਰਧਾਂਜਲੀਆਂ, ਸੋਗ ਸਭਾਵਾਂ ਅਤੇ ਸੈਮੀਨਾਰਾਂ ਦੀ ਸੂਰਤ ਵਿਚ ਸਨ, ਜਿਹਨਾਂ ਦੀ ਅੰਮ੍ਰਿਤਾ ਦੇ ਜੀਵਨ ਵਿਚ ਨਾ ਕੋਈ ਥਾਂ

ਸੀ, ਨਾ ਅਹਿਮੀਅਤ ਅਤੇ ਨਾ ਹੀ ਇਸ ਸਭ ਨੂੰ ਲੈ ਕੇ ਕੋਈ ਇਤਕਾਦ ਸੀ। ਨਾ ਉਸਨੇ ਆਪਣੀ ਕਿਸੇ ਕਿਤਾਬ ਦਾ ਰਿਲੀਜ਼ ਸਮਾਰੋਹ ਆਯੋਜਿਤ ਕਰਵਾਇਆ, ਨਾ ਆਪਣੀ ਕਿਸੇ ਕਿਤਾਬ ਦੀ ਸਮੀਖਿਆ ਚਾਹੀ ਅਤੇ ਨਾ ਹੀ ਉਸ ਉੱਤੇ ਲੇਖਕਾਂ, ਵਿਦਵਾਨ ਆਲੋਚਕਾਂ ਤੋਂ ਪਰਚੇ ਲਿਖਵਾਏ। ਨਾ ਉਸਦੀ ਕਿਸੇ ਭੀੜ ਨਾਲ ਹੀ ਜੁੜਨ ਦੀ ਕੋਈ ਖ਼ਾਹਿਸ਼ ਸੀ...ਤਾਂ ਹੀ ਤਾਂ ਉਹਦੀ ਆਖ਼ਰੀ ਇੱਛਾ ਨੂੰ ਮੱਦੇ ਨਜ਼ਰ ਰੱਖਦਿਆ ਉਹਦੀ ਮੌਤ ਦੀਆਂ ਰਸਮਾਂ ਵੀ ਘਰ ਦੇ 8-10 ਲੋਕਾਂ ਦੀ ਹਾਜ਼ਰੀ ਵਿਚ ਹੀ ਪੂਰਨ ਹੋਈਆਂ। ਇਮਰੋਜ਼ ਵਲੋਂ ਸਿਰਫ਼ ਚਾਰ-ਪੰਜ ਲੋਕਾਂ ਨੂੰ ਫ਼ੋਨ ਉੱਤੇ ਖ਼ਬਰ ਦਿੱਤੀ ਗਈ, ਜਿਹਨਾਂ 'ਚ ਗੁਆਂਢਣ ਡਾ. ਰੇਨੁਕਾ ਸਿੰਘ (ਭਾਪਾ ਪ੍ਰੀਤਮ ਸਿੰਘ ਦੀ ਬੇਟੀ), ਚਰਨਜੀਤ ਚੰਨ (ਪ੍ਰਕਾਸ਼ਕ) ਅਮੀਆ ਕੁੰਵਰ, ਅਸਮਾ ਸਲੀਮ ਤੇ ਊਮਾ ਸਨ....ਹੌਲੀ-ਹੌਲੀ ਇਹ ਖ਼ਬਰ ਕੁਝ ਹੋਰ ਲੋਕਾਂ ਤਕ ਕਿਸੇ ਨਾ ਕਿਸੇ ਰਾਹੀਂ ਪਹੁੰਚ ਗਈ — ਅਜੀਤ ਕੌਰ, ਅਰਪਨਾ ਉੱਥੇ ਪੁੱਜ ਗਈਆਂ। ਮੁੰਨਾ, ਉਸਦੀ ਮੰਮੀ, (ਪੂਨਮ ਪ੍ਰੀਤਲੜੀ ਦੀ ਭੈਣ ਅਤੇ ਮਾਂ) ਡਾ. ਮੋਹਨਜੀਤ, ਡਾ. ਰਵੇਲ ਸਿੰਘ ਅਤੇ ਊਮਾ ਤ੍ਰਿਲੋਕ ਸਿਧੇ ਸ਼ਮਸ਼ਾਨ ਘਾਟ (ਗ੍ਰੀਨ ਪਾਰਕ) ਪਹੁੰਚ ਹਾਜ਼ਰੀ ਭਰ ਰਹੇ...

ਇਸ ਸਭ ਕੁਝ ਮਗਰੋਂ ਯਾਦਾਂ ਦਾ ਇਕ ਕਾਫ਼ਲਾ ਬੱਝ ਗਿਆ — ਜਿਸਨੂੰ ਅਕਸਰ ਇਮਰੋਜ਼, ਅਲਕਾ, ਅਮੀਆ ਰੱਲ-ਮਿਲ ਸਾਂਝਾ ਕਰਦੇ — ਕਦੇ ਛੱਤ 'ਤੇ ਧੁੱਪ ਸੇਕਦਿਆਂ —ਜਿਵੇਂ ਕਦੇ ਅੰਮ੍ਰਿਤਾ ਨਾਲ ਬੈਠਕੇ ਸੇਕਿਆ ਕਰਦੇ ਸਨ...ਫਿਰ ਗਿਆਨੋਦਯ ਅਤੇ ਕੁਝ ਹੋਰ ਹਿੰਦੀ ਰਸਾਲਿਆਂ ਵਲੋਂ ਤੇ ਕੁਝ ਨਿਜੀ ਵੀਡੀਓ ਫ਼ਿਲਮਾਂ ਬਣਾਉਣ ਵਾਲਿਆਂ ਵਲੋਂ ਅੰਮ੍ਰਿਤਾ ਨੂੰ ਯਾਦ ਕੀਤਾ ਜਾਣ ਲੱਗਾ...

ਸ਼ੁਰੂ-ਸ਼ੁਰੂ ਵਿਚ ਤਾਂ ਇਹੀ ਲੱਗਿਆ ਹਰ ਕੋਈ ਕਾਹਲਾ ਹੈ, ਚਾਹਵਾਨ ਹੈ — ਅੰਮ੍ਰਿਤਾ ਦੇ ਨਾਂ ਦੀ ਚੇਅਰ ਸਥਾਪਤ ਕਰਨ, ਉਹਦੇ ਨਾਂ ਦਾ ਭਵਨ ਬਣਾਉਣ, ਲਾਇਬ੍ਰੇਰੀ ਉਸਾਰਨ, ਅੰਮ੍ਰਿਤਾ ਅਵਾਰਡ ਸ਼ੁਰੂ ਕਰਨ ਦੇ...ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਇਸਦਾ ਆਗਾਜ਼ ਹੋਇਆ। ਉਸ ਵੇਲੇ ਦੇ ਉਪ ਕੁਲਪਤੀ ਡਾ. ਐਸ. ਪੀ. ਸਿੰਘ ਆਪਣੇ ਨਾਲ ਉਥੋਂ ਦੇ ਕੁਝ ਪਤਵੰਤੇ ਕੇ-ਪੱਚੀ ਹੌਜ਼ ਖ਼ਾਸ, ਅੰਮ੍ਰਿਤਾ ਦੇ ਗ੍ਰਹਿ ਵਿੱਖੇ ਆਏ। ਇਮਰੋਜ਼ ਜੀ ਵਲੋਂ ਖ਼ਬਰ ਅਤੇ ਸੱਦਾ ਮਿਲਣ ਤੇ ਮੈਂ ਵੀ ਉੱਥੇ ਪਹੁੰਚ ਗਈ। ਲੰਮੀਆਂ ਯੋਜਨਾਵਾਂ ਬਣੀਆਂ — ਅੰਮ੍ਰਿਤਾ ਦੀਆਂ ਆਦਮਕਦ ਤਸਵੀਰਾਂ, ਕਿਤਾਬਾਂ, ਇਮਰੋਜ਼ ਦੀਆਂ ਪੇਂਟਿੰਗਸ, ਕਿਵੇਂ ਅਤੇ ਕਦੋਂ ਅੰਮ੍ਰਿਤਸਰ ਲਿਜਾਣੀਆਂ ਹਨ... ਉਹਨੀਂ ਦਿਨੀਂ ਸੁਰਜੀਤ ਪਾਤਰ ਦਾ ਵੀ ਇਹ ਜਾਣਕਾਰੀ ਮਿਲਣ ਤੇ ਖ਼ੁਸ਼ੀ ਪ੍ਰਗਟਾਉਂਦਾ ਖ਼ਤ 6 ਫ਼ਰਵਰੀ 2006 ਨੂੰ ਇਮਰੋਜ਼ ਹੁਰਾਂ ਨੂੰ ਮਿਲਿਆ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਆਏ ਪ੍ਰਤਿਨਿਧੀਆਂ ਦੀ ਫ਼ਰਮਾਇਸ਼ ਅਤੇ ਇੱਛਾ ਮੁਤਾਬਕ ਇਮਰੋਜ਼ ਜੀ ਅੰਮ੍ਰਿਤਾ ਦੇ ਦੁਰਲੱਭ ਚਿੱਤਰਾਂ ਨਾਲ ਉਹਨਾਂ ਦੀਆਂ ਲਿਖਤਾਂ ਲਗਾ ਕੇ ਫ਼ਰੇਮ ਕਰਾਉਣ ਲਗੇ। ਇਉਂ ਉਹਨਾਂ ਦਾ ਸਮਾਂ, ਪੈਸਾ, ਧਿਆਨ ਸਭ ਇਸੇ ਕਾਰੇ ਦੇ ਲੇਖੇ ਲਗਣ ਲੱਗਾ। ਰੋਜ਼ ਨਵੀਆਂ ਸੋਚਾਂ, ਨਵੇਂ ਵਿਚਾਰ, ਨਵੇਂ ਫ਼ੈਸਲੇ ਹੁੰਦੇ... ਬਾਅਦ ਵਿਚ ਚਾਹੇ ਅੰਮ੍ਰਿਤਾ ਚੇਅਰ ਸਥਾਪਤ ਹੋਣ ਅਤੇ ਮਿਊਜ਼ੀਅਮ ਬਣਾਉਣ ਦੀ ਸਕੀਮ ਕਿਵੇਂ ਅਤੇ ਕਿਉਂ ਢਿੱਲੀ ਪੈ ਗਈ ? ਇਸ ਵਰਤਾਰੇ ਪਿੱਛੇ ਕਿਹੜੇ ਕਾਰਨ ਜਾਂ ਸਾਜ਼ਿਸ਼ਾਂ ਕੰਮ ਕਰ ਰਹੀਆਂ ਸਨ, ਇਹਨਾਂ ਬਾਰੇ ਠੀਕ-ਠੀਕ ਤਾਂ

ਨਹੀਂ ਕਿਆ ਸਿਆ ਜਾ ਸਕਦਾ...ਕਿਸੇ ਇੱਕਲੇ ਦੇ ਮਨ ਅੰਦਰ ਝਾਤ ਪਾਉਣੀ ਹੀ ਔਖਾ ਕਾਰਜ ਹੈ ਤਾਂ ਫਿਰ ਇਕ ਜੁੱਟ ਜਾਂ ਸੰਸਥਾ ਵਿਚ ਝਾਕਣਾ ਤਾਂ ਬੀਹੜਾਂ 'ਚੋਂ ਲੰਘਣ ਦੇ ਤੁੱਲ ਹੈ...ਸਿਰਫ਼ ਕੁਝ-ਕੁ ਦ੍ਰਿਸ਼-ਬਿੰਬ ਅੱਖਾਂ ਅੱਗੋਂ ਲੰਘਦੇ ਹਨ...ਜਦੋਂ ਇਹ ਸਭ ਚਲ ਰਿਹਾ ਸੀ — ਉਸੇ ਦੌਰਾਨ ਪੰਜਾਬੀ ਯੂਨੀਵਰਸਿਟੀ (ਪਟਿਆਲਾ) ਦਾ ਦਖ਼ਲ ਸ਼ੁਰੂ ਹੋ ਗਿਆ...ਜਿਹਦੇ ਨਾਲ ਦਿੱਲੀ ਦੇ ਕੁਝ ਸ਼ਿਰੋਮਣੀ ਲੇਖਕ, ਪਤਵੰਤੇ ਵੀ ਸ਼ਰੀਕ ਹੋ ਗਏ। ਉਹਨਾਂ ਦੀ ਦਲੀਲ ਸੀ ਕਿ ਅੱਗੇ ਗੁਰੂ ਨਾਨਕ ਯੂਨੀਵਰਸਿਟੀ ਵਾਲਿਆਂ ਨੂੰ ਅੰਮ੍ਰਿਤਾ ਦੇ ਜਿਊਂਦੇ-ਜੀਅ ਸਨਮਾਨ ਦੇਣ ਦਾ ਖ਼ਿਆਲ ਤਕ ਨਹੀਂ ਆਇਆ। ਸਾਡੇ ਵਲੋਂ ਤਾਂ ਉਹ ਕਈ ਵੇਰ ਸਨਮਾਨੀ ਜਾ ਚੁੱਕੀ ਹੈ...ਤੇ ਹੁਣ ਉਹ ਕਿਵੇਂ ਪਹਿਲ ਕਰ, ਸਾਥੋਂ ਬਾਜ਼ੀ ਲੈ ਜਾਣਗੇ।

ਇਸ ਸਾਰੇ ਕਾਸੇ ਵਿਚ ਕਈਆਂ ਨੇ ਵਿਚੋਲਗਿਰੀ ਕੀਤੀ...ਕਿਸੇ ਨੇ ਇਹ ਵੀ ਸੁਣਿਆ (ਫ਼ੋਨ ਦੇ ਦੂਜੇ ਪਾਸੇ ਕੌਣ ਸੀ — ਇਹ ਤਾਂ ਨਹੀਂ ਪਤਾ...ਪਰ) ਫ਼ਲਾਣਾ ਬੰਦਾ ਕਹਿ ਰਿਹਾ ਸੀ — ਇਮਰੋਜ਼ ਤਾਂ ਮੰਨ ਜਾਏ (ਇਸ ਸਭ ਤੋਂ ਪੱਲਾ ਝਾੜਨ ਲਈ) ਉਹ ਕੁੜੀ ਜਾਨੀ ਕਿ ਅਦਨਾ ਜਿਹਾ ਰੁਤਬਾ ਰਖਦੀ ਅਮੀਆ ਕੁੰਵਰ ਇਸ ਸਾਰੇ ਸਿਲਸਿਲੇ ਵਿਚ ਅੜਿੰਗੀ ਪਾਈ ਬੈਠੀ ਹੈ...ਸੋ ਮੈਂ ਬੇਵਜ੍ਹਾ ਹੀ ਇਸ ਸਭ ਵਿਚ ਦਾਖ਼ਲ ਹੋ ਗਈ...

ਖ਼ੈਰ ਜਦੋਂ ਦੋ ਸਾਨ੍ਹਾਂ ਦਾ ਭੇੜ ਹੋਵੇ ਤਾਂ ਬਾਕੀ ਸਭ ਆਮੁਹਾਰੇ ਹੀ ਤਿੱਤਰ-ਬਿੱਤਰ ਹੋ ਜਾਂਦੇ ਹਨ। ਆਖ਼ਰ ਆਪਣੇ ਆਪੇ ਤੋਂ ਵੱਧ ਕਿਸੇ ਨੂੰ ਹੋਰ ਕਿਸੇ ਨਾਲ ਕਿਵੇਂ ਪਿਆਰ ਹੋ ਸਕਦੈ ਜਾਂ ਕਿਵੇਂ ਆਪਣੇ ਤੋਂ ਉੱਤੇ ਕਿਸੇ ਹੋਰ ਨੂੰ ਤਰਜੀਹ ਦਿੱਤੀ ਜਾ ਸਕਦੀ ਹੈ — ਇਸ ਨਾਲ ਕੀ ਫ਼ਰਕ ਪੈਂਦਾ ਹੈ ਕਿ ਭਾਵੇਂ ਉਹ ਅੰਮ੍ਰਿਤਾ ਜਿਹਾ ਉੱਚ ਕਿਰਦਾਰ ਰਖਦੀ ਸ਼ਖ਼ਸੀਅਤ ਹੀ ਕਿਉਂ ਨਾ ਹੋਵੇ...ਹੁਣ ਤਾਂ ਸਗੋਂ ਹਰ ਕਿਸੇ ਨੂੰ ਆਪੋ-ਆਪਣੀ ਸੱਤਾ ਦਰਸਾਉਣ ਦਾ ਮੌਕਾ ਬਣ ਗਿਆ।

ਅਚਨਚੇਤ ਦੋਹਾਂ ਪਾਸਿਓਂ ਕੁਝ ਚਿਰ ਸੀਤ ਯੁੱਧ ਚਲਿਆ। ਦੋਸਤੋ, ਤੁਸੀ ਸੋਚੋਗੇ ਇਹ ਸੀਤ ਯੁੱਧ ਸਾਨ੍ਹਾਂ ਵਿਚ ਕਿਵੇਂ ਤੇ ਕਿੰਜ ਸੰਭਵ ਹੈ — ਦਰਅਸਲ ਮੈਂ ਬੇਸਮਝੇ, ਮੂਕ ਜਾਨਵਰਾਂ ਦੀ ਗੱਲ ਨਹੀਂ ਕਰ ਰਹੀ — ਵਿਚਲੀ ਗੱਲ ਤਾਂ ਸਾਹਿਤਕ ਅਖਾੜੇ (ਪਿੜ) ਵਿਚ ਲੱਥੀਆਂ ਬੁੱਧੀਜੀਵੀ ਤਾਕਤਾਂ ਦੇ ਭੇੜ ਦੀ ਹੈ। ਮੁੱਕਦੀ ਗੱਲ ਇਹ ਬਣੀ ਕਿ ਆਖ਼ਰ ਇਸ ਸੀਤ ਯੁੱਧ ਦਾ ਜਿਵੇਂ ਚਾਣ-ਚੱਕ ਮੁੱਢ ਬੱਝਿਆ ਸੀ, ਉਵੇਂ ਹੀ ਇਹਦਾ ਚੁਪਚਾਈਂ ਅੰਤ ਵੀ ਹੋ ਗਿਆ — ਫਿਰ ਪਸਰ ਗਈ ਇੱਕ ਲੰਮੀ ਸਾਜਿਸ਼ੀ ਖ਼ਾਮੋਸ਼ੀ...ਕੋਈ ਉੱਘ-ਸੁੱਘ ਨਹੀਂ, ਕੋਈ ਹਲਚਲ ਨਹੀਂ...ਸਿਰਫ਼ ਕਦੇ-ਕਦਾਈਂ ਕੁਝ ਸੰਵੇਦਨਸ਼ੀਲ ਚਿੱਠੀਆਂ ਖ਼ੂਬਸੂਰਤ ਭਾਵਾਂ ਨੂੰ ਸਮੋਏ ਆਈਆਂ, ਜਿਹਨਾਂ 'ਚੋਂ ਮੁੱਖ ਸਨ — ਸੁਰਜੀਤ ਪਾਤਰ, ਕਮਲੇਸ਼ਵਰ, ਗਗਨ ਗਿੱਲ, ਨਿਰੰਜਨ ਨੂਰ, ਕਿਤਾਬ ਘਰ ਪ੍ਰਕਾਸ਼ਨ ਦੇ ਮਾਲਕ ਦੀ, ਦਲੀਪ ਕੌਰ ਟਿਵਾਣਾ, ਅਤੇ ਕੁਝ ਪ੍ਰਸ਼ੰਸਕਾਂ ਦੀਆਂ...

ਨਿੱਕੇ-ਵੱਡੇ ਲੇਖਕਾਂ ਨੂੰ ਵਰ੍ਹੇ ਦਰ ਵਰ੍ਹੇ ਯਾਦ ਕੀਤਾ ਜਾਂਦੈ ਪਰ ਅੰਮ੍ਰਿਤਾ ਪ੍ਰੀਤਮ ਦੇ ਜਨਮਦਿਨ, ਮੌਤ ਦਿਹਾੜੇ ਉੱਤੇ ਖ਼ਾਨਾਪੂਰਤੀ ਕਰਦਾ, ਕਦੇ ਕਿਸੇ ਅਖ਼ਬਾਰ ਵਿਚ ਇੱਕ-ਅੱਧ ਲੇਖ ਛੱਪ ਜਾਂਦਾ ਹੈ ਅਤੇ ਇਸੇ ਵਿਚ ਉਸ ਮਹਾਨ ਲੇਖਕਾ ਦੀ ਯਾਦ ਦੀ ਇਤੀ-ਸ੍ਰੀ ਮੰਨ ਲਈ ਜਾਂਦੀ ਹੈ। ਅੰਮ੍ਰਿਤਾ ਦਾ ਇਕ ਪਾਠਕ ਪ੍ਰਸ਼ੰਸਕ ਰਵਿੰਦਰ ਨੰਦਾ

(ਪਾਲਿਕਾ ਸਮਾਚਾਰ) ਅਕਸਰ ਇਹਨਾਂ ਥਿੱਤ-ਵਾਰਾਂ ਉੱਤੇ ਫ਼ੋਨ ਕਰਦੈ — ''ਅਮੀਆ ਜੀ, ਕਿਸੇ ਅਖ਼ਬਾਰ, ਮੈਗਜ਼ੀਨ 'ਚ ਕੁਝ ਆਇਐ— ਮੈਂ ਵੀ ਪਤਾ ਕਰਦਾ ਹਾਂ — ਜੇ ਤੁਹਾਨੂੰ ਕਿਤਿਓਂ ਪਤਾ ਚਲੇ ਤਾਂ ਦੱਸਣਾ...ਹਾਂ ਐਤਕੀ (31 ਅਗਸਤ 2010) ਅੰਮ੍ਰਿਤਾ ਦੇ ਜਨਮਦਿਨ 'ਤੇ ਟੀ.ਵੀ. ਉਤੇ ਜੀ. ਚੈਨਲ ਵਾਲਿਆਂ ਨੇ ਇਮਰੋਜ਼ ਅਤੇ ਮੇਰਾ ਇੱਕ ਰਸਮੀ ਇੰਟਰਵਿਊ ਲੈ, ਉਹਨੂੰ ਯਾਦ ਕਰਨ/ਦਿਵਾਉਣ ਦਾ ਉਪਰਾਲਾ ਜ਼ਰੂਰ ਕੀਤਾ ਹੈ।

...ਹਾਂ, ਕੁਝ ਯੂਨੀਵਰਸਿਟੀਆਂ, ਸੰਸਥਾਵਾਂ-ਚੰਡੀਗੜ੍ਹ ਪਟਿਆਲਾ, ਕੁਰਕਸ਼ੇਤਰ, ਅੰਮ੍ਰਿਤਸਰ ਆਦਿ ਨੇ ਇਮਰੋਜ਼ ਨੂੰ ਬੁਲਾ ਕੇ ਉਸ ਨਾਲ ਰੂ-ਬ-ਰੂ ਕਰਵਾ, ਸਨਮਾਨਿਤ ਕਰ ਮਤਾਬੀ ਨੂੰ ਥਾਲ ਤਿੜ-ਤਿੜ ਜਿਹੀ ਧੁਨੀ ਜ਼ਰੂਰ ਪੈਦਾ ਕੀਤੀ ਹੈ — ਪਤਾ ਚਲਿਐ ਪਾਲ ਕੌਰ ਨੇ ਅਖਿਲ ਭਾਰਤੀ ਕਵਿੱਤਰੀ ਸੰਮੇਲਨ ਦੇ ਮੌਕੇ 'ਤੇ (ਹਰ ਸਾਲ) ਕਿਸੇ ਲੇਖਕ ਨੂੰ ਅੰਮ੍ਰਿਤਾ ਪ੍ਰੀਤਮ ਯਾਦਗਾਰੀ ਐਵਾਰਡ ਦੇਣ ਦਾ ਐਲਾਨ ਕੀਤਾ ਹੈ।

ਰੱਬ ਚਾਹਿਆ ਤਾਂ ਦੇਰ-ਸਵੇਰ ਅੰਮ੍ਰਿਤਾ ਦਾ ਵਾਜਬ ਮੁੱਲ ਅਵੱਸ਼ ਪਾਇਆ ਜਾਏਗਾ।

# ਕੁਝ ਖ਼ਤ/ਪ੍ਰਤੀਕਰਮ (ਅੱਖਰ ਦੇ ਬਹਾਨੇ)

ਇਮਰੋਜ਼ ਹੁਰਾਂ ਨੂੰ ਤੁਹਾਡਾ 'ਅੱਖਰ' ਨਹੀਂ ਮਿਲਿਆ। ਹਾਲੇ ਮੈਂ ਆਪਣੇ ਵਾਲਾ 'ਅੱਖਰ' ਉਹਨਾਂ ਨੂੰ ਦੇ ਕੇ ਆਈ ਹਾਂ। ਇਹਨਾਂ ਕਵਿਤਾਵਾਂ ਦੇ ਛਪਣ 'ਤੇ ਬੜਾ ਸਹਿਜ ਜਿਹਾ ਪ੍ਰਤੀਕਰਮ ਸੀ ਉਹਨਾਂ ਦਾ। ਹਲਕਾ ਜਿਹੇ ਦੁੱਖ, ਪੀੜਾ ਦਾ, ਵਿਚਾਰਗੀ ਦਾ ਅਹਿਸਾਸ ਸੀ, ਉਹਨਾਂ ਦੀ ਆਵਾਜ਼ ਵਿਚ। ਕਹਿਣ ਲੱਗੇ – ਅਮੀਆ, ਜਦੋਂ ਅੰਮ੍ਰਿਤਾ ਨੇ 'ਸੁਨੇਹੜੇ' ਲਿਖੇ, ਜਿਹੜੇ ਕਿ ਹੁਣ ਜਗ-ਜ਼ਾਹਿਰ ਏ, ਇਹ ਉਹਨੇ ਸਾਹਿਰ (ਲੁਧਿਆਣਵੀ) 'ਤੇ ਲਿਖੇ ਸਨ, ਪਰ ਉਹਦਾ ਸਾਹਿਰ ਵੀ ਇਸ ਤੋਂ ਅਨਜਾਣ ਸੀ...ਜਦੋਂ ਇਸੇ 'ਸੁਨੇਹੜੇ' 'ਤੇ ਅੰਮ੍ਰਿਤਾ ਨੂੰ ਸਾਹਿਤ ਅਕਾਦਮੀ ਦਾ ਅਵਾਰਡ ਮਿਲਿਆ ਤਾਂ ਅੰਮ੍ਰਿਤਾ ਤੋਂ ਇਸਦਾ ਦਰਦ ਜਰਿਆ ਨਹੀਂ ਜਾਂਦਾ ਸੀ ਕਿ ਜਿਸ ਲਈ ਇਹ ਸੁਨੇਹੜੇ ਲਿਖੇ, ਜਦ ਉਹਨੇ ਨਹੀਂ ਪੜ੍ਹੇ ਤਾਂ ਹੁਣ ਭਾਵੇਂ ਪੂਰੀ ਦੁਨੀਆ ਪੜ੍ਹੇ... ਇਹ ਦੱਸਦਿਆਂ ਅੱਜ ਇਮਰੋਜ਼ ਦੀ ਆਵਾਜ਼ ਵੀ ਸੁੱਕੇ ਅੱਥਰੂਆਂ ਨਾਲ ਭਿੱਜੀ ਹੋਈ ਸੀ। ਵੇਖ, ਅੰਮ੍ਰਿਤਾ ਹੁਣ ਕਿਸੇ ਕਿਤਾਬ, ਕਿਸੇ ਕਵਿਤਾ ਜਾਂ ਲਿਖਤ ਦੀ ਕੋਈ ਗੱਲ ਨਹੀਂ ਕਰਦੀ...ਸਿਰਫ਼ ਸਾਡੀ ਮੌਜੂਦਗੀ ਆਪਣੇ ਨੇੜੇ ਚਾਹੁੰਦੀ ਏ...ਇਸ ਲਈ ਈਮਾ ਜਾਂ ਅਲਕਾ ਦੀ ਮੁਹਾਰਨੀ ਰਟਦੀ ਰਹਿੰਦੀ ਏ (ਤੇ ਜੇ ਕਦੀ ਮੈਂ ਜ਼ਿਆਦਾ ਦੇਰ ਰਹਿ ਜਾਵਾਂ ਜਾਂ ਇਕ ਅੱਧ ਰਾਤ ਉਥੇ ਬਿਤਾਈ ਤਾਂ ਉਹ ਖੁਸ਼ਨਸੀਬ ਮੈਂ ਵੀ ਹੋ ਗਈ। ਅਮੀਆ, ਅਮਰਜੀਤ, ਮੇਰੇ ਨੇੜੇ ਬੈਠ, ਮੈਨੂੰ ਘੁੱਟ, ਇਹ ਕੀ ਚਵ੍ਹੀ ਘੰਟੇ ਪੜ੍ਹਦੀ ਰਹਿੰਦੀ ਏਂ, ਅੱਕਦੀ ਨਹੀਂ, ਮੇਰੀ ਕਵਿਤਾ 'ਆਵਾਜ਼ਾਂ' ਦੇ ਘੇਰੇ ਇਸੇ ਅਨੁਭਵ 'ਚੋਂ ਆਈ ਏ।) ਹੁਣ ਮੈਂ ਉਹਨੂੰ ਜਬਰਦਸਤੀ ਤਾਂ ਕਵਿਤਾ ਸੁਣਾ ਨਹੀਂ ਸਕਦਾ। ਕਦੇ ਮੈਂ ਉਹਦੀ ਕਵਿਤਾ ਦਾ ਸਭ ਤੋਂ ਪਹਿਲਾ ਸ੍ਰੋਤਾ ਹੁੰਦਾ ਸਾਂ (ਪਿਛਲੇ 15-16 ਸਾਲ ਤੋਂ ਉਹਦੀ ਦੂਜੀ ਸ੍ਰੋਤਾ ਮੈਂ ਹੋ ਗਈ ਹਾਂ।) ਅਤੇ ਹੁਣ ਉਹਨੂੰ ਮੇਰੇ ਕਵੀ ਹੋ ਜਾਣ ਦਾ ਪਤਾ ਹੀ ਨਹੀਂ ! ਉਹ ਜਾਣਦੀ ਹੀ ਨਹੀਂ ਕਿ ਮੈਂ ਵੀ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਹੈ।

ਖ਼ੈਰ, ਖ਼ਤ ਲੰਮਾ ਹੋ ਗਿਆ ਤੁਸਾਂ ਮੇਰੇ ਤੋਂ ਅੰਮ੍ਰਿਤਾ ਜੀ ਦੀ ਅਣਛਪੀ ਕਵਿਤਾ ਦੀ ਮੰਗ ਕੀਤੀ ਏ। ਉਹਨਾਂ ਦੀ ਕੋਈ ਵੀ ਕਵਿਤਾ ਅਜਿਹੀ ਨਹੀਂ, ਜੋ ਛਪਣੋਂ ਰਹਿ ਗਈ ਹੋਵੇ (ਮੇਰੀ ਜਾਣਕਾਰੀ ਮੁਤਾਬਕ)। ਦਰਅਸਲ ਤਵਾਰੀਖੀ ਲੇਖਕਾਂ ਦਾ ਇਕ-ਇਕ ਸ਼ਬਦ ਸਾਂਭਣ ਦਾ ਉਪਰਾਲਾ ਕੀਤਾ ਜਾਂਦਾ ਹੈ, ਉਹਨਾਂ ਦੇ ਲਗਦਿਆਂ, ਪ੍ਰਸੰਸਕਾਂ, ਮਿੱਤਰਾਂ ਅਤੇ ਪ੍ਰਕਾਸ਼ਕਾਂ ਵੱਲੋਂ। ਅੰਮ੍ਰਿਤਾ ਪ੍ਰੀਤਮ ਦੀ 'ਮੈਂ ਤੈਨੂੰ ਫੇਰ ਮਿਲਾਂਗੀ' ਰਚਨਾ ਇਸੇ ਦਾ ਸਿੱਟਾ ਹੈ। 'ਮੈਂ ਤੈਨੂੰ ਫੇਰ ਮਿਲਾਂਗੀ' ਵਿਚ ਅੰਮ੍ਰਿਤਾ ਦੀਆਂ ਅੰਤਲੀਆਂ ਕਵਿਤਾਵਾਂ ਜੋ ਕਿ ਸੰਨ 2002 ਵਿਚ ਲਿਖੀਆਂ ਤੇ ਉਹ ਘੱਟ ਹੋਣ ਕਾਰਨ ਉਹਨਾਂ ਨਾਲ

ਉਹਨਾਂ ਦਿਨਾਂ ਵਿਚ ਅੰਤਲੇ ਦਿਨ ਨੇੜੇ ਆਉਣ ਦੇ ਅਹਿਸਾਸ ਨਾਲ ਜੁੜੇ ਸੁਪਨੇ ਹਨ। ਇਸ ਕਿਤਾਬ ਨੂੰ ਪੂਰਿਆਂ ਕਰਨ ਲਈ ਇਮਰੋਜ਼ ਜੀ ਦੇ ਚਿੱਤਰਾਂ ਦੀ ਮਦਦ ਲਈ ਗਈ ਹੈ। ਸੰਨ 2004 ਵਿਚ ਇਹ ਸ਼ਾਇਆ ਹੋਈ ਤੇ ਇਸਦਾ ਹਿੰਦੀ ਅਨੁਵਾਦ, ਜੋ ਮੈਂ ਕੀਤਾ ਹੈ, 2005 ਵਿਚ ਛੱਪ ਕੇ ਆਇਆ ਹੈ। ਇਸ ਵਿਚਲੀ ਇਕ ਕਵਿਤਾ ਤੇ ਇਕ ਸੁਪਨਾ ਤੁਹਾਨੂੰ ਭੇਜ ਰਹੀ ਹਾਂ। ਇਸ ਪੁਸਤਕ ਵਿਚਲੀਆਂ ਕਵਿਤਾਵਾਂ ਵਿਚ ਰਹਿ ਰਹਿ ਕੇ ਮੌਤ ਦਾ ਚਸ਼ਮਾ, ਇਜ਼ਰਾਈਲ, ਕੋਠੇ ਵਾਲਾ ਪ੍ਰਾਹੁਣਾ, ਅਗਲੇ ਜਨਮ ਵਿਚ ਇਮਰੋਜ਼ ਨੂੰ ਮਿਲਣ ਦੀ ਖ਼ਾਹਿਸ਼, ਸੂਖਮ ਕਾਇਆ, ਸ਼ਿਵ ਸਰੋਵਰ, ਧੂਫ਼, ਅਗਰਬੱਤੀਆਂ, ਆਦਿ-ਬਿੰਦੂ, ਅਕਾਸ਼ ਗੰਗਾ ਤੇ ਕਾਲ ਦਾ ਪੰਛੀ ਆਦਿ ਦਾ ਜ਼ਿਕਰ ਆਉਂਦਾ ਹੈ, ਜੋ ਉਹਨਾਂ ਦੇ ਮਨ ਦੀ ਅਵਸਥਾ ਜ਼ਾਹਿਰ ਕਰਦਾ ਹੈ।

(ਪ.ਸ.) ਮੈਂ ਜਦੋਂ ਅੱਖਰ ਵਿਚ ਛਪੀ ਬਲਦੇਵ ਮਿਰਜ਼ਾ ਦੀ ਕਵਿਤਾ ਬਾਰੇ ਇਮਰੋਜ਼ ਜੀ ਤੋਂ ਪੁੱਛਿਆ ਤਾਂ ਉਨ੍ਹਾਂ ਤੋਂ ਕੁਝ ਨਾ ਕਿਹਾ ਗਿਆ। ਅੱਖਾਂ ਭਰ ਆਈਆਂ ਤੇ ਕੁਝ ਅੱਥਰੂ ਪਲਕਾਂ 'ਚੋਂ ਡਿੱਗ ਕੇ ਕਮੀਜ਼ 'ਤੇ ਆ ਡਿੱਗੇ। 45 ਸਾਲ ਪੁਰਾਣੇ ਰਿਸ਼ਤੇ ਦੀ ਨੇੜਤਾ ਦਾ ਏਹੋ ਪ੍ਰਤੀਕਰਮ ਹੋ ਸਕਦਾ ਸੀ।

# ਅੰਮ੍ਰਿਤਾ ਪ੍ਰੀਤਮ ਦੀਆਂ ਦੋ ਅਣਛਪੀਆਂ ਨਜ਼ਮਾਂ

(ਅੱਖਰ ਲਈ ਸੰਪਾਦਕ ਪ੍ਰਮਿੰਦਰਜੀਤ ਹੁਰਾਂ ਨੂੰ ਭੇਜਿਆ ਗਿਆ ਖ਼ਤ ਤੇ ਨਜ਼ਮਾਂ)

ਕੋਈ ਅੱਧੀ ਰਾਤ ਹੋਵੇਗੀ
ਜਦੋਂ ਇਕ ਬਾਰੀ ਦੀ ਹਵਾ
ਸੱਖਣੇ ਕਮਰੇ ਦੀ ਚੁਗਾਠ ਤੇ ਬੱਝੀ
ਉਸ ਲਾਮਾ ਘੰਟੀ ਨੂੰ ਹਿਲਾਏਗੀ
ਤਾਂ ਘੰਟੀ ਛਣਕ ਜਾਏਗੀ...

ਫੇਰ ਟੁਣਕਦੀ ਹਵਾ ਤੇਰੇ ਕਮਰੇ 'ਚ ਆਏਗੀ
ਤਾਂ ਚਾਦਰ ਦੀ ਬੁੱਕਲ ਖੋਲ੍ਹ ਕੇ
ਤੂੰ ਨੀਂਦਰ 'ਚੋਂ ਉੱਠ ਜਾਏਂਗਾ
ਕਿ ਉਹਨੇ ਘੁੱਟ ਚਾਹ ਮੰਗੀ ਹੈ
ਤੇ ਚੌਂਕੇ ਵਿਚ ਜਾ ਕੇ
ਤੱਤੀ ਚਾਹ ਦਾ ਪਿਆਲਾ ਹੱਥ ਵਿਚ ਲੈ ਕੇ
ਤੂੰ ਸੱਖਣੇ ਕਮਰੇ ਵਿਚ ਆਏਂਗਾ
ਤਾਂ ਖਲੋਤਾ ਰਹੇਂਗਾ

ਕਿ ਹੁਣੇ ਤਾਂ ਉਹ ਇਥੇ ਸੀ...

**ਦੂਜੀ ਨਜ਼ਮ**

ਕਣੀ ਇਸ਼ਕ ਦੀ ਰੱਬ ਦਾ ਕਰਮ ਹੁੰਦਾ
ਜੇ ਤੂੰ ਫ਼ੱਕਰਾਂ ਦੀ ਝੋਲੀ ਪਾ ਦੇਂਦੀ
ਅਸੀਂ ਜੱਗ ਵਾਲੀ ਬਾਜ਼ੀ ਜਿੱਤ ਲੈਂਦੇ
ਜੇ ਤੂੰ ਦੁੱਕੀ ਵੀ ਰੰਗ ਦੀ ਲਾ ਦੇਂਦੀ

ਤੇਰਾ ਬੋਲਿਆ ਕਿਸੇ ਫ਼ਰਮਾਨ ਵਰਗਾ
ਕੰਨੀਂ ਕੋਈ ਆਵਾਜ਼ ਤਾਂ ਪਾ ਦੇਂਦੀ

ਜਿਹੜੇ ਖੇਤ 'ਚ ਕਿਸਮਤਾਂ ਬੀਜੀਆਂ ਸੀ
ਕਦੇ ਖੇਤ ਨੂੰ ਪਾਣੀ ਤਾਂ ਲਾ ਦੇਂਦੀ

ਇਸ਼ਕ ਪੀਰ ਫ਼ਕੀਰ ਦਾ ਮਰਤਬਾ ਏ
ਇਹ ਤਾਂ ਰੱਬ ਦੀ ਕੋਈ ਦਰਗਾਹ ਹੁੰਦੀ
ਕੌਲਾਂ ਵਾਲੀਏ ! ਕੌਲ ਨਾ ਹਾਰੀਏ ਨੀ
ਇਹੋ ਫ਼ੱਕਰਾਂ ਵਾਲੀ ਸਦਾ ਹੁੰਦੀ...

''ਇਕ ਵੇਰ ਤੁਸੀਂ ਮੇਰੇ ਤੋਂ ਅੰਮ੍ਰਿਤਾ ਜੀ ਦੀਆਂ ਅਪ੍ਰਕਾਸ਼ਿਤ ਰਚਨਾਵਾਂ ਦੀ ਮੰਗ ਕੀਤੀ ਸੀ। ਉਦੋਂ ਅੰਮ੍ਰਿਤਾ ਜੀ ਸਰੀਰਕ ਤੌਰ 'ਤੇ ਵੀ ਜੀਊਂਦੇ ਸਨ। ਮੇਰੀ ਜਾਣਕਾਰੀ ਵਿਚ ਅਜਿਹੀ ਕੋਈ ਲਿਖਤ ਨਹੀਂ ਸੀ, ਜਿਹਨੂੰ ਨਾਗਮਣੀ ਜਾਂ ਉਹਨਾਂ ਦੀਆਂ ਕਿਤਾਬਾਂ ਵਿਚ ਨਾ ਛਾਪ ਲਿਆ ਗਿਆ ਹੋਵੇ। ਉਹਨਾਂ ਦੇ ਜਾਣ ਬਾਅਦ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਫ਼ਰਮਾਇਸ਼ ਉੱਤੇ ਇਮਰੋਜ਼ ਜੀ ਉਹਨਾਂ ਦੇ ਦੁਰਲਭ ਚਿਤਰਾਂ ਨਾਲ ਉਹਨਾਂ ਦੀਆਂ ਲਿਖਤਾਂ ਲਗਾ ਕੇ ਫਰੇਮ ਕਰਾਉਣ ਲੱਗੇ। ਬਾਅਦ ਵਿਚ ਚਾਹੇ ਅੰਮ੍ਰਿਤਾ ਚੇਅਰ ਸਥਾਪਤ ਹੋਣ ਅਤੇ ਮਿਊਜ਼ੀਅਮ ਬਣਾਉਣ ਦੀ ਸਕੀਮ ਢਿੱਲੀ ਪੈ ਗਈ ਏ। ਇਹਦੇ ਪਿੱਛੇ ਕਿਹੜੇ ਰਾਜਨੀਤਕ ਕਾਰਨ ਜਾਂ ਸਾਜ਼ਿਸ਼ਾਂ ਕੰਮ ਕਰ ਰਹੀਆਂ ਹਨ, ਉਹਨਾਂ ਦੀ ਗੱਲ ਕਦੇ ਫੇਰ...ਪਰ ਇਸ ਸਭ ਕਾਸੇ ਨੇ ਕੁਝ ਚੰਗੇ ਕੰਮ ਕਰਾ ਦਿੱਤੇ ਅਤੇ ਇਸੇ ਸਭ ਉਥਲ-ਪੁਥਲ ਨੇ ਉਹਨਾਂ ਦੀਆਂ ਦੋ ਅਪ੍ਰਕਾਸ਼ਿਤ ਰਚਨਾਵਾਂ ਵੀ ਸਾਡੇ ਹੱਥ ਫੜਾ ਦਿੱਤੀਆਂ। ਫ਼ੋਨ 'ਤੇ ਤੁਹਾਡੇ ਨਾਲ ਇਸ ਬਾਰੇ ਗੱਲ ਹੋਈ ਸੀ। ਕੋਰੀਅਰ ਕਰਾਉਣ ਵਿਚ ਢਿੱਲ ਹੋ ਗਈ। ਦਰਅਸਲ ਅੰਮ੍ਰਿਤਾ ਜੀ ਦੇ ਨਜ਼ਮ ਵਰਗੇ ਖ਼ਿਆਲ ਵਾਲੇ ਪੰਨੇ ਨੂੰ ਜਦੋਂ ਹੱਥ ਵਿਚ ਲਿਆ ਤਾਂ ਉਸ ਪੰਨੇ ਦੇ ਨੁਕਰੇ 2 ਦਾ ਅੰਕ ਪਿਆ ਸੀ। ਸੋਚਿਆ, ਇਹਦਾ ਕੋਈ ਪਹਿਲਾ ਪੰਨਾ ਨਾ ਹੋਵੇ। ਪਰ ਉਹ ਕਾਫ਼ੀ ਲੱਭਣ ਬਾਅਦ ਵੀ ਨਾ ਮਿਲਿਆ। ਸੋ ਇਹ ਦੋਵੇਂ ਰਚਨਾਵਾਂ ਭੇਜ ਰਹੀ ਹਾਂ।

ਸੱਚ, ਅੰਮ੍ਰਿਤਾ ਜੀ ਨੂੰ ਆਪਣਾ ਜਾਣਾ ਦਿੱਸ ਰਿਹਾ ਸੀ, ਪਰ ਅੰਤਲੇ ਦਿਨਾਂ ਵਿਚ ਵੀ ਉਹਨਾਂ ਦਾ ਇਹ ਵਿਸ਼ਵਾਸ ਪੀਢਾ ਰਿਹਾ, ਕਮਜ਼ੋਰ ਨਹੀਂ ਹੋਇਆ ਕਿ ਉਹਨਾਂ ਦੇ ਜਾਣ ਬਾਅਦ ਇਮਰੋਜ਼ ਕਈ ਵੇਰ ਤ੍ਰਭਕ ਕੇ ਉਹਨਾਂ ਦੇ ਕਮਰੇ ਵਿਚ ਜਾਏਗਾ। ਉਹਨਾਂ ਨੂੰ ਯਾਦ ਕਰੇਗਾ। ਜੇ ਉਹਨਾਂ ਦੇ ਕਮਰੇ ਦੀ ਮੁਹਾਠ 'ਤੇ ਲਗੀ ਲਾਮਾ ਘੰਟੀ ਵੀ ਹਵਾ ਨਾਲ ਟੁਣਕੀ ਤਾਂ ਇਮਰੋਜ਼ ਨੂੰ ਇਹੀ ਭੁਲੇਖਾ ਹੋਣੈ, ਕਿਤੇ ਅੰਮ੍ਰਿਤਾ ਨੂੰ ਮੇਰੀ ਲੋੜ ਨਾ ਹੋਵੇ। ਦੂਜੀ ਕਵਿਤਾ ਦਾ ਸਿਰਫ਼ ਇਕ ਹੀ ਸ਼ੇਅਰ 'ਅਸੀਂ ਜਗ ਵਾਲੀ...' ਅੰਮ੍ਰਿਤਾ ਜੀ ਨੇ 'ਰੰਗ ਦਾ ਪੱਤਾ' ਨਾਵਲ ਵਿਚ ਵਰਤਿਆ ਹੈ, ਬਾਕੀ ਦਾ ਹਿੱਸਾ ਕਿਉਂ ਨਹੀਂ...ਇਹ ਨਹੀਂ ਪਤਾ।''

# ਅਵਾਈਆਂ ਦੇ ਪ੍ਰਤੀਕਰਮ ਵਜੋਂ 'ਅੱਖਰ' ਨੂੰ ਲਿਖਿਆ ਇਕ ਖ਼ਤ

ਇਮਰੋਜ਼ ਜੀ ਦੀਆਂ ਪੇਂਟਿੰਗਜ਼/ਤਸਵੀਰਾਂ ਭੇਜਣ ਵਿਚ ਢਿੱਲ ਹੋ ਗਈ। ਦਰਅਸਲ ਜਦ ਤੁਹਾਡੇ ਨਾਲ ਮੇਰੀ ਗੱਲ ਹੋਈ, ਉਦੋਂ ਮੇਰਾ ਜਲੰਧਰ ਤੇ ਉਥੋਂ ਅੰਮ੍ਰਿਤਸਰ ਆਉਣ ਦਾ ਮਿਥਿਆ ਹੋਇਆ ਸੀ। ਪਰ ਐੱਸ. ਸੀ. ਆਰ. ਟੀ. ਵਲੋਂ ਕਰਵਾਈ ਗਈ ਵਰਕਸ਼ਾਪ ਅਤੇ ਇਕ ਦੋ ਮੀਟਿੰਗਾਂ ਕਾਰਨ ਸਾਰੀਆਂ ਛੁੱਟੀਆਂ ਇਸੇ ਆਹਰੇ ਲੰਘ ਗਈਆਂ। ਐਤਕੀਂ 24-29 ਅਕਤੂਬਰ ਜਲੰਧਰ ਗਈ, ਅੰਮ੍ਰਿਤਸਰ ਵੀ ਪਰ ਦੇਰ ਹੋ ਜਾਣ ਕਾਰਨ ਤੁਹਾਡੇ ਵੱਲ ਨਾ ਆ ਸਕੀ। ਸੋ ਇਹ ਕੁਝ ਤਸਵੀਰਾਂ ਭੇਜ ਰਹੀ ਹਾਂ। ਤੁਹਾਡੇ (ਆਪਣੇ ਵੀ) 'ਅੱਖਰ' ਰਾਹੀਂ ਇਕ ਖੁਲਾਸਾ ਕਰਨਾ ਚਾਹੁੰਦੀ ਹਾਂ। ਅੰਮ੍ਰਿਤਾ ਜੀ ਦੇ ਜਾਣ ਬਾਅਦ ਛੇਤੀ ਹੀ ਕਈ ਤਰ੍ਹਾਂ ਦੀਆਂ ਅਫਵਾਹਾਂ ਨੇ ਸਿਰ ਕੱਢ ਲਿਆ। ਇਨ੍ਹਾਂ ਦੇ ਗ਼ਲਤ/ਠੀਕ, ਝੂਠ/ਸੱਚ ਹੋਣ ਦਾ ਸਪਸ਼ਟੀਕਰਨ ਦੇਣ ਵਾਲੀ ਤਾਂ ਰਹੀ ਨਹੀਂ। ਹਾਂ, ਪਿਛਲੇ ਕੁਝ ਮਹੀਨਿਆਂ ਤੋਂ ਇਕ ਬੇਬੁਨਿਆਦ ਹਵਾ ਬਹੁਤ ਜ਼ੋਰ ਪਕੜ ਰਹੀ ਹੈ ਕਿ ਅੰਮ੍ਰਿਤਾ ਤੋਂ ਬਾਅਦ ਕੇ-25, ਹੌਜ ਖ਼ਾਸ ਢਾਹ ਦਿੱਤਾ ਗਿਆ ਹੈ। ਇਮਰੋਜ ਪਤਾ ਨਹੀਂ ਕਿਥੇ ਚਲੇ ਗਏ ਨੇ।

ਕੁਝ ਮਹੀਨੇ ਪਹਿਲਾਂ ਅਹਿਮਦ ਸਲੀਮ ਹਿੰਦੁਸਤਾਨ ਆਇਆ। ਪਟਿਆਲਾ ਤੋਂ ਉਹਦਾ ਘਬਰਾਇਆ ਫ਼ੋਨ ਆਇਆ — 'ਅਮੀਆਂ ! ਇਮਰੋਜ਼ ਕਿਥੇ ਨੇ ? ਮੈਂ ਹੱਸ ਕੇ ਕਿਹਾ, 'ਦਿੱਲੀ ਹੀ, ਆਪਣੇ ਘਰ।' ਉਹਨੂੰ ਫਿਰ ਵੀ ਸੱਚ ਨਾ ਆਇਆ। ਕਹਿਣ ਲੱਗਾ, 'ਨਹੀਂ ਸੱਚੀ ਦੱਸ।' ਮੈਂ ਕਿਹਾ, 'ਦਿੱਲੀ ਆ ਜਾ, ਮਿਲ ਲੈ।' ਉਸ ਹੌਜ ਖ਼ਾਸ ਆ ਕੇ ਕੁਝ ਘੰਟੇ ਬਿਤਾਏ ਤੇ ਤਸੱਲੀ 'ਚ ਭਰ ਗਿਆ। ਕਹਿਣ ਲੱਗਾ, 'ਅਮੀਆ, ਪਾਕਿਸਤਾਨ ਤਾਂ ਇਹ ਖ਼ਬਰ ਪੂਰੀ ਤਰ੍ਹਾਂ ਸੱਚ ਮੰਨੀ ਜਾ ਰਹੀ ਏ ਕਿ ਅੰਮ੍ਰਿਤਾ ਦੇ ਜਾਣ ਪਿੱਛੋਂ ਇਮਰੋਜ਼ ਸੜਕ ਉੱਤੇ ਆ ਗਿਆ। ਉਸ ਘਰ ਦੀ ਥਾਂ ਕਈ ਮੰਜ਼ਿਲਾ ਭਵਨ ਬਣ ਰਿਹਾ ਹੈ। ਅੰਮ੍ਰਿਤਾ ਨੂੰ ਗਾਲ੍ਹਾਂ ਕੱਢੀਆਂ ਜਾ ਰਹੀਆਂ ਨੇ। ਇਸ ਵਿਸ਼ੇ ਨੂੰ ਲੈ ਕੇ ਇਕ ਨਾਵਲ ਵੀ ਸ਼ਾਇਆ ਹੋਇਆ ਹੈ।' ਖ਼ੈਰ, ਉਹ ਇਮਰੋਜ ਹੁਰਾਂ ਨੂੰ ਮਿਲ ਕੇ, ਉਹਨਾਂ ਨਾਲ ਗੱਲਾਂ ਕਰ, ਸੰਤੁਸ਼ਟ ਹੋ ਕੇ ਗਿਆ ਤੇ ਮੈਂ ਵੀ ਸੋਚਿਆ, ਹੁਣ ਉਹਦੇ ਵਲੋਂ (ਪਾਕਿਸਤਾਨ ਜਾ ਕੇ) ਸੱਚਾਈ ਬਿਆਨਣ 'ਤੇ ਇਨ੍ਹਾਂ ਸਭ ਚਰਚਾਵਾਂ ਉੱਤੇ ਠੱਲ੍ਹ ਪੈ ਜਾਵੇਗੀ। ਮੈਂ ਇਮਰੋਜ਼ ਹੁਰਾਂ ਨੂੰ ਕੁਝ ਕਹਿ ਕੇ ਦੁਖਾਉਣਾ ਨਹੀਂ ਚਾਹੁੰਦੀ। ਪਰ ਪਿੱਛੇ ਜਿਹੇ ਪਾਕਿਸਤਾਨ ਤੋਂ ਸ਼ਾਇਸਤਾ ਨੁਜ਼ਹਤ ਆਈ। ਉਸਨੇ ਵੀ ਗੱਚ ਭਰ ਕੇ ਕਿਹਾ,

'ਅਮੀਆ, ਇਮਰੋਜ਼ ਜੀ ਨੂੰ ਮਿਲਣ, ਗੱਲ ਕਰਨ ਨੂੰ ਬਹੁਤ ਦਿਲ ਹੈ। ਉਹ ਕਿਥੇ ਮਿਲਣਗੇ ?' ਮੈਂ ਹੈਰਾਨ ਹੋ ਕੇ ਕਿਹਾ, 'ਜਿਥੇ ਪਿਛਲੀ ਵਾਰ ਮਿਲੀ ਸੈਂ।' ਫਿਰ ਉਹੀ ਸਭ ਕੁਝ ਦੁਹਰਾਇਆ ਗਿਆ। ਐਤਕੀਂ ਝਕਦੇ ਝਕਦੇ ਮੈਂ ਇਮਰੋਜ਼ ਜੀ ਅਤੇ ਅਲਕਾ ਨੂੰ ਇਸ ਅਫ਼ਵਾਹ ਦਾ ਇਕ ਇਸ਼ਾਰਾ ਜਿਹਾ ਦਿੱਤਾ। ਇਮਰੋਜ਼ ਕਹਿਣ ਲੱਗੇ, 'ਮੈਂ ਇਹ ਘਰ ਛੱਡ ਕੇ ਕਿਥੇ ਜਾਣਾ ਹੈ। ਕਿਤੇ ਚਾਰ ਪੰਜ ਦਿਨਾਂ ਲਈ ਜਾਵਾਂ ਵੀ ਤਾਂ ਵਾਪਸ ਘਰ ਆਉਣ ਲਈ ਬੇਚੈਨ ਹੋ ਜਾਂਦਾ ਹਾਂ। ਜ਼ਿਆਦਾ ਦੇਰ ਇਸ ਘਰ ਤੋਂ ਦੂਰ ਨਹੀਂ ਰਹਿ ਸਕਦਾ।' ਆਖ਼ਰ ਇਸੇ ਘਰ ਵਿਚ ਉਹ ਅੱਜ ਵੀ ਅੰਮ੍ਰਿਤਾ ਦੀ ਜੀਵੰਤ ਹੋਂਦ ਨੂੰ ਆਪਨੇ ਅੰਗ ਸੰਗ ਮਹਿਸੂਸਦੇ ਹਨ।

ਅਲਕਾ ਦੀ ਆਵਾਜ਼ ਅੱਥਰੂਆਂ ਨਾਲ ਭਿੱਜੀ ਹੋਈ ਸੀ, 'ਅਮੀਆ ਦੀਦੀ, ਲੋਕਾਂ ਨੂੰ ਅਜਿਹੀਆਂ ਕੂੜ ਗੱਲਾਂ ਕਰਕੇ ਕੀ ਮਿਲਦਾ ਹੈ। ਐਮਾ ਜੀ ਹਰ ਕਿਸੇ ਦਾ ਹੱਕ ਧਿਆਨ 'ਚ ਕਰ ਵਸੀਅਤ ਕਰ ਕੇ ਗਏ ਹਨ। ਕਿਸੇ ਸ਼ੱਕ, ਕਿੰਤੂ ਦੀ ਗੁੰਜਾਇਸ਼ ਨਹੀਂ ਛੱਡ ਕੇ ਗਏ। ਨਾ ਧੀ, ਪੁੱਤ, ਨੂੰਹ ਲਈ, ਨਾ ਹੀ ਇਮਰੋਜ਼ ਲਈ। ਇਸ ਘਰ ਦੀ ਪਹਿਲੀ ਮੰਜ਼ਿਲ ਅੰਮ੍ਰਿਤਾ ਵੇਲੇ ਵੀ ਅੰਮ੍ਰਿਤਾ/ਇਮਰੋਜ਼ ਦਾ ਵਸੇਬਾ ਸੀ ਤੇ ਹੁਣ ਵੀ ਉਹਨਾਂ ਦੋਹਾਂ ਦੀ...ਜਦ ਤਕ ਇਮਰੋਜ਼...।' ਪਰ ਸਭ ਤੋਂ ਦੁਖਿਆ ਹਾਸਾ ਉਦੋਂ ਆਇਆ, ਜਦ ਐਤਕੀਂ ਜਲੰਧਰ ਗਈ ਤਾਂ ਬਲਬੀਰ ਪਰਵਾਨਾ ਨੂੰ ਮਿਲਣ ਉਹਨਾਂ ਦੇ ਘਰ ਗਈ। ਉਥੇ ਉਹਨਾਂ ਨੇ ਇਕ ਦੋਸਤ ਨਾਲ ਮੇਰੀ ਵਾਕਫ਼ੀ ਕਰਵਾਈ ਗਈ। ਮੇਰਾ ਨਾਂ ਸੁਣ ਛੁਟਦੇ ਹੀ ਕਹਿਣ ਲੱਗੇ ਇਮਰੋਜ਼ ਕਿਥੇ ਹੁੰਦੇ ਹਨ ? ਕੀ ਕਰ ਰਹੇ ਹਨ? ਮੈਂ ਅਚੰਭਤ ਹੋ ਉਨ੍ਹਾਂ ਵੱਲ ਵੇਖਿਆ, ਬਈ ਕੇ-25 ਹੌਜ਼ ਖ਼ਾਸ ਆਪਣੇ ਘਰ। ਸਾਡੀਆਂ ਤੁਹਾਡੀਆਂ ਕਿਤਾਬਾਂ ਦੇ ਕਵਰ ਡਿਜ਼ਾਇਨ ਕਰਦੇ। ਅੰਮ੍ਰਿਤਾ ਦੀਆਂ ਤਸਵੀਰਾਂ ਨਾਲ ਘਰ ਨੂੰ ਸਜਾਉਂਦੇ, ਕਵਿਤਾ ਲਿਖਦੇ ਜਿਉਂਦੇ। ਅੱਗੋਂ ਫਿਰ ਉਹੀ ਕੁਝ...ਮੈਂ ਤਾਂ ਸੁਣਿਆ ਏ... ਮੈਂ ਕਿਹਾ, ਅਜਿਹਾ ਕੁਝ ਨਹੀਂ। ਦੇਖਿਆ ਬਲਬੀਰ ਵੀ ਆਪਣੇ ਦੋਸਤ ਦੀ ਗੱਲ ਦਾ ਹੁੰਗਾਰਾ ਭਰ ਰਿਹਾ ਕਿ ਇਥੇ ਹੀ ਨਹੀਂ, ਪਟਿਆਲੇ ਵੀ ਇਹ ਗੱਲ ਫੈਲੀ ਹੋਈ ਏ ਤੇ ਇਹ ਖ਼ਬਰ ਉਡਦੀ ਹੋਈ ਦਿੱਲੀ ਤੋਂ ਆਈ ਹੈ। ਮੈਂ ਕਿਹਾ, ਦਿੱਲੀ ਤੋਂ ਕਿਤੋਂ, ਹੁਣੇ ਜਿਹੇ ਪਟਿਆਲੇ ਤੋਂ ਸੁਰਿੰਦਰ ਸ਼ਰਮਾ ਉਹਨਾਂ ਨੂੰ ਮਿਲ ਕੇ ਗਿਆ ਹੈ। ਹੋਰ ਵੀ ਕਿੰਨੇ ਲੋਕ ਉਹਨਾਂ ਨੂੰ ਮਿਲਣ ਆ ਚੁੱਕੇ ਹਨ। ਪਿੱਛੇ ਜਿਹੇ ਹੀ ਅੰਮ੍ਰਿਤਾ ਜੀ ਦੀਆਂ ਤਸਵੀਰਾਂ ਅਤੇ ਕਿਤਾਬਾਂ ਲੈਣ ਡਾ. ਦਲੀਪ ਕੌਰ ਟਿਵਾਣਾ, ਡਾ. ਧਨਵੰਤ ਕੌਰ, ਡਾ. ਸੁੱਚਾ ਸਿੰਘ ਗਿੱਲ ਤੇ ਉਹਨਾਂ ਦੀਆਂ ਦੋ ਹੋਰ ਸਾਥਣਾਂ ਆਈਆਂ ਸਨ। (ਇਨ੍ਹੀਂ ਦਿਨੀ ਇਮਰੋਜ਼ ਪਟਿਆਲੇ ਵੱਲੋਂ ਮਿਲੇ ਸੱਦੇ 'ਤੇ ਕੰਧ ਚਿਤਰਾਂ ਦੀ ਇਕ ਨੁਮਾਇਸ਼ ਦੇ ਸਿਲਸਿਲੇ ਵਿਚ 4-5 ਦਿਨਾਂ ਲਈ ਉਥੇ ਗਏ ਹਨ।) ਜਿਥੇ ਅੱਗੋਂ ਸੁਰਿੰਦਰ ਸ਼ਰਮਾ ਨੇ ਦੂਰਦਰਸ਼ਨ ਲਈ ਇਨ੍ਹਾਂ ਸਭ ਨਾਲ ਇਮਰੋਜ਼ ਹੁਰਾਂ ਦਾ ਲੰਮਾ ਇੰਟਰਵਿਊ ਵੀ ਲਿਆ ਹੈ।) ਖ਼ੈਰ, ਮੈਂ ਨਹੀਂ ਜਾਣਦੀ ਇਹ ਗੱਲ ਕਿਵੇਂ, ਕਿਉਂ ਤੇ ਕਿਸ ਵੱਲੋਂ ਫੈਲਾਈ ਗਈ ਹੈ।) ਅੰਮ੍ਰਿਤਾ ਇਕ ਸੁਤੰਤਰ ਸੋਚ ਵਾਲੀ, ਦੂਰਅੰਦੇਸ਼ ਸੂਝ ਰੱਖਦੀ, ਖ਼ੁਦਮੁਖ਼ਤਿਆਰ ਔਰਤ ਸੀ। ਉਹ ਏਨੀ ਵੱਡੀ ਗ਼ਲਤੀ ਕਿਵੇਂ ਕਰ ਸਕਦੀ ਸੀ। ਅੰਮ੍ਰਿਤਾ ਜੀ ਨੂੰ ਜਦੋਂ ਆਪਣਾ ਜਾਣਾ ਨਿਸਚਿਤ ਤੇ ਨੇੜੇ ਲੱਗਣ ਲੱਗਾ, ਕਿਸੇ ਭਰਮ ਭੁਲੇਵੇਂ ਨੂੰ ਥਾਂ ਨਾ ਮਿਲੇ, ਸੋ ਆਪਣੀ ਵਸੀਅਤ ਵਿਚ ਬਹੁਤ ਸਾਫ਼ ਤੇ ਸਪਸ਼ਟ ਰੂਪ ਵਿਚ ਸਭ ਦੇ ਨਾਂ ਅਤੇ

ਉਹਨਾਂ ਦੇ ਹੱਕਾਂ ਦਾ ਵੇਰਵਾ ਦਿੱਤਾ ਹੈ। ਜਿਸ ਵਿਚ ਗ਼ਲਤਫਹਿਮੀ ਤੇ ਧੋਖੇ ਦੀ ਗੁੰਜਾਇਸ਼ ਨਹੀਂ। ਅਲਕਾ ਤੇ ਇਮਰੋਜ਼ ਦਾ ਰਿਸ਼ਤਾ ਬਹੁਤ ਸਿਹਤਮੰਦ ਤੇ ਆਪਸੀ ਸਹਿਜ-ਸਮਝ ਦਾ ਹੈ। ਇਕ ਦੂਜੇ ਦੀ ਕਦਰ ਪਾਉਣ ਵਾਲਾ। ਪਰੰਪਰਕ ਨੂੰਹ-ਸਹੁਰੇ ਵਿਚਲੇ ਰਿਸ਼ਤੇ ਦਾ ਅਪਵਾਦ।

ਹੁਣੇ ਕਿਸੇ ਕੰਮ ਲਈ ਭਾਸ਼ਾ ਵਿਭਾਗ ਵਲੋਂ ਛਪਿਆ ਹਿੰਦੀ ਪੰਜਾਬੀ ਕੋਸ਼ ਦੇਖ ਰਹੀ ਸਾਂ ਕਿ ਇਕ ਥਾਂ ਅੰਮ੍ਰਿਤਾ ਆ ਗਿਆ। ਜਗਿਆਸੂ ਨਜ਼ਰ ਇਹਦੇ ਅਰਥਾਂ ਵੱਲ ਗਈ ਤਾਂ ਹੈਰਾਨ ਹੋ ਗਈ — ਬਹੁਅਰਥੀ ਸ਼ਬਦਾਂ ਦਾ ਪਸਾਰਾ ਦੇਖ। ਇਥੇ ਅੰਮ੍ਰਿਤਾ ਦੇ ਅਰਥ ਲਿਖੇ ਹਨ — ਅਉਲਾ, ਤੁਲਸੀ, ਮਘ, ਪਾਨ, ਫਟਕੜੀ, ਹਰੜ, ਸ਼ਰਾਬ ਅਤੇ ਖਰਬੂਜਾ। ਕੀ ਅੰਮ੍ਰਿਤਾ ਸੱਚਮੁੱਚ ਇਨ੍ਹਾਂ ਸਭ ਵਸਤਾਂ ਦੇ ਗੁਣਾਂ ਤੇ ਫ਼ਿਤਰਤ ਦਾ ਰਲਵਾਂ ਮਿਲਵਾਂ ਸੁਮੇਲ ਨਹੀਂ ਸੀ ?

# ਅੰਮ੍ਰਿਤਾ ਪ੍ਰੀਤਮ ਸ਼ਖਸੀਅਤ : ਕੁਝ ਖੁਲਾਸੇ

ਸਤਿਕਾਰਤ, — ਜੀਓ,

ਆਦਾਬ !

ਅੰਮ੍ਰਿਤਾ ਜੀ ਦੇ ਤੁਰ ਜਾਣ ਮਗਰੋਂ ਉਹਨਾਂ ਬਾਰੇ ਬਹੁਤ ਕੁਝ ਲਿਖਿਆ ਜਾ ਰਿਹਾ ਏ...ਔਧਿਓਂ ਵੱਧ ਅੰਝਾਈ ਜਾਣ ਜੋਗਾ, ਕੁਝ ਅਣਗੌਲਣ ਵਾਲਾ, ਕੁਝ ਕੰਨ ਵਲ੍ਹੇਟ ਚੁੱਪ ਰਹਿ ਜਾਣ ਲਈ...ਬਹੁਤ ਕੁਝ ਸ਼ਰਧਾਮਈ ਬੋਲਾਂ ਵਿਚ, ਉਹਨਾਂ ਦੇ ਪ੍ਰਸ਼ੰਸਕਾਂ ਵਲੋਂ...ਕੁਝ ਆਲੋਚਕਾਂ ਵਲੋਂ ਵਿਰੋਧੀ ਸੁਰ ਦਾ...ਪਰ ਅਫ਼ਸੋਸ ਉਦੋਂ ਹੁੰਦਾ ਏ ਜਦੋਂ ਉਹਦੇ ਵਿਚੋਂ ਬਹੁਤਾ ਗ਼ੈਰ-ਅੰਮ੍ਰਿਤਾ ਹੁੰਦਾ ਹੈ — ਨਾ ਉਹਨਾਂ ਦੀ ਸ਼ਖ਼ਸੀਅਤ ਅਤੇ ਨਾ ਹੀ ਉਹਨਾਂ ਦੇ ਕਦ ਦੇ ਮੇਚ ਦਾ। 'ਹੁਣ' ਪਰਚਾ ਕੁਝ ਰੁਝੇਵਿਆਂ ਕਾਰਨ ਬਿਨਾਂ ਪੜ੍ਹੇ ਪਿਆ ਰਹਿ ਗਿਆ ਪਰ 'ਅੱਖਰ' ਦਾ ਸੰਪਾਦਕੀ ਪੜ੍ਹ ਉਹਨੂੰ ਖੋਲ੍ਹ ਲਿਆ...ਬੇਸ਼ਕ ਅੰਮ੍ਰਿਤਾ ਪ੍ਰੀਤਮ ਦੀ ਸ਼ਖ਼ਸੀਅਤ ਦੀਆਂ ਕਈ ਪਰਤਾਂ ਸਨ ਪਰ ਕਿਹੜਾ ਸ਼ਖ਼ਸ ਦਾਅਵਾ ਕਰ ਸਕਦਾ ਏ ਕਿ ਉਸ ਦੀਆਂ ਆਪਣੀਆਂ ਪਰਤਾਂ ਇਸ ਤੋਂ ਵੱਧ ਨਹੀਂ ਹਨ...ਸਤੀ ਕੁਮਾਰ ਨੇ ਅੰਮ੍ਰਿਤਾ ਜੀ ਦੀ ਸ਼ਖ਼ਸੀਅਤ ਦਾ ਜਿਹੜਾ ਪਾਸਾ ਵਿਖਾਉਣ ਦੀ ਕੋਸ਼ਿਸ਼ ਕੀਤੀ ਏ, ਉਹਦਾ ਅਸਲ ਐਨ ਉਸ ਤੋਂ ਪੁੱਠ ਏ। ਲਗਾਤਾਰ ਕੁਝ ਵਰ੍ਹੇ ਅੰਮ੍ਰਿਤਾ ਜੀ ਦੇ ਨੇੜੇ ਰਹਿਣ ਦਾ ਜੋ ਸੰਬਬ ਬਣਿਆ, ਉਹਨਾਂ ਦੇ ਨਾਲ ਰਹਿੰਦਿਆਂ ਉਹਨਾਂ ਦੀਆਂ ਕਮਜ਼ੋਰੀਆਂ, ਖ਼ੂਬੀਆਂ ਤੋਂ ਬਖ਼ੂਬੀ ਵਾਕਫ਼ ਹੋਈ ਹਾਂ — ਇਸੇ ਲਈ ਕਹਿ ਰਹੀ ਆਂ — ਨਿਗੂਣੇ ਪੈਸਿਆਂ ਵਾਲੀ ਗੱਲ ਵਿਚਲੀ ਜਿਹੜੀ ਸਚਾਈ ਏ, ਉਸ ਤੋਂ ਵੀ ਜਾਣੂ ਹਾਂ...ਇਸ ਸਿਲਸਿਲੇ ਵਿਚ ਤੁਹਾਡੇ ਨਾਲ ਫ਼ੋਨ ਤੇ ਵੀ ਲਗਪਗ ਵੀਹ ਮਿੰਟ ਲੰਮੀ ਗੱਲ ਹੋਈ ਸੀ...ਸਤੀ ਬਾਹਰੋਂ ਟੀ. ਵੀ. ਲਿਆ ਕੇ ਕਸਟਮ ਤੋਂ ਛੁੜਾ ਨਹੀਂ ਸਕਿਆ। ਉਹਨੇ ਅੰਮ੍ਰਿਤਾ ਜੀ ਅੱਗੇ ਕਿਹਾ ਕਿ ਪੈਸੇ ਮੁੱਕ ਗਏ ਹਨ, ਉਸ ਵੇਲੇ ਅੰਮ੍ਰਿਤਾ ਹੁਰਾਂ ਨੇ ਕਸਟਮ ਚੁਕਤਾ ਕਰ ਉਹ ਟੀ. ਵੀ. ਛੁੜਵਾਇਆ। ਸੋ ਸਤੀ ਨੇ ਅੰਮ੍ਰਿਤਾ ਨੂੰ ਇਹ ਟੀ. ਵੀ. ਤੁਹਫ਼ੇ ਵਜੋਂ ਨਹੀਂ ਦਿੱਤਾ ਸੀ, ਸਗੋਂ ਅੰਮ੍ਰਿਤਾ ਜੀ ਨੇ ਉਹਦੇ ਅਸਲ ਮੁੱਲ ਤੋਂ ਵੀ ਵੱਧ ਕੀਮਤ ਤਾਰੀ ਸੀ। ਇਸੀ ਗੱਲ ਨੇ ਉਹਨਾਂ ਦੇ ਸੰਬੰਧਾਂ ਵਿਚ ਤ੍ਰੇੜ ਲਿਆਂਦੀ ਸੀ...ਉਹ ਦੂਜੇ ਦੇਸ਼ਾਂ ਵਿਚ ਵੀ ਅੰਮ੍ਰਿਤਾ ਜੀ ਨੂੰ ਮਿਲਣ ਗਿਆ ਤਾਂ ਅਜਿਹੀਆਂ ਹੀ ਕੁਝ ਵਪਾਰਕ ਚਾਲਬਾਜੀਆਂ ਕਰਦਾ ਰਿਹਾ...

ਸਤੀ ਜੋ ਹਿੰਦੁਸਤਾਨ ਤੋਂ ਬਾਹਰ ਗਿਆ ਸੀ ਤਾਂ ਉਹ ਵੀ ਅੰਮ੍ਰਿਤਾ ਹੋਰਾਂ ਦੀ ਮਿਹਰਬਾਨੀ ਅਤੇ ਦਿਆਨਤਦਾਰੀ ਸਦਕਾ। ਉਹ ਜਿਸ ਉੱਤੇ ਵਿਸ਼ਵਾਸ ਕਰਦੇ ਸਨ ਇੰਜ ਹੀ ਪੂਰੀ ਤਰ੍ਹਾਂ ਡੁਲ੍ਹੂੰ-ਡੁਲ੍ਹੂੰ ਕਰਦਾ — ਅਜਿਹੀ ਇਕ ਮਿਸਾਲ ਅਤੇ ਹੋਰ ਕਈਆਂ

ਦੀ ਲਈ ਜਾ ਸਕਦੀ ਏ। ਖ਼ੈਰ ਉਹਨਾਂ ਦੇ ਹੱਥ ਵਿਚ ਕਿਸੇ ਇੱਕ ਨੂੰ ਬਾਹਰ ਭੇਜਣ ਦੀ Power ਸੀ — ਕੰਦਲਾ ਨੇ ਨਾਂਹ ਕਰ ਦਿੱਤੀ ਕਿ ਉਹਦੀ ਬਾਹਰ ਜਾਣ ਵਿਚ ਦਿਲਚਸਪੀ ਨਹੀਂ, ਉਸ ਵੇਲੇ ਸਤੀ ਵੀ ਉਥੇ ਸੀ — ਕਹਿਣ ਲਗਾ — ਮੈਂ ਵੀ ਤਾਂ ਤੁਹਾਡੇ ਬੱਚਿਆਂ ਬਰਾਬਰ ਹਾਂ...ਤੇ ਅੱਜ ਉਹ ਆਸ਼ਕ ਬਣ ਬੈਠਾ ਏ ਅਤੇ ਇੰਤਹਾ ਇਹ ਕਿ ਉਹ ''ਇਹ ਸਾਰੀ ਖੇਡ ਅੰਮ੍ਰਿਤਾ ਜੀ ਵਲੋਂ...ਉਹ ਤਾਂ ਇਸ ਸਭ ਤੋਂ ਜ਼ੋਰ ਲਾ ਕੇ ਛੁੱਟਿਆ ਏ...'' ਜੇ ਅੰਮ੍ਰਿਤਾ ਉਹਨੂੰ ਸੱਚਮੁੱਚ ਚਾਹੁੰਦੀ ਤਾਂ ਉਹਦੀ ਜਾਂ ਕਿਸੇ ਹੋਰ ਦੀ ਕੀ ਮਜਾਲ ਕਿ ਨਾਂਹ ਕਰ ਜਾਂਦਾ — ਇਹਦੀ ਪ੍ਰਤੱਖ ਮਿਸਾਲ ਇਮਰੋਜ਼ ਹਨ — ਅੰਮ੍ਰਿਤਾ ਉੱਤੇ ਹਰ ਤਰ੍ਹਾਂ ਦੇ ਚਿੱਕੜ ਸੁੱਟੇ ਜਾਣ ਦੇ ਇਕਲੌਤੇ ਗਵਾਹ ਅਤੇ ਪੂਰੀ ਉਮਰ ਇਸ ਵਿਚਲੇ ਝੂਠ ਸੱਚ ਦਾ ਸੂਖਮ ਅੰਤਰ ਲੱਭ ਅੰਤ ਤੀਕ ਉਸ ਨਾਲ ਨਿਭਾਉਣ ਵਾਲੇ — 45 ਸਾਲ ਇਵੇਂ ਨਹੀਂ ਸਾਥ-ਸਾਥ ਨਿੱਭਦੇ।

ਮੋਹਨ ਸਿੰਘ ਤੋਂ ਸਿਲਸਿਲਾ ਸ਼ੁਰੂ ਹੋਇਆ — ਇਕ ਲੰਮੀ ਕਤਾਰ ਖੱਝ ਗਈ — ਸਫ਼ੀਰ, ਧੀਰ, ਨੇਕੀ, ਸਤੀ ਅਤੇ ਸਤਿਆਰਥੀ ਕਿਹਦੀ-ਕਿਹਦੀ ਗੱਲ ਕੀਤੀ ਜਾਏ ...ਚਿੱਕੜ ਵਿਚ ਹੱਥ ਪਾਣ ਵਾਲੀ ਗੱਲ ਏ...ਸਾਡੇ ਕਾਲਜ (ਅੰਮ੍ਰਿਤਾ ਦੇ ਜਾਣ ਮਗਰੋਂ) ''ਅੰਮ੍ਰਿਤਾ ਪ੍ਰੀਤਮ ਸ਼ਖ਼ਸੀਅਤ ਅਤੇ ਰਚਨਾ'' ਉੱਤੇ ਸੈਮੀਨਾਰ ਕਰਵਾਇਆ ਗਿਆ। ਡਾ. ਨੇਕੀ ਆਪਣੀ ਉਮਰ, ਰੁਤਬੇ ਦਾ ਖ਼ਿਆਲ ਭੁੱਲ, ਪਰਿਕਲਪਨਾ ਵਿਚ ਗੁਆਚ, ਸੀਮਿਤ ਸੋਚ ਵਿਚ ਸੁੰਗੜੇ ਬਹੁਤ ਹਲਕੇ ਪੱਧਰ ਦੀਆਂ ਮਨੋਕਥਨੀਆਂ ਕਰ ਗਏ, ਜਿਹੜੀਆਂ ਕਿ ਭਾਸ਼ਾਈ ਅਤੇ ਸਾਹਿਤਿਕ ਸ਼ਬਦਾਵਲੀ ਪਖੋਂ ਵੀ ਬਹੁਤ ਨੀਵੇਂ ਪੱਧਰ ਦੀਆਂ ਸਨ।

ਅੰਮ੍ਰਿਤਾ ਜੀ ਦੀ ਸ਼ਖ਼ਸੀਅਤ ਨਾਲ ਜੁੜੀਆਂ ਕਈ ਝੂਠੀਆਂ-ਸੱਚੀਆਂ ਦੰਤ ਕਥਾਵਾਂ ਪ੍ਰਚਲਿਤ ਹਨ। ਬਹੁਤੇ ਲੋਕ ਐਵੇਂ ਹੀ ਦਾਅਵਾ ਕਰਨ ਲਗਦੇ ਹਨ ਕਿ ਉਹ ਅੰਮ੍ਰਿਤਾ ਜੀ ਨੂੰ ਏਨੀ ਵਾਰ ਮਿਲੇ, ਉਹਨਾਂ ਨਾਲ ਕੀਤੀਆਂ ਕਲਪਿਤ ਗੱਲਾਂ ਦੇ ਆਧਾਰ ਉੱਤੇ ਖਾਕਾ ਚਿਤਰਨ ਲਗਦੇ ਹਨ। ਸਾਡੇ ਕਾਲਜ ਵਿਚ ਹੋਏ ਸੈਮੀਨਾਰ ਵਿਚ ਡਾ. ਮੋਹਨਜੀਤ ਨੇ ਠੀਕ ਹੀ ਕਿਹਾ ਸੀ — ਜਿੰਨੀ ਵੱਡੀ ਸ਼ਖ਼ਸੀਅਤ ਉਨੀਆਂ ਵੱਧ ਮਿੱਥਾਂ, ਅਫ਼ਵਾਹਾਂ। ਡਾ. ਨੇਕੀ ਅੰਮ੍ਰਿਤਾ ਜੀ ਦੇ ਪ੍ਰਤੀ ਸ. ਪ੍ਰੀਤਮ ਸਿੰਘ ਨਾਲ ਆਪਣੀ ਸਾਂਝ ਦਰਸਾਉਂਦਿਆਂ ਕਹਿ ਰਹੇ ਕਿ ਪ੍ਰੀਤਮ ਸਿੰਘ ਉਹਨਾਂ ਨਾਲ ਬੈਠ ਕੇ ਅੰਮ੍ਰਿਤਾ ਦੀਆਂ ਬੁਰਾਈਆਂ ਕਰਦਾ ਸੀ। ਨੇਕੀ ਹੁਰਾਂ ਨੇ ਤਾਂ ਅੰਮ੍ਰਿਤਾ ਦੀ ਕਵਿਤਾ 'ਅੰਨਦਾਤਾ' ਦੀ ਵੀ ਪਤਾ ਨਹੀਂ ਕੀ ਦੀ ਕੀ ਵਿਆਖਿਆ ਦੇ ਦਿੱਤੀ — ਅੰਮ੍ਰਿਤਾ ਨਾਲ ਕੀਤੀ ਕਲਪਿਤ ਗੱਲਬਾਤ ਦੀ ਪਿੱਠਭੂਮੀ ਵਿਚ...ਜਦ ਕਿ ਪ੍ਰੀਤਮ ਸਿੰਘ ਜਾਂ ਅੰਮ੍ਰਿਤਾ ਨੇ ਕਦੇ ਇਕ ਦੂਜੇ ਦੀ ਸ਼ਖ਼ਸੀਅਤ ਵਿਰੁੱਧ ਉਨਾ ਲਫ਼ਜ਼ ਨਹੀਂ ਬੋਲਿਆ — ਕਹਿਣ ਵਾਲਿਆਂ 'ਚੋਂ ਬਹੁਤੇ ਇਸ ਸੱਚਾਈ ਤੋਂ ਜਾਣੂ ਨਹੀਂ ਹਨ ਕਿ ਪ੍ਰੀਤਮ ਸਿੰਘ ਆਪਣੇ ਅੰਤਲੇ ਦਿਨਾਂ ਵਿਚ ਜਦੋਂ ਲਗਪਗ ਆਪਣਾ ਸਭ ਕੁਝ ਗੁਆ ਚੁਕਾ ਸੀ...ਬਿਮਾਰੀਆਂ ਨੇ ਉਹਨਾਂ ਨੂੰ ਬੁਰੀ ਤਰ੍ਹਾਂ ਘੇਰ ਲਿਆ ਸੀ — ਗੁਰਦੇ, ਫੇਫੜੇ, ਖ਼ਬਰੇ ਕੀ-ਕੀ ਫੇਲ ਹੋ ਚੁਕਿਆ — ਉਦੋਂ ਨਵਰਾਜ ਨੇ ਅੰਮ੍ਰਿਤਾ ਅੱਗੇ ਇਕ ਵੇਰ ਹੀ ਕਿਹਾ ਸੀ — ਮਮਾ ਉਹ ਮੇਰੇ ਤਾਂ ਪਿਤਾ ਹਨ ਤਾਂ ਅੰਮ੍ਰਿਤਾ ਨੇ ਝੱਟ ਆਪਣੇ ਘਰ ਲਿਆਉਣ ਦੀ ਇਜਾਜ਼ਤ ਦੇ ਦਿੱਤੀ ਸੀ। ਅੰਮ੍ਰਿਤਾ ਦੇ ਘਰ ਦੇ ਇੱਕ ਪਾਸੇ ਬਣੇ ਇਕ ਕਮਰੇ ਵਿਚ ਢਾਈ ਵਰ੍ਹੇ ਉਹਨਾਂ ਦੀ ਤੀਮਾਰਦਾਰੀ ਚਲਦੀ ਰਹੀ। ਨਰਸ, ਨੌਕਰਾਣੀ, ਬਹੂ-ਬੇਟਾ, ਹਰ ਸਹੂਲਤ ਉਹਨਾਂ ਦੇ ਉਸ ਕਮਰੇ ਵਿਚ ਮੌਜੂਦ ਸੀ — ਨਹੀਂ ਤਾਂ...ਕੌਣ ਔਰਤ ਇਕ ਵੇਰ ਅੱਡ ਹੋਣ ਤੋਂ ਬਾਅਦ ਦੂਜੇ

ਬੰਦੇ ਨਾਲ ਖੁਸ਼ਹਾਲ ਜ਼ਿੰਦਗੀ ਜਿਊਂਦੇ ਹੋਇਆਂ, ਮੁੜ ਉਸੀ ਵਿਅਕਤੀ ਨੂੰ ਆਪਣੇ ਘਰ ਠਹਿਰਾਉਣ ਦੀ ਸੋਚ ਰਖਦੀ ਹੈ...ਖ਼ਾਸ ਕਰ ਪਬਲਿਕ ਲਾਈਫ਼ ਜਿਊਂਦੀ...ਐਨੇ ਉੱਚੇ ਮੁਕਾਮ ਉੱਤੇ ਪਹੁੰਚੀ ਸ਼ਖ਼ਸੀਅਤ...ਇਸ ਨਾਲ ਕਈ ਅਫ਼ਵਾਹਾਂ ਵੀ ਜਨਮ ਲੈ ਸਕਦੀਆਂ ਸਨ ਤੇ ਕਈ ਮਾੜੇ ਨਤੀਜੇ ਵੀ ਹੋ ਸਕਦੇ ਹਨ ਜਿਹਾ ਕਿ ਪ੍ਰੀਤਮ ਸਿੰਘ ਦੇ ਮਰਨ ਮਗਰੋਂ ਇਕ ਪੰਜਾਬੀ ਅਖ਼ਬਾਰ ਵਿਚ ਇਸ ਸਿਲਸਿਲੇ ਨੂੰ ਲੈ ਕੇ ਘਟੀਆ ਤੇ ਹਲਕੇ ਪੱਧਰ ਦਾ ਕੁਝ ਛੱਪਿਆ ਵੀ ਸੀ।

ਖ਼ੈਰ ਪ੍ਰੀਤਮ ਸਿੰਘ ਦਾ ਵੀ ਅੰਤ ਤੀਕ ਉਸ ਉੱਤੇ ਇਹੀ ਵਿਸ਼ਵਾਸ ਬਣਿਆ ਰਿਹਾ ਸੀ, ਜੋ ਕਿ ਇਮਰੋਜ਼ ਦਾ ਅੰਮ੍ਰਿਤਾ ਦੇ ਅੰਤ ਮਗਰੋਂ ਵੀ ਬਣਿਆ ਹੋਇਆ ਹੈ...ਤਾਂ ਹੀ ਜਦੋਂ ਪ੍ਰੀਤਮ ਸਿੰਘ ਨਾਲੋਂ ਨਿਖੜ ਕੇ ਅੰਮ੍ਰਿਤਾ ਨੇ ਆਪਣੇ ਢੰਗ ਨਾਲ ਜਿਊਣ ਦਾ ਸੋਚਿਆ ਉਸ ਵੇਲੇ ਇਕ ਲੇਖਕ (ਜੋ ਕਨੂੰਨਗੋ ਵੀ ਸੀ) ਪ੍ਰੀਤਮ ਸਿੰਘ ਲੈ ਗਿਆ ਤੇ ਉਹਨੂੰ ਤਰਲੇ ਕੀਤੇ — ਇਕ ਵੇਰ ਕਾਗਜ਼ਾਂ ਉੱਤੇ ਘੁੱਗੀ ਮਾਰ ਦੇਵੇ ਤਾਂ ਉਹ ਅੰਮ੍ਰਿਤਾ ਨੂੰ ਕਚਹਿਰੀਆਂ ਵਿਚ ਰੋਲ ਦੇਵੇਗਾ। ਪ੍ਰੀਤਮ ਸਿੰਘ ਨੇ ਨਾਂਹ ਕਰ ਦਿੱਤੀ।

ਇਮਰੋਜ਼ ਹੱਸਦੇ ਹਨ ਕਿ ਇਹ ਨੇਕੀ ਕਦੋਂ ਅੰਮ੍ਰਿਤਾ ਦੇ ਇੰਟਰਵਿਊ ਲੈਂਦਾ ਰਿਹਾ...ਇਹਨਾਂ 45 ਵਰ੍ਹਿਆਂ ਵਿਚ ਘਟੋ-ਘੱਟ ਮੈਂ ਤਾਂ ਇਕ ਵੇਰ ਵੀ ਉਹਨੂੰ ਆਪਣੇ ਘਰ ਨਹੀਂ ਵੇਖਿਆ ਜੇ ਇਸ ਤੋਂ ਪਹਿਲਾਂ ਦੀ ਗੱਲ ਹੋਵੇ ਤਾਂ ਫੇਰ...ਉਹ ਉਥੇ ਦਾ ਉਥੇ ਖੜ੍ਹਾ ਏ, ਖੜੋਤਾ ਪਾਣੀ...ਗੰਦਲਾਇਆ...ਤੇ ਅੰਮ੍ਰਿਤਾ ਉਸ ਤੋਂ ਕਿੰਨਾ ਅਗਾਂਹ ਨਿਕਲ ਆਈ...

ਵਿਦਵਾਨਾਂ ਨੂੰ ਕੀ ਹੋ ਰਿਹਾ ਏ...ਜਗ-ਜ਼ਾਹਿਰਾ ਹਕੀਕਤ ਇਹ ਹੈ ਕਿ ਇਮਰੋਜ਼ ਦੇ ਆਉਣ ਮਗਰੋਂ ਅੰਮ੍ਰਿਤਾ ਨੇ ਕਦੇ ਉਦਾਸੀ, ਇਕੱਲਤਾ ਨਹੀਂ ਹੰਢਾਈ — ਉਹ ਭਰਪੂਰ, ਖ਼ੁਸ਼ ਅਤੇ ਮਰਜ਼ੀ ਮੁਤਾਬਕ ਜੀਵੀ। ਇਕ ਹੋਰ ਕਾਲਜ ਤੋਂ ਆਏ ਇਕ ਅਦੀਬ ਨੇ ਪੁੱਛਿਆ — ਅੰਮ੍ਰਿਤਾ ਨੇ ਪੰਜਾਬ ਸਮੱਸਿਆ ਜਾਂ ਚੁਰਾਸੀ ਦੇ ਦੰਗਿਆਂ ਉੱਤੇ ਕਿਉਂ ਨਹੀਂ ਕੁਝ ਲਿਖਿਆ...ਸ਼ਾਇਦ ਉਹਨਾਂ ਨੇ ਅੰਮ੍ਰਿਤਾ ਦੀ 'ਰਸੀਦੀ ਟਿਕਟ' ਦਾ ਪੰਜਵਾ ਸੰਸਕਰਣ (ਰਿਵਾਈਜ਼ ਕੀਤਾ ਹੋਇਆ) ਨਹੀਂ ਸੀ ਪੜ੍ਹਿਆ — ਜਿਸ ਵਿਚ ਅੰਮ੍ਰਿਤਾ ਨੇ ਤਿੰਨ ਥਾਈਂ ਚੁਰਾਸੀ ਦੇ ਦੰਗਿਆਂ ਵਿਚ ਮਾਸੂਮ ਲੋਕਾਂ ਦੇ ਹੋਏ ਕਤਲਾਂ ਵਿਚ ਸਿਆਸਤ, ਮਜ਼੍ਹਬ ਅਤੇ ਸਾਹਿਤ ਨੂੰ ਇਕੋ ਜਿਹਾ ਦੋਸ਼ੀ ਗਰਦਾਨਿਆ ਹੈ ਅਤੇ ਚੁਰਾਸੀ ਦੇ ਦੰਗਿਆਂ ਤੋਂ ਪ੍ਰਭਾਵਿਤ ਹੋ ਕੇ ਲਿਖੀਆਂ ਆਪਣੀਆਂ ਕਵਿਤਾਵਾਂ ਵੀ ਦਰਜ ਕੀਤੀਆਂ ਹਨ :-

''ਮਾਏ ਨੀ ਮੇਰਾ ਖਿਜ਼ਰ ਗਵਾਚਾ...''

''ਅੱਜ ਕਲ੍ਹ ਹਾਂਡੀਆਂ ਵਿਚ ਖ਼ੌਫ਼ ਰਿੱਝਦੇ ਹਨ...

ਦੋਸਤੋ, ਦੁਆ ਕਰੋ
ਕੁਹਾੜੀਆਂ ਦਾ ਮੌਸਮ ਬਦਲ ਜਾਏ...

ਅਤੇ ਪੰਜਾਬ ਸਮੱਸਿਆ ਦੀ ਪੀੜ 'ਚ ਪਰੁੱਚੀ ਉਹ ਕਹਿੰਦੀ ਹੈ :-

ਰੱਬ ਖ਼ੈਰ ਕਰੇ ਮੇਰੇ ਵਿਹੜੇ ਦੀ
ਜਿਸ ਥਾਂ ਰਾਂਝਣ ਡੇਰਾ ਕੀਤਾ
ਉਥੇ ਧਮਕ ਸੁਣੀਦੀ ਖੇੜੇ ਦੀ...

ਦਰਅਸਲ ਜਦੋਂ ਪਹਿਲੀ ਵੇਰ ਅੰਮ੍ਰਿਤਾ ਜੀ ਦੀ ਰਸੀਦੀ ਟਿਕਟ ਛੱਪੀ ਉਦੋਂ ਇਹ ਅਣਮਨੁੱਖੀ ਵਰਤਾਰੇ ਨਹੀਂ ਵਾਪਰੇ ਸਨ, ਇਸੇ ਲਈ ਜਦੋਂ 'ਰਸੀਦੀ ਟਿਕਟ' ਦਾ ਪੰਜਵਾਂ ਸੰਸਕਰਣ ਪ੍ਰੈਸ ਵਿਚ ਜਾਣ ਲਗਾ ਤਾਂ ਸੰਵੇਦਨਸ਼ੀਲ ਸ਼ਾਇਰਾ ਨੇ ਉਹਨੂੰ ਸੋਧ ਕੇ, ਹੋਰ ਨਿਜੀ ਨਵੀਆਂ ਤਬਦੀਲੀਆਂ ਮਸਲਨ ਨਵਰਾਜ ਦੇ ਤਲਾਕ ਅਤੇ ਪੁਨਰ ਵਿਆਹ ਦਾ ਜਿਥੇ ਜ਼ਿਕਰ ਕੀਤਾ, ਉਥੇ ਇਹਨਾਂ ਹਾਦਸਿਆਂ ਪ੍ਰਤੀ ਵੀ ਸੰਖੇਪ ਪਰ ਗੰਭੀਰ ਅਤੇ ਜ਼ਿੰਮੇਵਾਰ ਜ਼ਿਕਰ ਕੀਤਾ।

ਇਮਰੋਜ਼ ਜੀ ਕਈ ਵੇਰ ਹੱਸਦੇ ਹਨ, ਇਹਨਾਂ ਦੰਭੀ ਅਤੇ ਕੂੜ ਆਸ਼ਕਾਂ ਉੱਤੇ — ਮਾਣ ਨਾਲ ਭਰ ਕੇ ਕਹਿੰਦੇ ਹਨ ਕਿ ਅੰਮ੍ਰਿਤਾ ਨੇ ਇਹਨਾਂ ਨੂੰ ਸਹੀ ਪਛਾਣਿਆ ਸੀ — ਇਹਨਾਂ 'ਚੋਂ ਕਿਸੇ ਨੂੰ ਵੀ ਇਸ ਕਾਬਿਲ ਨਹੀਂ ਸਮਝਿਆ ਸੀ — ਜਿਹੜੇ ਆਨੀਂ — ਬਹਾਨੀਂ ਅੰਮ੍ਰਿਤਾ ਦੇ ਨੇੜੇ ਆਉਣ ਦਾ ਜਤਨ ਕਰਦੇ...ਉਹਦੇ ਘਰ ਡੇਰੇ ਲਾਈ ਰੱਖਦੇ — ਇਮਰੋਜ਼ ਕਹਿੰਦੇ ਨੇ — ਅਮੀਆ, ਜਦੋਂ ਅਸੀਂ ਇਕੱਠੇ ਰਹਿਣ — ਜਿਊਣ ਦਾ ਫ਼ੈਸਲਾ ਕੀਤਾ ਅਤੇ ਕੁਝ ਚਿਰ ਮੁੰਬਈ ਵਸੇਬਾ ਕੀਤਾ ਤਾਂ ਉਦੋਂ ਪ੍ਰੀਤਲੜੀ 'ਚ ਸਫ਼ੀਰ ਦੀ ਇਹ ਨਜ਼ਮ ਛੱਪੀ — ਨੱਸ ਗਈ, ਨੱਸ ਗਈ...ਹੱਸਦੇ ਹੋਇਆਂ ਕਹਿਣ ਲਗੇ — ਉਹਨੂੰ ਅੰਮ੍ਰਿਤਾ ਦੇ ਨੱਸਣ ਉੱਤੇ ਇਤਰਾਜ਼ ਨਹੀਂ ਸੀ — ਇਤਰਾਜ਼ ਇਸ ਉੱਤੇ ਸੀ ਕਿ ਉਹ ਸਫ਼ੀਰ ਦੀ ਥਾਂ ਇਮਰੋਜ਼ ਨਾਲ ਕਿਉਂ ਨੱਸੀ। ਉਹਨੀਂ ਦਿਨੀਂ ਸਤਿਆਰਥੀ ਜੀ ਨੇ ਧੀਰ ਨੂੰ ਕਿਹਾ ਸੀ — ਅੰਮ੍ਰਿਤਾ ਨੇ ਇਹ ਕੀ ਮਲੂਕ ਜਿਹਾ ਮੁੰਡਾ ਚੁਣਿਆ ਏ — ਜੇ ਚੁਣਨਾ ਹੀ ਸੀ ਤਾਂ ਮੇਰੇ ਜਾਂ ਤੇਰੇ ਜਿਹਾ ਭਰਵਾਂ ਮਰਦ ਚੁਣਦੀ...ਖ਼ੈਰ ਇਹਨਾਂ ਗੱਲਾਂ ਦਾ ਕਿਤੇ ਅੰਤ ਨਹੀਂ...ਮੈਂ ਤਾਂ ਜਿੰਨਾ ਕੁ ਅੰਮ੍ਰਿਤਾ ਨੂੰ ਜਾਣਦੀ ਹਾਂ, ਉਸ ਤੋਂ ਇੰਨਾ ਹੀ ਕਹਿ ਸਕਦੀ ਆਂ ਜੇ ਅੰਮ੍ਰਿਤਾ ਕਲਪਨਾ ਦਾ ਸੱਚ (ਸਾਹਿਰ ਬਾਰੇ) ਦੱਸਣ ਦਾ ਜੇਰਾ ਕਰ ਸਕਦੀ ਹੈ ਤਾਂ ਹਕੀਕਤ ਵੀ ਉਸ ਲੁਕੋਣੀ ਨਹੀਂ ਸੀ।

'ਹੁਣ' ਰਸਾਲੇ ਵਿਚਲੀਆਂ ਤਸਵੀਰਾਂ 'ਤੋਂ ਘੱਟੋ-ਘੱਟ ਮੈਨੂੰ ਅਤੇ ਇਮਰੋਜ਼ ਜੀ ਨੂੰ ਤਾਂ ਅੰਮ੍ਰਿਤਾ ਪ੍ਰਤੀ ਕੁਝ ਨਾਂਹ-ਪੱਖੀ ਨਹੀਂ ਦਿੱਸਿਆ — ਦੇਹੀ-ਭਾਸ਼ਾ ਤਾਂ ਸਗੀ ਦੀ ਬੋਲ ਰਹੀ ਏ — ਬੋਝਿਆਂ 'ਚ ਹੱਥ ਪਾਈ — ਇਸ ਸੋਚ ਨਾਲ ਫੁੱਲਿਆ ਹੋਇਆ — ਕਿ ਉਹਦੇ ਨਾਲ ਇੱਕ ਸਥਾਪਤ ਅਤੇ ਅੰਤਾਂ ਦੀ ਹੁਸੀਨ ਔਰਤ (ਸੂਰਤ ਅਤੇ ਜ਼ਿਹਨੀ ਦੋਵੇਂ ਪੱਖੋਂ) ਚਲ ਰਹੀ ਏ। ਅੰਮ੍ਰਿਤਾ ਜੀ ਤਾਂ ਆਪਣੇ ਵਿਚ ਲੀਨ, ਸੁੰਗੜੇ ਹੋਏ, ਚਿਹਰੇ ਉੱਤੇ ਕੋਈ ਸੋਚ, ਤਣਾਓ ਲਏ, ਇੱਕ ਭਰਵੀਂ ਵਿੱਥ ਉੱਤੇ ਚਲ ਰਹੇ...

ਦੂਜੇ ਸਭ ਤੋਂ ਵੱਡੀ ਗੱਲ...ਇੰਨੀ ਵੱਡੀ ਸੱਚਾਈ ਪ੍ਰਤੀ ਉਹ ਇੰਨਾ ਚਿਰ ਮੌਨ ਕਿਉਂ ਰਿਹਾ ? (ਜੇ ਉਹ ਸੱਚ ਵੀ ਸੀ ਤਾਂ ਉਹਨੇ ਇੰਨੇ ਵਰ੍ਹੇ ਕਿਉਂ ਇਸ ਨੂੰ ਆਪਣੇ ਅੰਦਰ ਲੁਕੋਏ ਰੱਖਿਆ, ਚੁੱਪ ਧਾਰੀ ਰੱਖੀ) 1977 ਵਿਚ ਉਹ ਡਾ. ਨੂਰ ਨਾਲ ਦਿੱਲੀ ਯੂਨੀਵਰਸਿਟੀ ਆਇਆ ਸੀ, ਉਦੋਂ ਮੈਂ ਐਮ. ਏ. ਦੀ ਵਿਦਿਆਰਥਣ ਸਾਂ ਅਤੇ ਅੰਮ੍ਰਿਤਾ ਜੀ ਨੂੰ ਇਕੋ ਵੇਰ ਮਿਲੀ ਸਾਂ, ਪ੍ਰਸ਼ੰਸਕ ਵਜੋਂ...ਉਸ ਵੇਲੇ ਮੈਂ ਸਗੀ ਨੂੰ ਸੁੱਤਿਆਂ (ਵਿਦਿਆਰਥੀਆਂ ਅਤੇ ਪ੍ਰਾਧਿਆਪਕਾਂ) ਸਾਹਵੇਂ ਸੁਆਲ ਕੀਤਾ ਸੀ ਕਿ ਅੰਮ੍ਰਿਤਾ ਜੀ ਨੇ 'ਰਸੀਦੀ ਟਿਕਟ' ਵਿਚ ਜੋ ਕੁਝ ਉਸਦੇ ਬਾਰੇ 'ਇਕ ਦੋਸਤੀ ਦੀ ਮੌਤ' ਦੇ ਸਿਰਲੇਖ ਹੇਠਾਂ ਲਿਖਿਆ ਹੈ — ਉਸ ਬਾਰੇ ਉਹ ਕੀ ਕਹਿੰਦਾ ਏ...ਉਸਨੇ ਇਕੋ ਗੱਲ ਕਹੀ — 'ਮੈਂ ਇਸ ਬਾਰੇ ਕੁਝ ਨਹੀਂ ਕਹਿਣਾ...' ਤੇ ਹੁਣ ਅਕਤੂਬਰ ਦੇ ਅੰਤਿਮ ਦਿਨ ਉਹਨਾਂ

ਦੀ ਇਸ ਜਹਾਨੋਂ ਅਲਵਿਦਾਇਗੀ ਹੋਣ ਮਗਰੋਂ ਨਵੰਬਰ ਦੇ ਅੰਕ ਵਿਚ ਉਸ ਇਹ ਸਭ ਜ਼ਹਿਰ ਉਗਲ ਦਿੱਤਾ...ਕਿਉਂਜੁ ਮਰਿਆ ਬੰਦਾ ਆਪਣਾ ਪੱਖ ਪੂਰਨ ਜਾਂ ਦੂਜੇ ਦੇ ਗਲਤ ਕਥਨ 'ਤੇ ਕਾਟਾ ਮਾਰਨ ਨਹੀਂ ਆ ਸਕਦੈ। ਮੈਨੂੰ ਯਾਦ ਆਇਆ ਕਦੇ ਕਵੀ ਮੋਹਨ ਸਿੰਘ ਨੇ ਵੀ ਇਹ ਦਾਅਵਾ ਬੰਨ੍ਹਿਆ ਸੀ ਕਿ ਉਹ ਅੰਮ੍ਰਿਤਾ ਦੀ ਮੌਤ ਦਾ ਇੰਤਜ਼ਾਰ ਕਰ ਰਿਹਾ ਏ — ਉਸ ਤੋਂ ਬਾਅਦ ਉਹ ਉਹਨਾਂ ਬਾਰੇ ਅਜਿਹੀਆਂ ਗੱਲਾਂ ਦੱਸੇਗਾ...ਰਹੇ ਰੱਬ ਦਾ ਨਾਂ...ਤਾਂ ਅੰਮ੍ਰਿਤਾ ਜੀ ਨੇ 'ਨਾਗਮਣੀ' ਰਾਹੀਂ ਇਹ ਸੁਨੇਹਾ ਦਿੱਤਾ ਸੀ ਕਿ ਜੇ ਕੋਈ ਅਜਿਹਾ ਸੱਚ ਏ ਤਾਂ ਹੁਣ ਜ਼ਾਹਿਰ ਕਰੇ, ਕਬਰਾਂ ਗਵਾਹੀ ਦੇਣ ਨਹੀਂ ਆਉਂਦੀਆਂ...ਨਾ ਸੱਚਾਈ ਦਾ ਖੁਲਾਸਾ ਕਰਨ...ਖ਼ੈਰ ਦਾਅਵਾ ਕਰਨ ਵਾਲਾ ਅੰਮ੍ਰਿਤਾ ਤੋਂ 29 ਵਰ੍ਹੇ ਪਹਿਲਾਂ ਤੁਰ ਗਿਆ...

ਇਸੇ ਸੰਦਰਭ ਵਿਚ ਮੈਨੂੰ ਮੰਜੀਤ ਇੰਦਰਾ ਦੀ 'ਤਾਰਿਆਂ ਦੀ ਛੱਜ' ਵਿਚਲੀ ਇਕ ਫੋਟੋ ਦਾ ਧਿਆਨ ਆ ਰਿਹਾ...ਜਿਸ ਰਾਹੀਂ ਇੰਦਰਾ ਨੇ ਅੰਮ੍ਰਿਤਾ ਅਤੇ ਮੋਹਨ ਸਿੰਘ ਨੂੰ ਇਕੱਠੇ ਬੈਠਿਆਂ ਦਰਸਾਇਆ ਏ...ਉਹ ਇਹ ਕਿਤਾਬ ਦਿੱਲੀ ਦੇ ਕੁਝ ਅਦੀਬ ਦੋਸਤਾਂ ਨਾਲ ਆਪ ਆਕੇ ਅੰਮ੍ਰਿਤਾ ਜੀ ਨੂੰ ਦੇ ਕੇ ਗਈ...ਉਹਦੇ ਜਾਣ ਮਗਰੋਂ ਅੰਮ੍ਰਿਤਾ ਜੀ ਨੇ ਕਿਤਾਬ ਖੋਲ੍ਹੀ...ਕਿਤਾਬ ਅੰਦਰ ਇੰਨਾ ਕੂੜ...ਅੰਮ੍ਰਿਤਾ ਜੀ ਬਾਰੇ ਤਾਂ ਉਹਨੇ ਕੀ ਜ਼ਾਹਿਰ ਕਰਨਾ ਸੀ...ਉਹ ਆਪਣਾ ਹੀ ਦੂਹਰਾ ਪਾਸਾ ਵਿਖਾ ਗਈ...ਖ਼ੈਰ ਅੰਮ੍ਰਿਤਾ ਜੀ ਮੇਰੇ ਨਾਲ ਗੱਲਾਂ ਕਰਦਿਆਂ-ਕਰਦਿਆਂ ਆਪਣੀਆਂ ਪੁਰਾਣੀਆਂ ਤਸਵੀਰਾਂ ਦੀ ਐਲਬਮ ਚੁੱਕ ਲਿਆਏ — ਉਸ ਵਿਚ ਇਕ ਤਸਵੀਰ 'ਚ ਐਮ. ਐਸ. ਰੰਧਾਵਾ ਹੋਰਾਂ ਨਾਲ ਅੰਮ੍ਰਿਤਾ ਅਤੇ ਇਮਰੋਜ਼ ਜੀ ਦਿੱਸ ਰਹੇ ਸਨ — ਉਸ ਤਸਵੀਰ ਨੂੰ ਸਾਹਮਣੇ ਰਖਦਿਆਂ — ਅੰਮ੍ਰਿਤਾ ਜੀ ਨੇ ਮੰਜੀਤ ਇੰਦਰਾ ਦੀ ਕਿਤਾਬ ਵਾਲੀ ਤਸਵੀਰ ਵੀ ਸਾਹਮਣੇ ਕਰ ਦਿੱਤੀ — ਸਾਫ਼ ਦਿੱਸ ਰਿਹਾ ਸੀ — ਉਹੀ ਕੱਪੜੇ, ਉਹੀ ਮੁਦਰਾ...ਧੌਣ ਤੋਂ ਉੱਤੇ ਮੋਹਨ ਸਿੰਘ ਦਾ ਚਿਹਰਾ ਜੋੜ ਦਿੱਤਾ ਸੀ ਅਤੇ ਇਸ ਜੋੜ ਵਿਚ ਕੋਈ ਸਫ਼ਾਈ ਵੀ ਨਹੀਂ ਸੀ...ਖ਼ੈਰ ਅਜਿਹੀਆਂ ਕਿਤਾਬਾਂ ਦੀ ਲੰਮੀ ਉਮਰ ਨਹੀਂ ਹੁੰਦੀ ਕਿਸੇ ਅਨਾਰ ਵਾਂਗ ਚੰਗਿਆੜਿਆਂ ਦਾ ਸੋਸ਼ਾ ਛੱਡਦੀਆਂ, ਬਿਨਾਂ ਪ੍ਰਭਾਵ ਦਿੱਤੇ, ਝੱਟ ਦੇਣੀ ਬੁੱਝ ਵੀ ਜਾਂਦੀਆਂ ਹਨ...ਮੈਂ ਇਸ ਕਿਤਾਬ ਦਾ ਕਿਤੇ ਵਧੀਆ ਜ਼ਿਕਰ ਨਹੀਂ ਸੁਣਿਐ...

'ਨਵਾਂ ਜ਼ਮਾਨਾ' ਦੀ ਐਤਵਾਰਤਾ ਵਿਚ 'ਹੁਣ' ਵਿਚਲੇ ਸਤੀ ਦੇ ਸਾਖਿਆਤਕਾਰ ਦਾ ਜ਼ਿਕਰ ਹੈ ਪਰ ਮੈਨੂੰ ਚੰਗਾ ਲਗਿਐ ਕਿ ਉਹਨਾਂ ਨੇ ਇਸਦਾ ਜ਼ਿਕਰ ਕਰਨਾ ਵੀ ਮੁਨਾਸਿਬ ਨਹੀਂ ਸਮਝਿਆ ਜੋ ਸਤੀ ਨੇ ਅੰਮ੍ਰਿਤਾ ਬਾਰੇ ਇੰਨਾ ਕੁਫ਼ਰ ਤੋਲਿਆ ਏ...

ਅੰਮ੍ਰਿਤਾ ਉਤੇ ਹੋਏ ਕਈ ਸੈਮੀਨਾਰਾਂ ਵਿਚ ਡਾ. ਕਰਨਜੀਤ, ਡਾ. ਨੂਰ ਜਾਂ ਡਾ. ਵਨੀਤਾ ਅਕਸਰ ਕਹਿੰਦੇ ਹਨ — ''ਅੰਮ੍ਰਿਤਾ ਸਾਹਿਤ ਦਾ ਹਾਲੇ ਸਹੀ ਮੁਲੰਕਣ ਹੋਣਾ ਰਹਿੰਦਾ ਹੈ ਜਾਂ ਹੋਣਾ ਚਾਹੀਦਾ ਏ...ਤਾਂ ਫਿਰ ਜੋ ਇਹ ਮਨਘੜਤ ਜਾਂ ਅੱਧ-ਪਚੱਧੇ ਸੱਚ, ਮਨੋਕਥਨੀਆਂ ਉਹਦੀ ਸ਼ਖ਼ਸੀਅਤ ਦੇ ਆਲ-ਦੁਆਲ ਪਸਰ ਰਹੀਆਂ ਹਨ, ਇਹਨਾਂ ਦਾ ਵੀ ਮੁਲੰਕਣ ਜਾਂ ਨਿਤਾਰਾ ਹੋਣਾ ਚਾਹੀਦਾ ਏ...

ਮੈਂ ਤਾਂ ਸਿਰਫ਼ ਇੰਨਾ ਹੀ ਚਾਹੁੰਦੀ ਹਾਂ...

# 'ਮੇਰੀ ਅੰਮ੍ਰਿਤਾ ਦੀਦੀ' : ਪ੍ਰਤੀਕਰਮ ਦਰ ਪ੍ਰਤੀਕਰਮ

ਅੰਮ੍ਰਿਤਾ ਜੀ ਦੀ ਸੰਗਤ 'ਚ ਬਿਤਾਏ ਉਹਨਾਂ ਦੇ ਪੂਰਨ ਜਲੌ ਦੇ 14-15 ਵਰ੍ਹੇ ਵੀ ਵੇਖੇ ਹਨ, ਫਿਰ ਉਹਨਾਂ ਦੀ ਬਿਮਾਰੀ, ਢਲਦੀ ਸਿਹਤ ਦੇ 3½ ਵਰ੍ਹੇ ਵੀ ਦੁਖਾਵੇਂ ਅਹਿਸਾਸਾਂ 'ਚੋਂ ਲੰਘਦੇ ਵੇਖੇ ਤੇ ਫਿਰ ਉਹਨਾਂ ਦੇ ਤੁਰ ਜਾਣ ਮਗਰੋਂ ਦੇ ਪੰਜ ਵਰ੍ਹੇ ਵੀ ਵੇਖੇ ਹਨ...ਇਹਨਾਂ ਤਿੰਨਾਂ ਵੱਖ-ਵੱਖ ਹਾਲਾਤ 'ਚੋਂ ਉਪਜੇ ਲੋਕਾਂ ਦੇ ਰੰਗ ਬਦਲਦੇ ਚਿਹਰਿਆਂ, ਖ਼ਿਆਲਾਂ ਤੋਂ ਵੀ ਪਾਜ ਉਘੜਦੇ ਵੇਖੇ...ਦੁੱਖ, ਅਫ਼ਸੋਸ, ਹੈਰਾਨੀ ਜਿਹੇ ਅਹਿਸਾਸਾਂ ਨੂੰ ਲਏ ਅਕਸਰ ਦੋਸਤਾਂ, ਇਮਰੋਜ਼ ਤੇ ਅਲਕਾ ਨਾਲ ਅੰਮ੍ਰਿਤਾ ਜੀ ਦੀਆਂ ਬਾਤਾਂ ਹੁੰਦੀਆਂ ਰਹਿੰਦੀਆਂ ਪਰ ਇਸ ਸਭ ਕਾਸੇ 'ਤੇ ਕਲਮ ਲਿਖਣੋਂ ਗੁਰੇਜ ਕਰਦੀ ਰਹੀ — ਸੋਚਦੀ ਸਾਂ ਇੰਨਾ ਲਿਖ ਲਿਆ ਏ — ਹੋਰ ਕੀ ਲਿਖਣ ਨੂੰ ਰਹਿ ਗਿਆ...ਫਿਰ ਸਵਰਨ ਕਵਾਤੜਾ ਦੀ ਕਿਤਾਬ ਆ ਗਈ — 'ਅੰਮ੍ਰਿਤਾ : ਮੇਰੀ ਮਾਂ ਵੀ, ਸਹੇਲੀ ਵੀ, ਜਿਸਦਾ ਆਮ ਲੋਕਾਂ, ਪਾਠਕਾਂ ਵਿਚ ਖ਼ੂਬ ਚਰਚਾ ਹੋਇਆ। ਉਹ ਸਵਰਨੀ ਜਿਸ ਦੇ ਬਾਰੇ ਅੰਮ੍ਰਿਤਾ ਜੀ ਨੇ 'ਰਸੀਦੀ ਟਿਕਟ' ਵਿਚ ਵੀ ਜ਼ਿਕਰ ਕੀਤਾ ਹੈ, ਉਹਨਾਂ ਤੋਂ ਇਲਾਵਾ ਇਮਰੋਜ਼ ਅਤੇ ਕੁਝ ਹੋਰ ਲੇਖਕਾਂ ਤੋਂ ਵੀ ਸੁਣਿਆ ਸੀ ਜੋ ਕੁਲ ਮਿਲਾ ਕੇ ਉਹਦੇ ਬਾਰੇ ਚੰਗਾ ਪ੍ਰਭਾਵ ਨਹੀਂ ਸਿਰਜਦਾ ਸੀ — ਸੋ ਉਹ ਪੁਸਤਕ ਮੰਗਵਾਈ, ਉਸ ਵਿਚਲੇ ਖੱਪਿਆਂ ਅਤੇ ਓਹਲਿਆਂ 'ਚ ਪਏ ਸੱਚ ਨੂੰ ਮਹਿਸੂਸਦਿਆਂ ਉਸ ਉੱਤੇ ਇਕ ਲੇਖ ਲਿਖਿਆ। ਇਹ ਲੇਖ ਕਿਸੇ ਦੋਸਤ ਨੇ ਕਹਿ ਕੇ ਲਿਖਵਾਇਆ ਸੀ — ਪਰ ਸ਼ਾਇਦ ਇਸ ਵਿਚਲੇ ਕੁਝ ਹਿੱਸੇ ਵਿਵਾਦੀ ਮੰਨ ਕੇ ਛਾਪਣ ਤੋਂ ਟਾਲ ਗਈ — ਮੈਂ ਇਕ-ਦੋ ਲੇਖਾਂ ਨੂੰ ਛੱਡ ਕਦੇ ਵੀ ਕਿਤੇ ਵੀ ਆਪੇ ਛਾਪਣ ਲਈ ਨਹੀਂ ਭੇਜਿਆ — ਸੰਪਾਦਕ ਦੀ ਮੰਗ ਤੇ ਹੀ ਭੇਜਿਆ ਹੈ ਅਤੇ ਭੇਜਣ ਮਗਰੋਂ ਕਦੇ ਸੁਆਲ ਨਹੀਂ ਕੀਤਾ ਕਿ ਇਹ ਕਦੋਂ ਛੱਪੇਗਾ — ਸੋ ਚੁੱਪ ਕਰ ਗਈ। ਫਿਰ ਕਾਫ਼ੀ ਮਹੀਨੇ ਲੰਘ ਗਏ — ਇਕ ਦਿਨ ਬਟਾਲੇ ਤੋਂ ਸਿਮਰਤ ਸੁਮੈਰਾ ਦਾ ਫ਼ੋਨ ਆਇਆ — 'ਸੂਹੀ ਸਵੇਰ' ਲਈ ਅੰਮ੍ਰਿਤਾ ਸੰਬੰਧੀ ਕੁਝ ਲਿਖਣ ਲਈ — ਉਹਦੇ ਲਗਾਤਾਰ ਇਸਰਾਰ ਨੇ ਮੁੜ ਤੋਂ ਯਾਦਾਂ ਦਾ ਸਿਲਸਿਲਾ ਤੋਰ ਲਿਆ...ਲੇਖ ਲਿਖਿਆ ਗਿਆ 'ਅੰਮ੍ਰਿਤਾ ਨੂੰ ਯਾਦ ਕਰਦਿਆਂ' ਲੇਖ ਫੈਕਸ ਕਰਨ ਮਗਰੋਂ ਲਗਿਆ — ਅਜੇ ਕੁਝ ਹੋਰ ਬਕਾਇਆ ਹੈ...ਲੇਖ ਛੱਪਣ 'ਤੇ ਇਕ ਦੋਸਤ ਨੇ ਤਾਰੀਫ਼ ਕੀਤੀ ਤੇ ਕਿਹਾ ''ਪੰਜਾਬੀ ਟ੍ਰਿਬਿਊਨ'' ਵਿਚ ਛੱਪਣਾ ਚਾਹੀਦਾ ਸੀ — ਜਿਹਨੂੰ ਪੜ੍ਹਨ ਵਾਲੇ ਪਾਠਕ ਵਰਗ ਦਾ ਘੇਰਾ ਵੱਡਾ ਹੈ...ਸੋ ਲੇਖ ਨੂੰ ਮੁੜ ਤੋਂ

ਸੋਧ, ਕਾਫ਼ੀ ਤੱਥ ਹੋਰ ਜੋੜ, ਨਵੇਂ ਸਿਰਿਓਂ ਲਿਖ ਕਮਲ ਦੁਸਾਂਝ ਨੂੰ ਭੇਜ ਦਿਤਾ...ਮਹੀਨਾ ਲੰਘ ਗਿਆ — ਕੋਈ ਖ਼ਬਰ ਨਹੀਂ — ਸੋਚਿਆ ਇਹ ਵੀ ਵਿਵਾਦੀ ਹੋਣ ਕਾਰਨ ਸ਼ਾਇਦ ਨਾ ਛੱਪੇ — ਚਲੋ ਮੇਰੀ ਕਿਤਾਬ ਵਿਚ ਤਾਂ...ਅਚਾਨਕ 18.12.10 (ਸ਼ਨੀਵਾਰ) ਨੂੰ ਮੋਬਾਇਲ 'ਤੇ ਸੰਪਾਦਕ ਵਰਿੰਦਰ ਵਾਲੀਆ ਦਾ ਸੁਨੇਹਾ ਮਿਲਿਆ। ਮੇਰੇ ਲੇਖ ਦੀ ਤਾਰੀਫ਼ ਕਰਦਾ ਤੇ ਟ੍ਰਿਬਿਊਨ' ਵਿਚ ਸਹਿਯੋਗ ਦੇਣ ਦੀ ਮੰਗ ਕਰਦਾ...ਬਸ ਦਿਲ ਧੜਕਣ ਲਗ ਪਿਆ...ਸਵੇਰ ਦੀ ਉਡੀਕ ਸ਼ੁਰੂ ਹੋ ਗਈ — ਅਖ਼ਬਾਰ ਮੇਰੇ ਤੀਕ ਪਹੁੰਚਣ ਤੋਂ ਪਹਿਲਾਂ ਪ੍ਰਤੀਕਰਮ ਸ਼ੁਰੂ ਹੋ ਗਏ — ਸਭ ਤੋਂ ਪਹਿਲਾਂ ਜਲੰਧਰ ਦੇ ਇਕ ਪਾਠਕ ਜਗਤਾਰ ਹੁਰਾਂ ਦਾ ਸਲਾਹੁਤਾ ਭਰਿਆ ਫੋਨ ਆਇਆ, ਫਿਰ ਦਿੱਲੀ ਤੋਂ ਮੰਧੀਰ ਸਿੰਘ ਦਿਓਲ ਦਾ ਪੱਤਰਕਾਰੀ ਨਾਲ ਜੁੜਿਆ ਹੋਣ ਕਾਰਨ ਸੂਹਾਂ ਲੈਂਦਾ, ਲੁਧਿਆਣੇ ਤੋਂ ਰਵੀ ਸ਼ਰਮਾ, ਪਟਿਆਲੇ ਤੋਂ ਕਿਸੇ ਪ੍ਰੇਮ ਦਾ, ਦਿੱਲੀ ਤੋਂ ਦਿਆਲ ਸਿੰਘ ਕਾਲਜ ਵਾਲੇ ਡਾ. ਪ੍ਰਿਥਵੀ ਰਾਜ ਥਾਪੜ, ਮਾਤਾ ਸੁੰਦਰੀ ਕਾਲਜ ਤੋਂ ਡਾ. ਅਮਰਬੀਰ ਕੌਰ, ਦਾ...ਇਸ ਲੇਖ ਨੇ ਮੈਨੂੰ ਕਿੰਨਿਆਂ ਦੇ ਨੇੜੇ ਕਰ ਦਿਤਾ ਜਿਥੇ ਦੋਸਤਾਂ ਦੇ ਫ਼ੋਨ ਆਏ — ਉਥੇ ਅਜਨਬੀ ਪਾਠਕਾਂ ਨੇ ਮੈਨੂੰ ਦੀਦੀ ਬਣਾ ਲਿਆ ਤੇ ਕਿਹਾ ਸਾਡੇ ਗਰਾਂ ਆਓ ਤਾਂ ਸਾਨੂੰ ਮਿਲੇ ਬਿਨਾਂ ਨਾ ਜਾਣਾ — ਅੰਮ੍ਰਿਤਸਰ ਤੋਂ ਅਜੇਪਾਲ, ਮਾਨਸਾ ਤੋਂ ਸਤਪਾਲ, ਚੰਡੀਗੜ੍ਹ ਤੋਂ ਗੁਰਸੇਵਕ, ਫ਼ਾਜ਼ਲਿਕਾ ਤੋਂ ਗੁਰਮੀਤ ਸਿੰਘ, ਕੁਰੂਕਸ਼ੇਤਰ ਤੋਂ ਮਾਸਟਰ ਜਸਵੰਤ ਸਿੰਘ, ਭਠਿੰਡਾ ਤੋਂ ਕੁਲਦੀਪ ਸਿੰਘ, ਨਾਭਾ ਤੋਂ ਮਹਿੰਦਰ ਜੀਤ ਸਿੰਘ ਜਿਹਨਾਂ ਨੇ ਮੈਨੂੰ ਅਸੀਸਾਂ ਦਿੱਤੀਆਂ — ਜਿਊਣ ਦੀਆਂ, ਕਲਮ ਦੇ ਇੰਜ ਹੀ ਲਿਖਦੇ ਰਹਿਣ ਦੀਆਂ। ਦੋਸਤਾਂ 'ਚੋਂ ਚੰਡੀਗੜੋਂ ਕਾਨ੍ਹਾ ਸਿੰਘ, ਕੰਵਲ ਢਿਲੋਂ, ਮਹਿੰਦਰ ਰਸ਼ਿਮ — ਅੰਮ੍ਰਿਤਸਰ ਤੋਂ ਅਰਤਿੰਦਰ ਸੰਧੂ, ਡਾ. ਆਤਮ ਰੰਧਾਵਾ, ਗੁਰਤੇਜ ਕੌਰ ਦਿੱਲੀ ਤੋਂ ਡਾ. ਜਸਬੀਰ ਕੌਰ, ਸ. ਮਨੋਹਰ ਸਿੰਘ ਬਤਰਾ, ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਤੋਂ ਪੀ.ਐਚ-ਡੀ ਕਰਦੇ ਵਿਦਿਆਰਥੀ—ਹਰਵਿੰਦਰ, ਮੁਨੀਸ਼, ਸੰਦੀਪ ਦਾ....ਪਰ ਇਹਨਾਂ ਸਭ ਦਾ ਸ਼ੁਕਰਾਨਾ ਕਰਦਿਆਂ ਮੈਂ ਅਸਲ ਵਿਚ ਉਹਨਾਂ ਦੋ ਤਰ੍ਹਾਂ ਦੇ ਪ੍ਰਤਿਕਰਮਾਂ ਦੀ ਗੱਲ ਕਰਨੀ ਏ — ਜੋ ਇਸ ਲਿਖਤ ਦਾ ਮੁੱਢ ਜਾਂ ਸਰੋਤ ਬਣੇ ਹਨ...ਦੋ ਅਜਿਹੇ ਫੋਨ ਆਏ — ਜਿਹਨਾਂ ਨੇ ਇਨਸਾਨ ਦੀ ਦੋਹਰੀ ਮਾਨਸਿਕਤਾ ਅਤੇ ਦੰਭੀ ਸੁਭਾਅ ਦਾ ਪਾਜ ਉਘਾੜਿਆ...ਇਕ-ਚਿੰਪੜ ਚਿੜੀ ਤੋਂ ਕਿਸੇ ਗੁਰਚਰਨ ਕੌਰ ਦਾ ਫ਼ੋਨ-ਲੇਖ ਦੇ ਵਿਸ਼ੇ ਤੋਂ ਪਰਾਂ ਇਹ ਜਾਨਣ ਦੀ ਇੱਛਾ ਕਰਦਾ ਕਿ ਅੰਮ੍ਰਿਤਾ ਪ੍ਰੀਤਮ ਦੀ ਆਪਣੇ ਪਤੀ ਨਾਲ ਕਿਉਂ ਨਹੀਂ ਬਣੀ — ਖ਼ੈਰ ਮੇਰੀ ਗੱਲ ਦੇ ਜਵਾਬ ਤੋਂ ਸੰਤੁਸ਼ਟ ਹੋਈ — ਪਰ ਪੰਜਾਬ ਦੇ ਕਿਸੇ ਹਿੱਸੇ ਤੋਂ ਕਿਸੇ ਵਿਅਕਤੀ ਦਾ (ਮੈਂ ਨਾ ਜਾਨਣ ਦੀ ਲੋੜ ਨਹੀਂ ਸਮਝੀ) ਬਹਿਸ — ਮੁਬਾਹਿਸੇ ਛੇੜਦਾ ਫ਼ੋਨ ਆਇਆ — ''ਮੇਰੀ ਇਕ ਗੱਲ ਦੀ ਪੁਸ਼ਟੀ ਕਰੋ'' — ਅੰਮ੍ਰਿਤਾ ਨੂੰ ਸ਼ਰਾਬ ਦੀ ਆਦਤ ਸੀ ?''

ਉੱਤਰ — ਸ਼ਰਾਬ ਪੀਂਦੇ ਸਨ — ਆਦਤ ਤਾਂ ਨਹੀਂ —

ਪ੍ਰਸ਼ਨ — ਔਰਤ ਹੋ ਕੇ...

ਉੱਤਰ — ਕੀ ਇਹ ਪੀਣਾ ਸਿਰਫ਼ ਮਰਦਾਂ ਦਾ ਇਕਲੌਤਾ ਹੱਕ ਏ —

ਪ੍ਰਸ਼ਨ — ਪਰ ਉਹ ਲੇਖਕ ਹੋ ਕੇ...

ਉੱਤਰ — ਕਿੰਨੇ ਲੇਖਕ ਸਿਰ 'ਤੇ ਪਗੜੀ ਸਜਾ, ਸਿਗਰਟ, ਸ਼ਰਾਬ ਪੀਂਦੇ ਹਨ, ਉਹਨਾਂ ਨੂੰ ਪੁਛੋ...

ਪ੍ਰਸ਼ਨ — ਪਰ ਲੇਖਕ ਤਾਂ ਸਮਾਜ ਦਾ ਦਰਪਣ ਹੁੰਦਾ ਏ —

ਮੈਂ ਤਲਖ਼ ਹੋ ਕੇ ਜਵਾਬ ਦਿੱਤਾ — ਸਮਾਜ ਭਾਵੇਂ ਪੀਵੇ ਪਰ ਦਰਪਣ ਉਹਦਾ ਪ੍ਰਤੀਕਰਮ ਨਾ ਦਿਖਾਏ...

ਜਨਾਬ ! ਅੰਮ੍ਰਿਤਾ ਦੀਆਂ ਲਿਖਤਾਂ ਦੀ ਗੱਲ ਕਰੋ — ਕਿਸੇ ਦੀ ਨਿਜੀ ਜ਼ਿੰਦਗੀ ਦੇ ਅਖ਼ਤਿਆਰ ਉਹਦੇ ਲਈ ਰਾਖਵੇਂ ਰਹਿਣ ਦਿਓ...ਸਿਰਫ਼ ਇਹ ਦੋ ਫ਼ੋਨ ਨਾਕਾਰਾਤਮਕ ਰੁੱਖ ਲਏ ਸਨ...ਜਿਹਨਾਂ ਫ਼ੋਨਾਂ ਨੇ ਮੈਨੂੰ ਸਭ ਤੋਂ ਵੱਧ ਸੇਧ ਅਤੇ ਖ਼ੁਸ਼ੀ ਦਿੱਤੀ ਉਹ ਸਨ — ਕਿਰਪਾਲ ਕਜ਼ਾਕ, ਪ੍ਰੋ. ਰਾਜਪਾਲ ਸਿੰਘ ਅਤੇ ਚੰਡੀਗੜ੍ਹੋਂ ਹੀ ਆਏ ਕਹਾਣੀਕਾਰ ਮੋਹਨ ਭੰਡਾਰੀ ਅਤੇ ਲੁਧਿਆਣੇ ਤੋਂ ਮਿਸਿਜ਼ ਸਰੋਦ ਸੁਦੀਪ ਦੇ...ਕਿਰਪਾਲ ਕਜ਼ਾਕ ਫ਼ੋਨ ਦੇ ਦੂਜੇ ਪਾਸਿਓਂ ਮੇਰੇ ਜ਼ੇਰੇ ਨੂੰ ਸਲਾਹ ਰਹੇ, ਅਮੀਆ : ਚੰਗੀ ਤੂੰ ਉਸ ਸਾਜ਼ਿਸ਼ ਵਲ ਸੰਕੇਤ ਕੀਤਾ ਹੈ...ਅਸੀਂ ਤਾਂ ਇਹ ਸਾਜ਼ਿਸ਼ ਆਪਣੇ ਹੱਡੀਂ ਹੰਢਾਈ ਏ...ਇਸ ਸੰਤਾਪ 'ਚੋਂ ਲੰਘੇ ਹਾਂ...ਦੁਪਹਿਰ ਵੇਲੇ ਫ਼ੋਨ ਦੀ ਟ੍ਰਿਨ-ਟ੍ਰਿਨ ਹੋਈ — ਦੂਜੇ ਪਾਸਿਓਂ ਰਾਜਪਾਲ ਦਾ ਉਦਾਸਿਆ ਸੁਰ ਸੀ — ਅਮੀਆ, ਮੈਂ ਬਹੁਤ-ਬਹੁਤ ਉਦਾਸ ਹੋ ਗਿਆ ਆਂ — ਇਹ ਪੜ੍ਹ ਕੇ...ਅਸੀਂ ਏਨੇ ਨਾਸ਼ੁਕਰੇ ਹੋ ਗਏ ਆਂ, ਏਨੀ ਛੇਤੀ ਅੰਮ੍ਰਿਤਾ ਜੀ ਦੀ ਦੇਣ ਨੂੰ ਵਿਸਾਰ ਬੈਠੇ ਆਂ... ਰਹਿ-ਰਹਿ ਕੇ ਇਹੀ ਸਭ ਕੁਝ ਦੁਹਰਾਏ...ਆਖ਼ਰ ਮਨਾਂ 'ਚ ਕੁਝ ਚੋਭ ਤਾਂ ਦਿੱਤੀ ਆ...ਕੁਝ ਅਹਿਸਾਸ ਤਾਂ ਕਰਾ ਦਿਤਾ ਈ...ਗਈ ਰਾਤ, ਸ਼ਾਇਰ ਸਰੋਦ ਸੁਦੀਪ ਦਾ ਫ਼ੋਨ ਆਇਆ...ਕਹਿਣ ਲਗੇ — ਮੇਰੀ ਬੇਟੀ ਨੂੰ ਤੇਰਾ ਲਿਖਿਆ ਬਹੁਤ ਪਸੰਦ ਆਇਐ...ਏਨੇ 'ਚ ਉਹਨਾਂ ਦੀ ਪਤਨੀ ਨੇ ਫ਼ੋਨ ਫੜ ਲਿਆ...ਮਹੀਨਾ ਕੁ ਪਹਿਲਾ ਉਹਨਾਂ ਨੇ ਮੇਰੇ ਤੋਂ ਇੱਕ ਸੁਆਲ ਪਾਇਆ ਸੀ — ਅਮੀਆ, ਮਾਂ ਦੇ ਜਾਣ ਬਾਅਦ ਕਿਹੋ ਜਿਹਾ ਲਗਦੈ...ਉਦੋਂ ਮੈਂ ਇਸ ਦੇ ਜਵਾਬ ਵਿਚ ਬਹੁਤ ਕੁਝ ਕਿਹਾ ਸੀ ਜਿਸਦਾ ਸਾਰ ਇਹੀ ਸੀ ਕਿ ਮਾਂ ਕਿਥੇ ਨਹੀਂ ਗਈ...ਇਥੇ ਹੀ ਏ — ਮੇਰੇ ਮਨ ਵਿਚ...ਮੇਰੇ ਬਹੁਤ ਨੇੜੇ...ਮਿਸਿਜ਼ ਸਰੋਦ ਸੁਦੀਪ ਉਸੇ ਪੁਰਾਣੀ ਗੱਲ ਦੇ ਹਵਾਲੇ ਨਾਲ ਕਹਿ ਰਹੇ — ਅਮੀਆ, ਮਾਂ ਸਚਮੁੱਚ ਕਿਥੇ ਨਹੀਂ ਗਈ, ਇਥੇ ਹੀ ਹੈ...ਇਸ ਫ਼ੋਨ ਤੋਂ ਝਟ ਬਾਅਦ ਕਹਾਣੀਕਾਰ ਮੋਹਨ ਭੰਡਾਰੀ ਹੁਰਾਂ ਦਾ ਫ਼ੋਨ ਆਇਆ — ਮੇਰੀਆਂ ਸੰਵੇਦਨਾਵਾਂ, ਭਾਵਨਾਵਾਂ ਦੀ ਕਦਰ ਕਰ ਰਹੇ...ਦੋ ਦਿਨਾਂ ਮਗਰੋਂ ਯੂ.ਕੇ. ਤੋਂ ਆਈ, ਅੰਮ੍ਰਿਤਸਰ ਠਹਿਰੀ ਕਿਸੇ ਗੁਰਤੇਜ ਕੌਰ ਦਾ ਫ਼ੋਨ ਆਇਆ ਤੇ ਤਿੰਨ ਮਹੀਨਿਆ ਮਗਰੋਂ ਸ਼ਾਹਕੋਟ ਤੋਂ ਮੈਥਸ ਟੀਚਰ ਕੁਲਜੀਤ ਸਿੰਘ ਤੇ ਉਸਦੀ ਪਤਨੀ ਸਰਬਜੀਤ ਕੌਰ (ਵਿਗਿਆਨ ਦੀ ਅਧਿਆਪਕਾ) ਦਾ। ਇਹ ਫ਼ੋਨਾਂ ਦਾ ਸਿਲਸਿਲਾ ਅਜੇ ਵੀ ਜਾਰੀ ਹੈ।

ਇਹਨਾਂ ਸਭ ਨੇ ਮੈਨੂੰ ਪ੍ਰੇਰਿਤ ਕੀਤਾ ਕਿ ਮੈਨੂੰ ਬਿਨਾਂ ਝੌਂਕੇ, ਬਗੈਰ ਕਿਸੇ ਦੁਚਿੱਤੀ 'ਚ ਪਏ, ਇਵੇਂ ਹੀ ਨਿਸ਼ੰਗ ਹੋ, ਬੇਬਾਕ, ਸਹਿਜ ਸੋਚ ਲਿਖਦੇ ਰਹਿਣਾ ਚਾਹੀਦੈ...ਇਸ ਤੋਂ ਇਲਾਵਾ ਮੇਰੇ ਮੋਬਾਈਲ 'ਤੇ ਦੋ ਖ਼ੂਬਸੂਰਤ ਸੁਨੇਹੇ ਆਏ...ਰੂਪ ਨਗਰ ਤੋਂ ਸ਼ਾਇਰਾ ਦੋਸਤ ਨੀਲੂ ਬਖ਼ਸ਼ੀ ਦਾ — ਦੀਦੀ, ਅੰਮ੍ਰਿਤਾ ਜੀ ਦੀ, ਤੁਹਾਡੇ ਵਲੋਂ ਅਹਿਸਾਸਾਂ ਦੀ ਲੋਅ ਵੇਖੀ 'ਤੇ ਪੜ੍ਹੀ ਤੇ ਮਹਿਸੂਸ ਕੀਤੀ...ਉਹਨਾਂ ਦੀ ਰੌਸ਼ਨ ਜ਼ਿੰਦਗੀ ਦੇ ਹੋਰ ਪੱਖ ਪਤਾ ਚਲੇ...ਨਮਨ ਤੁਹਾਨੂੰ ਮੇਰਾ...ਅਤੇ ਅੰਮ੍ਰਿਤਸਰ ਤੋਂ ਡਾ. ਕੁਲਵੰਤ ਗਿਲ ਦਾ — ਕੀ ਪੰਜਾਬੀ ਜਗਤ ਨੇ ਹਾਲੇ ਤਕ ਅੰਮ੍ਰਿਤਾ ਜੀ ਦਾ ਵਾਜਬ ਮੁੱਲ ਨਹੀਂ ਪਾਇਆ ? ਕਮਾਲ ਹੋ ਤੁਸੀਂ ਵੀ...ਤੇ ਇਸ ਸੁਨੇਹੇ ਨੇ ਸਾਡੇ 'ਚ ਭੱਖਵੀਂ ਬਹਿਸ ਵੀ ਛੇੜੀ। ਇਹਨਾਂ ਸਭ ਨੂੰ ਮੇਰਾ ਸਾਧੂਵਾਦ...

ਹਾਂ ਸੱਚ, ਇਮਰੋਜ਼ ਜੀ ਪ੍ਰਤੀਕਰਮ ਵਜੋਂ ਕਹਿ ਰਹੇ — ਗੁਰੂ ਨਾਨਕ ਦੇਵ ਯੂਨੀਵਰਸਿਟੀ ਕੀ ਏਨੀ ਗਰੀਬ ਹੋ ਗਈ ਏ...ਉਹ ਅੰਮ੍ਰਿਤਾ ਦੇ ਸਭ ਚਿੱਤਰ ਮੁਫ਼ਤ ਚਾਹ ਰਹੇ ਸਨ ਉਹਨਾਂ ਦੇ ਫ਼ਰਮਾਇਸ਼ ਕਰਨ ਤੇ ਜਿਹਨਾਂ ਨੂੰ ਫਰੇਮ ਕਰਾਉਣ ਵਿਚ ਮੇਰੇ 30 ਹਜ਼ਾਰ ਰੁਪਏ ਖ਼ਰਚ ਹੋ ਗਏ ਸਨ...ਮੈਂ ਉਹਨਾਂ ਨੂੰ ਅੱਗੋਂ ਚਿੱਠੀ ਲਿਖਣੋਂ ਮਨ੍ਹਾਂ ਕਰ ਦਿਤੈ...ਅਤੇ ਪੰਜਾਬੀ ਯੂਨੀਵਰਸਿਟੀ ਵਾਲਿਆਂ ਕੋਲ ਥਾਂ ਹੀ ਨਹੀਂ ਅੰਮ੍ਰਿਤਾ ਦੇ ਫੋਟੋਸ, ਅੰਮ੍ਰਿਤਾ ਨਾਲ ਜੁੜੇ ਸਾਮਾਨ ਨੂੰ ਸਾਂਭਣ ਲਈ...ਕਿਸੇ ਸਟੋਰ ਵਿਚ ਅੰਮ੍ਰਿਤਾ ਦੀਆਂ ਲਿਖਤਾਂ ਤਸਵੀਰਾਂ ਨੂੜਨ-ਬੀੜਨ ਦੀ ਥਾਂ...ਅੰਮ੍ਰਿਤਾ ਆਪਣੇ ਘਰ ਹੀ ਠੀਕ ਏ ...ਇਸੇ ਲਈ ਅਸੀ ਆਪਣੇ ਡਰਾਇੰਗ ਰੂਮ ਅਤੇ ਲੱਬੀ ਦਾ ਇਕ ਵੱਡਾ ਹਿੱਸਾ ਉਹਦੇ ਲਈ ਰਾਖਵਾਂ ਕਰ ਦਿੱਤਾ ਏ। ਸਿਰਫ਼ ਲਾਬੀ ਦਾ ਇਹ ਹਿੱਸਾ ਜਿਥੇ ਖਾਣੇ ਦਾ ਮੇਜ਼ ਏ...ਇਹੀ ਹੁਣ ਸਾਡੇ ਲਈ, ਮਹਿਮਾਨਾਂ ਲਈ ਡਾਇਨਿੰਗ-ਕਮ-ਡਰਾਇੰਗ ਰੂਮ ਏ... ਸੋ K-25 ਹੌਜ਼ ਖ਼ਾਸ ਅਜੇ ਵੀ ਅੰਮ੍ਰਿਤਾ ਦੀ ਹੋਂਦ ਨਾਲ ਧੜਕਦਾ, ਜਿਊਂਦਾ ਏ...ਅਤੇ ਉਹਦੇ ਨਾਲ ਹੀ ਅੰਮ੍ਰਿਤਾ ਵੀ ਉਥੇ ਦੇ ਕਣ-ਕਣ ਵਿਚ ਸਾਹ ਲੈ ਰਹੀ ਏ...

# ਇਮਰੋਜ਼/ਬਹੁਪਰਤੀ ਰਿਸ਼ਤਿਆਂ ਦਾ ਸੰਸਾਰ

ਉਹਦੇ ਨਾਲ ਮੈਂ ਬਹੁਪਰਤੀ ਰਿਸ਼ਤੇ ਹੰਢਾਏ ਨੇ।
ਉਹ ਜਦੋਂ ਹੱਕੀ-ਸੁਰ ਨਾਲ ਘਰ ਆਉਣ ਨੂੰ ਕਹਿੰਦਾ ਏ
ਮੈਂ ਵੀ ਬਿਨਾਂ ਕੋਈ ਉਜ਼ਰ ਕੀਤੇ,
ਕੁਝ ਘੰਟਿਆਂ ਮਗਰੋਂ
ਉਹਦੇ ਘਰ ਦਾ ਬੂਹਾ ਠਕੋਰਨੀ ਆਂ
ਛੇਤੀ ਨਾਲ ਪੌੜੀਆਂ ਲਹਿੰਦਾ,
ਬੂਹਾ ਖੋਲ੍ਹ, ਗਲਵਕੜੀ 'ਚ ਲੈ
ਅੰਦਰ ਆਉਣ ਦਾ ਰਾਹ ਦਿੰਦਾ ਏ...
ਉਹਦੀਆਂ ਸੱਜਰੀਆਂ ਕਵਿਤਾਵਾਂ ਅਨੁਵਾਦ ਕਰਦਿਆਂ
ਮਾਣ ਨਾਲ ਭਰਨੀ ਆਂ —
''ਉਸ ਮੈਨੂੰ ਇਸ ਕਾਬਿਲ ਜਾਣਿਆ''
ਉਦੋਂ ਉਹ ਮੇਰਾ ਮਾਲਕ
ਮੈਂ ਉਹਦੀ ਆਨਰੇਰੀ ਮੁਲਾਜਮ ਲਗਨੀ ਆਂ

ਫ਼ੇਰ ਕਦੇ ਫ਼ੋਨ ਦੇ ਦੂਜੇ ਪਾਸਿਓਂ
ਮੋਹ-ਭਿੱਜਿਆ, ਉਦਰੇਵੇਂ 'ਚ ਗੜੁੱਚ
ਸੱਦਾ ਆਉਂਦਾ ਏ...
ਕਾਹਲੀ ਨਾਲ ਘਰ ਦੇ ਕੁਝ ਕੰਮ ਨਬੇੜ
ਕੁਝ ਵਿੱਚੇ ਛੱਡ-ਛਡਾ
ਘੰਟੇ-ਕੁ ਮਗਰੋਂ,
ਹੌਜ਼-ਖ਼ਾਸ ਲਈ ਸਕੂਟਰ ਕਰ
ਕੇ-ਪੱਚੀ ਦੇ ਗੇਟ ਕੋਲ ਪਹੁੰਚਨੀ ਆਂ —
ਨਾਲ ਦੀਆਂ ਕੋਠੀਆਂ ਦੇ ਡਰਾਈਵਰਾਂ,
ਨੌਕਰਾਂ ਦੀਆਂ ਅੱਖਾਂ 'ਚ ਪਛਾਣ ਲਿਸ਼ਕਨੀ ਏ...
ਕਿਸੇ-ਕਿਸੇ ਦਾ ਹੱਥ ਸਲਾਮ ਦੀ ਮੁਦਰਾ 'ਚ
ਪੇਸ਼ਾਨੀ ਨੂੰ ਛੋਂਹਨਾ ਏ...
ਮੁਸਕਰਾ ਕੇ ਜਵਾਬ ਦੇਨੀ

ਤੇਜ਼ੀ ਨਾਲ ਅੰਦਰ ਦਾਖ਼ਲ ਹੁਨੀ ਆਂ...
ਪਹਿਲੀ ਮੰਜ਼ਲ ਦੀ ਘੰਟੀ ਵਜਾਉਨੀ ਆਂ...
ਪੌੜੀਆਂ ਤੋਂ ਵਾਕਫ਼ ਚਾਪ ਸੁਣਾਈ ਦੇਣ ਲਗਨੀ ਏ...
ਫ਼ੈਬ ਇੰਡੀਆ ਦੇ ਜੋਗੀਆ ਕੁੜਤੇ,
ਸਫ਼ੇਦ ਪਾਜਾਮੇ ਵਿਚ, ਚਿੱਟੇ ਸਪੋਟਸ ਸ਼ੂਜ਼ ਪਾਈ
ਜਾਣੀ-ਪਛਾਣੀ ਮੁਸਕੜੀ ਲਏ,
ਰਮਤਾ ਜੋਗੀ ਦਰਵਾਜ਼ਾ ਖੋਲ੍ਹਨਾ ਏ
ਉਹਨੂੰ ਦੇਖ ਅੰਮ੍ਰਿਤਾ ਪ੍ਰੀਤਮ ਦੇ ਇਕ ਨਾਵਲ ਦੀ
ਇਹ ਸਤਰ ਯਾਦ ਆਉਨੀ ਏ —
''ਇਕ ਹੀ ਬ੍ਰਾਂਡ ਦੀ ਅਕੀਦਤ ਆਸ਼ਕ ਹੋਣ ਦੀ ਨਿਸ਼ਾਨੀ ਏ.''

ਹੀਰ ਜਦ ਦੀ ਛੱਡ ਕੇ ਗਈ ਏ (ਸਿਰਫ਼ ਸਰੀਰਕ ਪੱਧਰ ਤੇ)
ਇਹ ਸ਼ਖ਼ਸ ਦੁਨੀਆ ਦੇ ਛੱਲ-ਫ਼ਰੇਬ ਤੋਂ ਅਭਿੱਜ
ਆਪਣੀ ਸਲੇਟੀ ਦੀ ਯਾਦ ਵਿਚ
ਕਦੇ ਧੂਣੀ ਰਮਾਈ ਜੋਗੀ
ਕਦੇ ਕੰਨ ਪੜਵਾਈ ਧੀਦੋ ਲਗਨਾ ਏ
ਖ਼ੈਰ ਦੋ ਪੌੜੀਆਂ ਚੜ੍ਹਨਿਆਂ
ਇਮਰੋਜ਼ ਹੁਰਾਂ ਦੇ ਮੋਢਿਆਂ ਤੇ ਸਿਰ ਟਿਕਾਉਨੀ ਆਂ...
''ਕੀ ਕੰਮ ਜੇ ?''
ਉਹ ਭੋਲਾ ਬਾਦਸ਼ਾਹ ਹੱਸ ਪੈਨਾ —
'ਕੁਝ ਨਹੀਂ, ਉਂਜ ਹੀ ਗੱਲਾਂ ਕਰਨੀਆਂ ਸਨ ਤੇਰੇ ਨਾਲ !''

ਅਸੀਂ ਘੰਟਿਆਂ-ਬੱਧੀ
ਹਰ ਵਿਸ਼ੇ ਤੇ ਗੱਲ ਕਰਨੇ ਆਂ —
ਉਂਜ ਗੱਲਾਂ ਦਾ ਸਿਰਾ ਮੁੜ-ਤੁੜ ਕੇ
ਅੰਮ੍ਰਿਤਾ ਨਾਲ ਜੁੜ ਜਾਨਾ ਏ
ਜੇ ਤਾਣਾ ਇਮਰੋਜ਼ ਹੈ ਤਾਂ ਉਹਦਾ ਪੇਟਾ ਅੰਮ੍ਰਿਤਾ ਏ
ਦੋਵੇਂ ਮਿਲ ਕੇ ਜ਼ਿੰਦਗੀ ਦਾ ਬਾਣਾ ਬਣਦੇ ਨੇ
ਇਮਰੋਜ਼ ਉਠ ਕੇ ਰਸੋਈ ਵਲ ਜਾਂਦੇ ਹਨ
ਕੁਝ ਚਿਰ ਮਗਰੋਂ ਦੋ ਲਾਲ ਮੱਗਾਂ 'ਚ
ਭਾਫ਼ ਛੱਡਦੀ ਚਾਹ ਮੇਜ਼ ਤੇ ਧਰਨੇ,
ਸਾਹਮਣੇ ਪਏ ਡੱਬਿਆਂ ਦੇ ਢੱਕਣ ਖੋਲ੍ਹਨੇ
ਬਿਸਕੁਟ ਮੇਰੇ ਸਾਹਵੇਂ ਕਰਨੇ ਨੇ
(ਜੇ ਅਲਕਾ ਘਰ ਹੋਵੇ
ਉਹ ਕਾਲੇ ਛੋਲਿਆਂ ਦੇ

ਅਤਿ-ਸਵਾਦੀ ਸੂਪ ਨਾਲ ਭਰੇ ਗਲਾਸ
ਸਾਡੇ ਸਾਹਮਣੇ ਧਰਨੀ
ਕਦੇ ਸਾਡੀਆਂ ਗੱਲਾਂ 'ਚ ਸ਼ਾਮਲ ਹੁੰਨੀ
ਕਦੇ ਕਿਰਾਏਦਾਰਾਂ ਦੀ ਸਮੱਸਿਆਵਾਂ ਸੁਲਝਾਉਣ ਲਗਨੀ ਏ

ਹੁਣ ਅਸੀਂ ਆਪਣੀ ਅੰਦਰਲੀ ਇਕੱਲ ਵੰਡਨੇ ਆਂ
ਉਦੋਂ ਇਮਰੋਜ਼ ਹੁਰਾਂ ਦੀ
ਉਮਰ ਦੇ ਕਈ ਵਰ੍ਹੇ
ਉਹਨਾਂ ਨਾਲੋਂ ਝੜ ਜਾਂਦੇ ਨੇ
ਨਹੀਂ; ਸ਼ਾਇਦ ਮੇਰੀ ਉਮਰ 'ਚ ਤਿੰਨ ਦਹਾਕੇ ਜੁੜ ਜਾਂਦੇ ਨੇ —
ਇਸ ਵੇਲੇ ਉਹ ਮੈਨੂੰ ਮੇਰੇ ਹਾਣ ਦਾ
ਸੁੱਚਮ-ਸੁੱਚਾ ਬਾਲ-ਸਖਾ ਲਗਨਾ ਏ

ਪਿੱਛੇ ਜਿਹੇ ਦੇਵਿੰਦਰ, ਜਸਵੀਰ ਇੰਡੀਆ ਆਈਆਂ
ਤਾਂ ਉਹਨਾਂ ਨੂੰ ਮਿਲਣ ਲਈ,
ਹੋਟਲ ਦੇ ਕਮਰੇ 'ਚ ਮੇਰੇ ਵੜਦਿਆਂ ਹੀ
ਦੇਵਿੰਦਰ ਇਮਰੋਜ਼ ਹੁਰਾਂ ਵਲ ਦੇਖ ਕਹਿਣ ਲਗੀ —
'ਏਨੇ ਚਿਰ ਪਿਛੋਂ ਦੇਖਿਆ ਹੈ ਅਮੀਆ ਨੂੰ
ਇਹਦਾ ਹਾਸਾ ਨਹੀਂ ਬਦਲਿਆ
ਉਵੇਂ ਦਾ ਉਵੇਂ ਖਿੜਿਆ-ਪੁੜਿਆ'
ਉਦੋਂ ਉਹ ਪਿਤਾ ਵਾਲਾ ਫ਼ਖਰ ਮਹਿਸੂਸ ਕਰ ਕਹਿਨਾ ਏ
'ਇਹ ਤਾਂ ਦੇਵਿੰਦਰ,
ਜੰਮਣ ਵੇਲੇ ਵੀ ਰੋਈ ਨਹੀਂ,
ਹੱਸੀ ਸੀ...
ਮਗਰੋਂ ਵੀ ਹੱਸਦੀ ਹੀ ਰਹੀ ਏ...
ਮੈਂ ਲਾਡਲੀ ਧੀ ਵਾਲੇ ਚਾਮ੍ਹਲੇ ਸੁਰ 'ਚ ਕਹਿਨੀ ਆਂ
''ਨਹੀਂ, ਇਮਰੋਜ਼ ਜੀ, ਭੁੱਲ ਰਹੇ ਓ —
ਮੈਂ ਤਾਂ ਬਾਲੜੀ ਉਮਰੇ ਬਹੁਤ ਰੋਂਦੂ ਸਾਂ
ਹਾਸਾ ਤਾਂ ਕਦੇ ਸ਼ਾਇਦ ਹੀ ਬੁੱਲ੍ਹਾਂ ਤੇ ਆਇਆ ਹੋਵੇ...।''

ਜੇ ਅੰਮ੍ਰਿਤਸਰ ਸੁਭਾਗ (ਇਮਰੋਜ਼ ਹੁਰਾਂ ਦੀ ਭੈਣ) ਦੇ ਘਰ
ਗੁਸਲ ਲੈਂਦਿਆਂ ਮੈਥੋਂ ਨਲਕਾ ਟੁੱਟ ਗਿਆ
ਸੁਭਾਗ ਤੋਂ ਦੇ ਵੇਰਾਂ ਇਹ ਕਹਿ ਕੀ ਹੋ ਗਿਆ
''ਹਾਇ, ਸ਼ਾਮ ਤੀਕ ਮਿਸਤਰੀ ਵੀ ਨਹੀਂ ਆਉਣਾ
ਅਮੀਆ ਨੇ ਨਲਕਾ ਤੋੜ 'ਤਾ...ਹੁਣ ਪਾਣੀ ਸਾਰਾ...

ਤਾਂ ਉਹ ਮੇਰਾ ਜਨਕ
ਮੇਰੇ ਮੋਢੇ ਤੇ ਹੱਥ ਰੱਖ ਪੱਖ ਪੂਰਦਾ ਏ —
''ਸੁਭਾਗ, ਤੇਰਾ ਨਲਕਾ ਪਹਿਲਾਂ ਹੀ ਮਾੜਾ ਹੋਣਾ ਏ —
ਨਾਂ ਸਾਡੀ ਕੁੜੀ ਦਾ ਲਾਉਨੀ ਏ...''
ਪਿਤਾ ਤੋਂ ਇਹ ਕਦ ਬਰਦਾਸ਼ ਹੁੰਦਾ ਏ,
ਉਹਦੀ ਧੀ ਨੂੰ ਕੋਈ ਚੰਗਾ-ਮੰਦਾ ਆਖੇ''
ਭਾਵੇਂ ਕਹਿਣ ਵਾਲੀ
ਉਹਦੀ ਸੱਕੀ ਭੈਣ ਹੀ ਕਿਉਂ ਨਾ ਹੋਵੇ

ਫੇਰ ਕਦੇ ਅੰਮ੍ਰਿਤਾ, ਓਸ਼ੋ ਜਾਂ ਆਪਣੀ ਕਿਸੇ ਕਿਤਾਬ 'ਤੇ
'ਮੇਰੀ ਅਤੇ ਅੰਮ੍ਰਿਤਾ ਦੀ ਸਾਂਝੀ ਧੀ ਅਮੀਆ ਕੁੰਵਰ ਲਈ'
ਲਿਖ ਉਹ ਮੇਰੇ ਹੱਥ ਤੇ ਧਰਦਾ ਏ
ਇਸ ਕੀਮਤੀ ਤੁਹਫ਼ੇ ਨੂੰ ਪੇਸ਼ਾਨੀ ਨਾਲ ਲਾਉਨੀ ਆਂ —
ਫੇਰ ਕਦੇ ਉਹ ਮੇਰੇ ਵਲੋਂ ਘੁੱਟ ਭਰੇ
ਪਾਣੀ ਦੇ ਗਲਾਸ ਨੂੰ (ਮੇਰੇ ਟੋਕਣ 'ਤੇ ਵੀ)
ਇਹ ਕਹਿ ਸਹਿਵਨ ਹੀ ਬੁੱਲ੍ਹਾਂ ਨਾਲ ਲਾਉਂਨਾ ਏ —
''ਧੀਆਂ ਦਾ ਜੂਠਾ ਨਹੀ ਹੁੰਦਾ''
ਉਦੋਂ ਇਸ ਧਰਮੀ ਬਾਬਲ ਦੇ ਸਦਕੇ ਸਦਕੇ ਜਾਨੀ ਆਂ

ਇਹ ਮੇਰਾ ਦਰਵੇਸ਼ ਪਿਤਾ
ਜਦ ਕਿਤੇ ਬਾਹਰ ਜਾਨਾ ਏ
ਕੁੜਤੇ ਦੇ ਬੋਝੇ 'ਚ
ਪੈਸੇ ਸਾਂਭਣ ਲਈ ਚਮੜੇ ਦਾ ਬਟੂਆ ਨਾ ਰੱਖ
ਚਿੱਟਾ ਕਾਗਜ਼ੀ ਲਿਫ਼ਾਫ਼ਾ ਰੱਖਸਾ ਏ
ਇਸ ਲਿਫ਼ਾਫ਼ੇ ਦੇ ਬਾਹਰ —
ਸਿਰਨਾਵੇਂ ਵਾਲੀ ਥਾਂ 'ਤੇ
ਅਲਕਾ (ਨੂੰਹ) ਅਮੀਆ ਕੁੰਵਰ (ਧੀ)
ਸ਼ਿਲਪੀ ਤੇ ਅਮਨ (ਪੋਤਰਾ-ਪੋਤਰੀ) ਦੇ ਮੋਬਾਈਲ ਨੰਬਰ
ਇਹਤਿਆਤਨ ਲਿਖ ਲੈਨਾ ਏ —
ਜਦੋਂ ਉਹ ਲਿਫ਼ਾਫ਼ਾ ਪੁਰਾਣਾ ਤੇ ਫੱਟਣਹਾਰ ਹੋ ਜਾਨਾ ਏ
ਉਹ ਕਾਗਜ਼ ਦਾ ਨਵਾਂ ਬਟੂਆ ਬਣਾ ਲੈਨਾ ਏ
ਉਸ ਉੱਤੇ ਫਿਰ ਤੋਂ
ਇਹਨਾਂ ਚਾਰ-ਪੰਜ ਨੰਬਰਾਂ ਦਾ ਉਤਾਰਾ ਕਰ ਲੈਨਾ ਏ...

ਜੇ ਕਦੇ ਮੈਂ ਕੋਈ ਤਸਵੀਰ,

ਕਿਤਾਬ ਜਾਂ ਕੋਈ ਹੋਰ ਲੋੜ ਦੀ ਵਸਤ
ਝੱਕਦੇ-ਝੱਕਦੇ ਮੰਗਨੀ ਆਂ...
ਉਹ ਮੈਨੂੰ ਬਾਂਹ ਤੋਂ ਫੜ,
ਰਸੋਈ ਦੀ ਇਕ ਕੰਧ 'ਤੇ ਬਣੇ ਬਲੈਕ-ਬੋਰਡ ਕੋਲ ਲਿਜਾ —
ਉਸ ਵਲ ਉਂਗਲ ਨਾਲ ਸੈਨਤ ਕਰ
ਪੜ੍ਹਨ ਨੂੰ ਕਹਿਨਾ ਏ...
ਜਿਥੇ ਉਹਨੇ ਕੈਲੀਗ੍ਰਾਫੀ 'ਚ ਲਿਖਿਆ ਏ —
"Every thing you love is yours."
ਅਜਿਹੇ ਵੇਲੇ ਉਹ ਅਕਸਰ
ਅੰਮ੍ਰਿਤਾ ਨੂੰ ਮੇਰੀ ਸ਼ਿਕਾਇਤ ਕਰ ਕਹਿੰਦੈ —
''ਦੇਖ ਅਮੀਆ ਕਿੰਨਾ ਝੱਕਦੀ ਏ
ਇਹਨੂੰ ਸਮਝਾ ਇਹ ਇਹਦਾ ਸਹੁਰਾ ਘਰ ਨਹੀਂ
ਪੇਕਾ ਘਰ ਏ...
(ਤੇ ਫੇਰ ਮੇਰੇ ਵਲ ਦੇਖ ਕਹਿਣ ਲਗਦੈ)
ਜੋ ਚਾਹੀਦਾ ਏ...
ਉਹਦੇ ਲਈ ਇਜਾਜ਼ਤ ਨਾ ਮੰਗ, ਜੋ ਦਿਲ ਕਰੇ
ਹੱਕ ਨਾਲ, ਬਿਨਾਂ ਪੁੱਛੇ ਚੁੱਕ ਲੈ...
ਕੀ ਦੁਨੀਆ 'ਚ ਕੋਈ ਹੋਰ ਅਜਿਹਾ ਬਾਪ ਹੈ...
ਮੇਰਾ ਇਹ ਪਿਤਾ ਆਪਣੀ ਮਿਸਾਲ ਆਪ ਹੈ...

ਪਟਿਆਲੇ ਦੂਰਦਰਸ਼ਨ ਤੋਂ ਹਜ਼ਾਰ ਰੁਪਏ ਕੀ ਮਿਲੇ
ਉਸ 'ਚ ਹੋਰ ਪੈਸੇ ਪਾ
ਘਰ ਦੀਆਂ ਔਰਤਾਂ (ਨੂੰਹ, ਧੀ, ਪੋਤਰੀ) ਲਈ
ਚਾਰ-ਫੁਲਕਾਰੀਆਂ ਖਰੀਦ ਲਿਆਇਆ...
ਪੰਜਾਬੀ ਅਕਾਦਮੀ, ਦਿੱਲੀ ਨੇ 'ਜਸ਼ਨ ਜਾਰੀ ਹੈ' 'ਤੇ
21,000 ਰੁਪਇਆ ਇਨਾਮ ਕੀ ਦਿੱਤਾ
ਇਹ ਫਕੀਰ ਬਾਦਸ਼ਾਹ ਹੋ ਗਿਆ...
ਕੁਝ ਘੰਟਿਆਂ ਲਈ
ਟੈਕਸੀ ਬੁੱਕ ਕਰਵਾਈ,
ਅਮੀਆ ਨੂੰ ਫ਼ੋਨ ਕੀਤਾ
ਕੁਝ ਚਿਰ ਮਗਰੋਂ ਪਿਓ-ਧੀ ਸ਼ਾਹੀ ਅੰਦਾਜ਼ 'ਚ
ਇਨਾਮ ਲੈਣ ਲਈ ਪੰਜਾਬੀ ਅਕਾਦਮੀ ਵਲੋਂ
ਮਿੱਥੀ ਥਾਂ ਵੱਲ ਰਵਾਨਾ ਹੋਏ...
ਰਾਹ ਵਿਚ ਨਿੱਕੀਆਂ ਨਿੱਕੀਆਂ ਗੱਲਾਂ ਹੁੰਦੀਆਂ ਰਹੀਆਂ
ਗੱਲਾਂ ਗੱਲਾਂ 'ਚ ਹੀ ਇਮਰੋਜ਼ ਸੁੱਤੇ-ਸਿੱਧ ਕਹਿਣ ਲੱਗੇ —

'ਇਹ ਇਨਾਮ ਤਾਂ ਅਮੀਆ ਦਾ ਹੈ
ਮੇਰੇ ਤਾਂ ਐਵੇਂ ਹੀ ਨਾਂ ਹੋ ਗਿਆ ਏ'
ਇੱਕੀ ਹਜ਼ਾਰ ਦਾ ਚੈੱਕ ਕੈਸ਼ ਹੁੰਦੇ ਹੀ —
ਦਸ ਹਜ਼ਾਰ ਦਾ ਕੈਮਰਾ,
ਚਾਰ-ਪੰਜ ਹਜ਼ਾਰ ਦੇ ਮੌਸਮੀ ਫੁੱਲਾਂ ਦੇ ਬੂਟੇ
(ਜਿਹਨਾਂ ਦੀ ਬਹਾਰ ਦੀ ਮਿਆਦ ਮਸਾਂ ਦੋ ਕੁ ਮਹੀਨਿਆਂ ਦੀ...)
ਚਾਰ ਹਜ਼ਾਰ ਦੇ ਇਕੋ ਰੰਗ ਦੇ (ਕੋਈ ਹਲਕਾ, ਗੂੜ੍ਹਾ, ਕੋਈ ਫਿੱਕਾ)
ਇਕੋ ਜਿਹੇ ਫ਼ੈਬ ਇੰਡੀਆ ਦੇ ਕੁੜਤੇ-ਪਾਜਾਮੇ ਲੈ ਆਇਆ —
ਬਾਕੀ ਦੇ ਬਚਦੇ ਪੈਸੇ ਘਰ ਦੀ ਰਸੋਈ ਭਰ ਗਏ...
ਉਹਨੂੰ ਜੇਬ 'ਚ ਵਾਧੂ ਪੈਸੇ ਚੰਗੇ ਨਹੀਂ ਲਗਦੇ
ਉਹ ਤਾਂ ਅੰਮ੍ਰਿਤਾ ਦੀਆਂ ਇਹਨਾਂ ਸਤਰਾਂ 'ਚ ਯਕੀਨ ਰੱਖਨਾ ਏ —
'ਜੋਈ ਕਮਾਉਣਾ ਸੋਈ ਖਾਣਾ
ਨਾ ਕੋਈ ਭੋਰਾ ਕਲ੍ਹ ਦਾ ਬੱਚਿਆ
ਨਾ ਕੋਈ ਭੋਰਾ ਭਲਕ ਵਾਸਤੇ...''
ਅਠਾਰ੍ਹਾਂ ਵਰ੍ਹਿਆਂ ਦੀ ਉਮਰ ਤੋਂ ਹੀ
ਉਸ ਆਪਣਾ ਖ਼ਰਚ ਆਪ ਕਮਾਇਆ ਏ
ਉਹ ਆਪਣੀ ਕਮਾਈ ਦੇ ਇਲਾਵਾ
ਕਿਸੇ ਦੇ ਨਿੱਕੇ ਪੈਸੇ ਦਾ ਰਵਾਦਾਰ ਨਹੀਂ
ਉਹ ਚਾਹੇ ਅੰਮ੍ਰਿਤਾ ਹੀ ਕਿਉਂ ਨਾ ਹੋਵੇ
(ਪਹਿਲਾਂ ਕਿਚਨ-ਖ਼ਰਚ ਅੰਮ੍ਰਿਤਾ-ਇਮਰੋਜ਼ ਦਾ ਸਾਂਝਾ ਹੁੰਦਾ ਸੀ
ਹੁਣ ਇਹ ਖ਼ਰਚ ਅਲਕਾ-ਇਮਰੋਜ਼ ਦਾ ਸਾਂਝਾ ਹੋ ਗਿਆ ਏ)

ਯਾਦ ਆਉਨਾ ਏ —
ਜਦ ਕਦੇ ਅੰਮ੍ਰਿਤਾ ਹੁਰਾਂ ਨੂੰ ਲਗਦਾ
ਇਹਨੀਂ ਦਿਨੀਂ ਉਹਨਾਂ ਦੇ ਈਮਾ ਨੂੰ
ਕੰਮ ਘੱਟ ਮਿਲਿਆ ਏ...
ਉਹ ਚੁੱਪਚਾਪ ਉਹਦੀ ਜੇਬ 'ਚ
ਕੁਝ ਨੋਟ ਧਰ ਦਿੰਦੇ...
ਇਮਰੋਜ਼ ਦੀ ਜੇਬ ਵਿਚ
ਉਹ ਨੋਟ, ਕੁਝ ਦਿਨ
ਬਿਨਾਂ ਖੜਖੜ ਕੀਤੇ
ਬਿਨਾਂ ਖ਼ਰਚ ਹੋਏ
ਮੂੰਹ-ਘੁੱਟੀ, ਕੰਨ ਵਲ੍ਹੇਟੀ ਪਏ ਰਹਿੰਦੇ
ਆਪਣੇ ਕਿਸੇ ਕੰਮ ਦੇ ਪੈਸੇ ਆਉਣ ਤੇ
ਜੇਬ 'ਚ ਪਈ ਹੁਦਾਰੀ ਰਕਮ

ਮੁੜ ਅੰਮ੍ਰਿਤਾ ਦੇ ਦਰਾਜ਼ 'ਚ ਰੱਖ
ਇਹ ਫ਼ਕੀਰ ਮੁਕਤੀ ਦਾ ਸਾਹ ਲੈਂਦਾ
ਅੱਜ ਜਦੋਂ ਕੋਈ ਕਹਿੰਦਾ ਏ —
ਸੁਣਿਐ ਉਹਦਾ ਗੁਜ਼ਰ ਮੁਸ਼ਕਲ ਏ...
ਇਮਰੋਜ਼ ਦਾ ਇਹ ਸ਼ਾਹੀ ਖ਼ਰਚ
ਇਸ ਕਥਨ ਤੇ ਲੀਕ ਫੇਰਨਾ ਏ

ਲੋਕ ਕਹਿੰਦੇ ਨੇ —
ਅੰਮ੍ਰਿਤਾ ਨੇ ਇਮਰੋਜ਼ ਨੂੰ ਸੜਕ ਤੇ ਲਿਆ ਦਿੱਤਾ
ਜ਼ਾਇਦਾਦ ਸਬੰਧੀ ਵਸੀਅਤ
ਅੰਮ੍ਰਿਤਾ ਦੀ ਨਹੀਂ; ਇਮਰੋਜ਼ ਦੀ ਮਰਜ਼ੀ ਸੀ
ਇਮਰੋਜ਼ ਨੇ ਤਾਂ ਜੱਦੀ ਜਾਇਦਾਦ 'ਤੇ ਵੀ ਹੱਕ ਨਹੀਂ ਰੱਖਿਆ
ਜੋ ਚੀਜ਼ ਉਸ ਕਮਾਈ ਨਹੀਂ
ਉਸ 'ਤੇ ਉਹ ਆਪਣੇ ਨਾਂ ਦਾ ਚਾਹਵਾਨ ਨਹੀਂ
ਫਿਰ ਅੰਮ੍ਰਿਤਾ ਦੀ ਜਾਇਦਾਦ ਦਾ ਉਹ ਕੀ ਕਰਦਾ...
ਉਸ ਤਾਂ ਅੰਮ੍ਰਿਤਾ ਕਮਾਈ ਏ
ਇਹੀ ਉਹਦੀ ਜ਼ਾਇਦਾਦ ਏ

ਅੰਮ੍ਰਿਤਾ-ਪ੍ਰਸ਼ੰਸਕ ਕਹਿੰਦੇ ਨੇ
ਅੰਮ੍ਰਿਤਾ ਜਿਹੀ ਘਟਨਾ ਸਦੀਆਂ ਮਗਰੋਂ ਵਾਪਰਦੀ ਏ
ਮੈਂ ਕਹਿਨੀ ਆਂ —
ਇਮਰੋਜ਼ ਜਿਹਾ ਵਰਤਾਰਾ ਤਾਂ ਸਿਰਫ਼
ਇਕੋ ਵੇਰ ਵਰਤਿਆ ਏ...
ਮੈਂ ਨਹੀਂ ਜਾਣਦੀ
ਉਹ ਕਿਹੜੀਆਂ ਕੁੜੀਆਂ ਹਨ
ਜੋ ਅੰਮ੍ਰਿਤਾ ਹੋਣਾ ਚਾਹੁੰਦੀਆਂ ਹਨ —
ਪਰ ਮੈਂ ਜਾਣਦੀ ਹਾਂ
ਬਹੁਤ ਸਾਰੀਆਂ ਕੁੜੀਆਂ
ਇਮਰੋਜ਼ ਜਿਹਾ ਸਾਥ ਲੋੜਨੀਆਂ
ਸਿੱਕ 'ਚ ਭਰੀਆਂ ਕਹਿੰਦੀਆਂ ਨੇ :
'ਸਾਨੂੰ ਕੋਈ ਇਮਰੋਜ਼ ਨਹੀਂ ਮਿਲਦਾ''
ਉਹ ਚਾਹੇ ਹਿੰਦੀ ਸ਼ਾਇਰਾ ਕਮਲ ਕੁਮਾਰ ਹੋਵੇ
ਜਾਂ ਹਿਸਟਰੀ ਪੜ੍ਹਾਉਂਦੀ ਸ਼ਾਲਿਨੀ ਨਾਰੰਗ
ਹਾਂ, ਇਹ ਅਮੀਆ ਕੁੰਵਰ ਦੀ ਹਸਰਤ ਨਹੀਂ
ਉਹ ਬਖ਼ੂਬੀ ਜਾਣਦੀ ਏ...

ਇਮਰੋਜ਼ ਇਕ ਹੀ ਹੈ
ਉਹਦੇ ਜਿਹਾ ਰੱਬ ਨੇ ਕੋਈ ਹੋਰ ਨਹੀਂ ਬਣਾਇਆ...
ਇਹ ਇਮਰੋਜ਼ ਸਿਰਫ਼ ਅੰਮ੍ਰਿਤਾ ਦੇ ਲੇਖਾਂ 'ਚ ਹੈ
ਜਿਹਾ ਕਿ ਜਦ ਕਦੇ ਮੈਂ ਉਹਨੂੰ
ਇਹਨਾਂ ਕੁੜੀਆਂ ਦੀ ਚਾਹਤ ਦਸਨੀ ਆਂ —
ਉਹ ਹੱਸ ਪੈਂਨਾ ਏ, ਇਹ ਕਹਿ ਕੇ
''ਉਹਦੇ ਲਈ ਅੰਮ੍ਰਿਤਾ ਵੀ ਹੋਣਾ ਪੈਂਦਾ ਏ...''
ਪਰ ਮੁਕੰਮਲ ਮਰਦ ਦੇ ਇਸ ਰੂਪ ਨੂੰ ਮਨਫ਼ੀ ਕਰ
ਅਮੀਆ ਨੂੰ ਉਹਦਾ ਹਰ ਰੂਪ ਦੇਖਣ ਨੂੰ ਮਿਲਿਆ ਹੈ
ਇਹੀ ਅਮੀਆ ਦੀ ਸਭ ਤੋਂ ਵੱਡੀ ਖ਼ੁਸ਼ਨਸੀਬੀ ਹੈ...

ਕਿਸੇ ਤਿੱਥ-ਤਿਉਹਾਰ 'ਤੇ
ਮੇਰੇ ਜਨਮਦਿਹਾੜੇ 'ਤੇ
ਉਹਦੇ ਵਲੋਂ ਕੀਤੇ ਗਏ ਉਚੇਚ,
ਉਹਦੇ ਤੁਹਫ਼ੇ, ਉਹਦੇ ਲਿਆਏ ਕੇਕ
ਉਹਦੇ ਚਿਹਰੇ ਦੀ ਓਮੀ-ਮੁਸਕੜੀ
ਧੁਰ ਅੰਦਰ ਤੀਕ ਰੱਜ ਦਿੰਦੀ ਏ...
ਸਕੂਨ ਦਿੰਦੀ ਏ — ਖੇੜੇ ਨਾਲ ਭਰਨੀ ਏ
ਮੇਰੇ ਜਿਹੀ ਅਦਨਾ ਸ਼ਖ਼ਸੀਅਤ ਨੂੰ
ਜਦ ਉਹ ਏਨਾ ਉਚਿਆਉਂਦਾ ਏ
ਉਦੋਂ ਆਪਣੇ ਇਸ ਸਾਂਤਾ ਕਲਾਸ ਲਈ
ਦਿਲ ਸ਼ੁਕਰਾਨੇ ਨਾਲ ਭਰ ਜਾਂਦਾ ਏ

ਜੇ ਕਦੇ ਕਿਸੇ ਮਿੱਤਰ ਦੇ ਭੁੱਲ ਜਾਣ ਦਾ ਨਿਹੋਰਾ ਕਰਾਂ
ਸ਼ਿਕਵਾ ਕਰਾਂ, ਉਦਾਸ ਹੋਵਾਂ,
ਵਿਗੋਚਿਆਂ 'ਚ ਗੁਆਚਾਂ
ਉਹ ਹੱਸ ਕੇ ਨਸੀਹਤ ਕਰਨਾ ਏ
'ਅਮੀਆ, ਕਿਸੇ ਤੋਂ ਉਮੀਦ ਰਖਣਾ
ਦੁੱਖਾਂ ਨੂੰ ਨਿਉਤਾ ਦੇਣਾ ਏ
ਕਿਸੇ ਵੀ ਤਰ੍ਹਾਂ ਦੀ ਆਸ ਲਾਉਣਾ
ਚਿੰਤਾ ਦੀ ਆਮਦ ਏ
ਜੇ ਉਹ ਮਿੱਤਰ ਮੁੜ ਪਰਤ ਆਏ,
ਜਫ਼ੀ ਪਾਏ, ਤੁਸੀਂ ਵੀ ਪਾ ਲਓ
ਜੇ ਹੱਥ ਨਿਖੇੜ ਲਏ, ਆਪਣੇ ਹੱਥ ਛੰਡ ਲਵੋ
ਜਿਵੇਂ ਕੁਝ ਵਾਪਰਿਆ ਹੀ ਨਹੀਂ...''

ਉਦੋਂ ਇਹ ਮੇਰਾ ਫ਼ਕੀਰ ਬੰਦਾ
ਬੋਧੀ ਬਿਰਛ ਹੇਠ ਬੈਠਾ
ਮੁਕਤੀ ਦਾ ਰਾਹ ਦੱਸਦਾ
ਗਿਆਨ ਦਾ ਪੁੰਜ ਗੌਤਮ ਬੁੱਧ ਲਗਨਾ ਏ

ਜਦ ਕਦੇ ਮੈਂ ਉਹਦੇ ਸਾਹਵੇਂ
ਆਪਣਾ ਆਪਾ ਫਰੋਲਨੀ ਆਂ
ਆਪਣੀਆਂ ਗਲਤੀਆਂ, ਨਾਕਾਮੀਆਂ,
ਕਮਜ਼ੋਰੀਆਂ ਤੇ ਰੋਨੀ ਆਂ
ਖ਼ੁਦ ਨੂੰ ਚਰਚ ਦੇ 'ਇਕਬਾਲੀਆ ਕਮਰੇ' 'ਚ
ਖੜੋਤਾ ਮਹਿਸੂਸਨੀ ਆਂ...
ਉਦੋਂ ਉਹ ਮੇਰਾ ਫ਼ਾਦਰ ਮਸੀਹਾ ਬਣ
ਮੇਰੇ ਸਿਰ ਤੇ ਹੱਥ ਧਰ ਮੈਨੂੰ ਧੀਰਜ ਬਨ੍ਹਾਉਂਦਾ
ਅਹਿਸਾਸੇ-ਜੁਰਮ ਤੋਂ ਰਾਹਤ ਦਿਵਾਉਂਦਾ ਏ

ਜ਼ਿੰਦਗੀ ਜੀਉਣ ਦੀ ਜਾਚ,
ਹੋਂਦ ਸਾਰਥਕ ਕਰਨ ਦਾ ਢੱਬ
ਉਸੇ ਤੋਂ ਸਿਖਿਆ ਏ, ਉਸੇ ਤੋਂ ਜਾਣਿਆ ਏ
ਔਖ ਵੇਲੇ ਮੇਰੇ ਥਿੜਕਦੇ ਕਦਮ
ਉਸੇ ਨੇ ਪੀਢੇ ਕੀਤੇ
ਉਸੇ ਦੇ ਸਦਕੇ ਜ਼ਿੰਦਗੀ
ਨੂੰ ਸਹਿਜ ਹੋ ਮਾਣਿਆ ਹੈ

ਅੱਜ ਜੇ ਹਰ ਦੁੱਖ-ਔਖ
ਜੇਰੇ ਨਾਲ ਜਰਨੀ ਆਂ
ਹਰ ਔਕੜ ਦਾ ਭਵਸਾਗਰ
ਬੇਖ਼ੌਫ਼ ਹੋ ਤਰਨੀ ਆਂ
ਨਾ ਹੀ ਕਿਸੇ ਔੜ-ਸੌੜ ਦਾ
ਸਾਹਮਣਾ ਕਰਨੋਂ ਡਰਨੀ ਆਂ
ਦੋਸਤੋ, ਇਹ ਸਭ ਉਸੇ ਆਸਰੇ,
ਉਸੇ ਦੀ ਟੇਕ ਲੈ ਕਰਨੀ ਆਂ...

ਸੱਚ ਜਾਣਿਓ, ਮੇਰੀ ਬਰਕਤੇ ਵੀ ਅਜਿਹੀ ਸੀ
ਮੇਰਾ ਸਾਈਂ ਲੋਕ ਵੀ ਕਿਸੇ ਤੋਂ ਘੱਟ ਨਹੀਂ
ਮੈਂ ਖ਼ੁਦ ਇਹਨਾਂ ਦੀਆਂ ਪੈੜਾਂ 'ਤੇ

ਚਲਣ ਦਾ ਜੇਰਾ ਕਰ ਰਹੀ
ਨਹੀਂ ਸੋਚ, ਆਪਣਾ ਰਾਹ ਆਪ ਹਾਂ ਲੱਭ ਰਹੀ...

ਇਹੀ ਮੇਰੀ ਅੰਮ੍ਰਿਤਾ ਅੰਮੀ ਦੀ ਖ਼ਾਹਿਸ਼ ਸੀ
ਇਹੀ ਮੇਰੇ ਇਮਰੋਜ਼ ਅੱਬੂ ਦੀ ਨਸੀਹਤ ਏ
ਸੱਚ ਕਹਿਨੀ ਆਂ ਜੇ,
ਇਹ ਕੋਰੀ ਭਾਵੁਕਤਾ ਨਹੀਂ
ਨੇੜਿਓਂ ਜਾਣੋ
ਦੋ ਸੱਚਾਂ ਦੀ ਰਲਵੀ ਹਕੀਕਤ ਏ...

# ਇਮਰੋਜ਼ ਜੀ ਨਾਲ ਸਾਖਿਆਤਕਾਰ

ਇਮਰੋਜ਼ ਜੀ ਵਰਗੇ ਬੇਲੌਸ, ਬੇਖੌਫ਼, ਬਿੰਦਾਸ ਅਤੇ ਸਹਿਜ ਜੀਵੀ ਸ਼ਖ਼ਸ ਦਾ ਇੰਟਰਵੀਊ ਲੈਣਾ ਬਹੁਤ ਸੌਖਾ ਵੀ ਏ ਤੇ ਬਹੁਤ ਔਖਾ ਵੀ। ਕਾਰਨ ਕਿੰਨੇ ਵਰ੍ਹਿਆਂ ਤੋਂ ਇਸ ਫ਼ਕੀਰ ਦਰਵੇਸ਼ ਨੂੰ ਮੈਂ ਅੰਮ੍ਰਿਤਾ-ਪਿਆਰ 'ਚ ਲੀਨ, ਲੋਕਾਂ ਤੋਂ ਬੇਪਰਵਾਹ, ਸੰਪੂਰਨ, ਸਾਦਗੀ ਨਾਲ ਜੀਊਂਦੇ, ਵਿਚਰਦੇ ਵੇਖਿਆ ਹੈ। ਜੋ ਅੰਮ੍ਰਿਤਾ ਨੂੰ ਪਿਆਰ ਕਰਦਾ ਏ, ਉਹ ਇਮਰੋਜ਼ ਦਾ ਵੀ ਪਿਆਰਾ ਹੋ ਜਾਂਦਾ ਹੈ। ਇਮਰੋਜ਼ ਅਤੇ ਮੇਰੇ ਦਰਮਿਆਨ ਪਿਤਾ-ਪੁੱਤਰੀ ਦਾ ਰਿਸ਼ਤਾ ਹੋ ਕੇ ਵੀ ਆਮ ਪਰੰਪਰਕ ਬਾਬਲ ਸੋਚ ਤੋਂ ਬਹੁਤ ਉਤਾਂਹ ਦਾ ਹੈ, ਸੱਚੇ-ਸੁੱਚੇ ਦੋਸਤਾਂ ਵਾਲਾ...ਮੈਂ ਉਹਨਾਂ ਨੂੰ ਪ੍ਰਤੱਖ ਜਾਂ ਸਿੱਧੇ ਤੌਰ 'ਤੇ ਬਹੁਤ ਘੱਟ ਪਿਤਾ ਕਹਿ ਕੇ ਸੰਬੋਧਿਤ ਹੋਈ ਹਾਂ, ਨਾ ਹੀ ਉਹਨਾਂ ਨੇ ਕਦੇ ਗੱਲ-ਗੱਲ 'ਤੇ ਧੀ ਕਹਿ ਕੇ ਬੁਲਾਇਆ ਹੈ। ਉਂਜ ਕਿਸੇ ਖ਼ਾਸ ਮੌਕੇ ਉੱਤੇ ਦੋਹਾਂ ਦੇ ਮੂੰਹੋਂ ਸਹਿਵਨ ਹੀ ਇਸ ਰਿਸ਼ਤੇ ਦੀ ਉੱਚਤਾ-ਸੁੱਚਤਾ ਦਰਸਾਉਂਦੇ ਵਲਵਲੇ ਉਮੜ ਪੈਂਦੇ ਹਨ। ਇਥੇ ਇਸ ਭਾਵਨਾ ਨਾਲ ਜੁੜਿਆ ਇਕ ਦ੍ਰਿਸ਼ਟਾਂਤ ਯਾਦ ਆਉਂਦਾ ਏ — ਹਰ ਵਰ੍ਹੇ ਭਾਪਾ ਪ੍ਰੀਤਮ ਸਿੰਘ ਦੇ ਫ਼ਾਰਮ ਹਾਊਸ 'ਚ ਹੁੰਦੀ 'ਧੁੱਪ ਦੀ ਮਹਿਫ਼ਲ' 'ਚ ਅਸੀਂ ਹਰ ਵਾਰ ਦੀ ਤਰ੍ਹਾਂ ਪਿਛਲੇ ਵਰ੍ਹੇ ਵੀ ਸ਼ਮੂਲੀਅਤ ਕਰ ਰਹੇ ਸੀ। ਉਤਸਵ ਸੰਪੰਨ ਹੋਣ ਮਗਰੋਂ ਉਥੇ ਕੁਰਸੀਆਂ ਉੱਤੇ ਬੈਠੇ ਰੋਟੀ ਖਾ ਰਹੇ ਸਾਂ। ਇਮਰੋਜ਼ ਜੀ ਨੂੰ ਪਾਣੀ ਦੀ ਤਲਬ ਹੋਈ। ਮੈਂ ਕਿਹਾ, ਹੁਣੇ ਲਿਆਈ। 'ਕਹਿਣ ਲੱਗੇ — ਇਹ ਤੇਰੇ ਸਾਹਮਣੇ ਪਾਣੀ ਭਰਿਆ ਗਿਲਾਸ ਪਿਆ ਤਾਂ ਹੈ — ਮੈਂ ਉਸ ਵਿਚੋਂ ਘੁੱਟ ਭਰ ਚੁੱਕੀ ਸਾਂ — ਸੋ ਕਿਹਾ, ਇਮਰੋਜ਼ ਜੀ, ਇਹ ਮੇਰਾ ਜੂਠਾ ਏ — ਹੱਸ ਕੇ ਮੇਰੇ ਅਗੋਂ ਗਿਲਾਸ ਚੁੱਕ, ਮੂੰਹ ਨੂੰ ਲਾ ਲਿਆ — ਔਖੇ ਧੀਆਂ ਦਾ ਜੂਠਾ ਨਹੀਂ ਹੁੰਦਾ।' ਇਕ ਹੋਰ ਮਾਮੂਲੀ ਜਿਹੀ ਨਜ਼ਰ ਆਉਂਦੀ ਘਟਨਾ ਚੇਤੇ ਆ ਰਹੀ ਏ — ਜੋ ਕਿ ਪਿਛਲੇ ਵਰ੍ਹੇ ਇਮਰੋਜ਼ ਜੀ ਨੂੰ ਪੰਜਾਬੀ ਅਕਾਦਮੀ, ਦਿੱਲੀ ਵਲੋਂ ਉੱਤਮ ਕਵੀ ਹੋਣ ਦਾ ਸਨਮਾਨ ਮਿਲਣ ਨਾਲ ਜੁੜੀ ਏ। ਜਦ ਵੀ ਦਿੱਲੀ ਜਾਂ ਬਾਹਰ ਦੀ ਕੋਈ ਸੰਸਥਾ, ਮਿੱਤਰ ਪਿਆਰਾ ਉਹਨਾਂ ਨੂੰ ਸੱਦਾ ਦਿੰਦਾ ਹੈ — ਉਹ ਮੈਨੂੰ ਫ਼ੋਨ ਕਰ ਦਿੰਦੇ ਹਨ ਤੇ ਅਸੀਂ ਪਿਓ-ਧੀ ਮਿਲ ਕੇ ਜਾਣਾ ਤੈਅ ਕਰ ਲੈਂਦੇ ਹਾਂ। ਖ਼ੈਰ ਅਸੀਂ ਅਕਾਦਮੀ ਵਲੋਂ ਮਿੱਥੀ ਥਾਂ ਤੇ ਪਹੁੰਚੇ ਜਿਥੇ ਸਭ ਸਨਮਾਨਿਤ ਲੋਕ ਅਤੇ ਦਰਸ਼ਕ ਬੈਠੇ ਸਨ। ਅਗਲੇ ਸੋਫ਼ਿਆਂ ਤੇ ਉਹ ਲੋਕ ਬੈਠੇ ਸਨ, ਜਿਹਨਾਂ ਨੂੰ ਅਵਾਰਡ ਮਿਲਣੇ ਸਨ। ਮੈਂ ਇਮਰੋਜ਼ ਜੀ ਨਾਲ ਢੁੱਕ ਕੇ ਬੈਠੀ ਸਾਂ। ਇਕ ਹੋਰ ਸਨਮਾਨਿਤ ਸ਼ਖ਼ਸ ਐਚ. ਪੀ. ਸਿੰਘ ਮੇਰੇ ਦੂਜੇ ਪਾਸੇ ਬੈਠਾ, ਜੋ ਮੈਨੂੰ ਵੱਡੀ ਭੈਣ ਕਹਿੰਦਾ। ਅਕਾਦਮੀ ਦੀ ਪ੍ਰਬੰਧਕ ਨੇਮਾਂ ਅਨੁਸਾਰ ਚਾਹ ਰਹੀ ਸੀ ਕਿ ਮੈਂ ਉਥੋਂ ਉਠ

ਜਾਵਾਂ। ਪਰ ਉਦੋਂ ਇਮਰੋਜ਼ ਜੀ ਏਨੀ ਛੇਤੀ ਕਿਸੇ ਨਾਲ ਖੁਲ੍ਹਦੇ ਨਹੀਂ ਸੀ। ਉਹ ਇਕੱਲੇ ਪੈ ਜਾਣਗੇ, ਇਹ ਖ਼ਿਆਲ ਮੈਨੂੰ ਉੱਠਣ ਨਹੀਂ ਦੇ ਰਿਹਾ ਸੀ ਕਿ ਉਸ ਔਰਤ ਨੇ ਕੁਝ ਕਿਹਾ। ਮੈਂ ਹੱਸ ਕੇ ਅੱਗੋਂ ਕਿਹਾ — ਇਕ ਪਾਸੇ ਮੇਰਾ ਪਿਉ ਏ ਤੇ ਦੂਜੇ ਪਾਸੇ ਭਰਾ — ਪੁੱਛ ਇਹਨਾਂ ਤੋਂ...ਖ਼ੈਰ 'ਅੱਖਰ' ਵਿਚ ਮੇਰਾ ਇੱਕ ਖ਼ਤ ਛੱਪਣ ਮਗਰੋਂ ਬਹੁਤ ਸਾਰੇ ਪ੍ਰਤੀਕਰਮ ਆਏ, ਉਹਨਾਂ ਵਿਚੋਂ ਇਕ ਦੇਸਰਾਜ ਕਾਲੀ ਦਾ ਸੀ ਕਿ ਇਮਰੋਜ਼ ਜੀ ਨਾਲ ਇਸੇ ਸਿਲਸਿਲੇ ਵਿਚ ਇੰਟਰਵਿਊ ਲੈ ਕੇ ਭੇਜਾਂ...ਸੋਚ ਰਹੀ ਸਾਂ ਕਿ ਇਹ ਕਿਵੇਂ ਸਹਿਜ ਤੇ ਕੁਦਰਤੀ ਹੋਵੇ ਕਿ ਮੇਰੇ ਪਿਤਾ ਨੂੰ ਨਾ ਕੁਝ ਓਪਰਾ ਲੱਗੇ। ਨਾ ਦਿਲ ਦੁੱਖੇ, ਨਾ ਉਹ ਜਵਾਬ ਦੇਣ ਵੇਲੇ ਅਸਹਿਜ ਹੋਣ, ਨਾ ਕੁਝ ਉਚੇਚ ਕਰਨਾ ਪਵੇ...ਤੇ ਮੌਕਾ ਬਣ ਗਿਆ। ਧੁੱਪ ਵਾਲੀ ਮਹਫ਼ਿਲ ਲਈ ਇਮਰੋਜ਼ ਜੀ ਦਾ ਫ਼ੋਨ ਆਇਆ — ਅਮੀਆ, ਹੌਜ਼ ਖ਼ਾਸ ਆ ਜਾਈਂ। ਇਥੋਂ ਇਕੱਠੇ ਚਲਾਂਗੇ। ਅਵਤਾਰ ਵੀ ਜਾਏਗੀ। ਸੋ ਮੇਰੇ ਉਥੇ ਪਹੁੰਚਣ ਤੇ ਅਸੀਂ ਫ਼ਾਰਮ ਹਾਊਸ ਨੂੰ ਚਲ ਪਏ। ਚਿੱਤਰਕਾਰ, ਸ਼ਾਇਰ ਦੇਵ ਸਾਡੇ ਨਾਲ ਸੀ। ਅਸੀਂ ਮਹਿਫ਼ਲ ਸ਼ੁਰੂ ਹੋਣ ਤੋਂ ਕੁਝ ਪਹਿਲਾਂ ਹੀ ਪਹੁੰਚ ਗਏ ਸਾਂ। ਇਮਰੋਜ਼ ਮੇਰਾ ਹੱਥ ਫੜ ਕਹਿਣ ਲੱਗੇ — 'ਚੱਲ, ਤਾਂ ਤੀਕ ਕੁਦਰਤ ਨੂੰ ਮਾਣੀਏ।' ਫੁੱਲਾਂ, ਬੂਟਿਆਂ, ਸਬਜ਼ੀਆਂ, ਵੇਲਾਂ ਨੂੰ ਨਿਹਾਰਦੇ, ਸਲਾਹੁੰਦੇ ਸਹਿਵਨ ਹੀ ਇੰਟਰਵਿਊ ਦਾ ਮੁੱਢ ਬੱਝ ਗਿਆ। ਉਹ ਵੀ ਇਮਰੋਜ਼ ਹੁਰਾਂ ਵਲੋਂ — ਕਹਿਣ ਲਗੇ — ਫਲਾਣਾ ਕਹਿ ਰਿਹਾ ਸੀ — ਚੰਗਾ ਹੋਇਆ, ਅਮੀਆ ਨੇ 'ਅੱਖਰ' ਵਿਚ ਛਪਵਾ ਦਿੱਤਾ। ਲੋਕਾਂ ਦੇ ਭੁਲੇਵੇਂ ਕੁਝ ਤਾਂ ਦੂਰ ਹੋਏ। ਕੁਝ ਦੇ ਮੂੰਹਾਂ ਤੇ ਤਾਂ ਜੰਦਰੇ ਵਜੇ।

ਅਮੀਆ (ਬੇਜ਼ਾਰੀ ਨਾਲ) ਪਰ ਲੋਕਾਂ ਨੂੰ ਅਜਿਹਾ ਕੁਝ ਬੋਲ ਕੇ ਕੀ ਮਿਲਦਾ ਏ...

ਇਮਰੋਜ਼...ਜਿਹੜੇ ਅੰਮ੍ਰਿਤਾ ਤੀਕ ਨਹੀਂ ਪਹੁੰਚ ਸਕੇ, ਉਹ ਉਹਨੂੰ ਆਪਣੇ ਜਿੱਡਾ ਕਰਨਾ ਲੋਚਦੇ ਹਨ। ਖ਼ੁਦ ਨੂੰ ਉਚਿਆ ਕੇ ਨਹੀਂ, ਅੰਮ੍ਰਿਤਾ ਨੂੰ ਨਿਵਿਆ ਕੇ। ਉਹਨਾਂ ਦਾ ਮਕਸਦ ਸਿਰਫ਼ ਅੰਮ੍ਰਿਤਾ ਨੂੰ ਨਿੰਦਣਾ ਹੈ।

— ਪਰ ਇਮਰੋਜ਼ ਜੀ !

ਇ — ਅਮੀਆ, ਇੱਕ ਗੱਲ ਦੱਸ, ਤੂੰ ਮੇਰੇ ਵਿਚ, ਮੇਰੀ ਰਹਿਣੀ-ਬਹਿਣੀ ਵਿਚ, ਮੇਰੇ ਵਿਹਾਰ ਵਿਚ, ਮੇਰੀਆਂ ਕਵਿਤਾਵਾਂ ਵਿਚ ਕੋਈ ਦੁਚਿੱਤੀ, ਫ੍ਰਸਟਰੇਸ਼ਨ ਜਾਂ ਝੋਰਾ ਵੇਖਿਆ ਹੈ...?

(ਇਸ ਭਰ ਵਹਿੰਦੇ ਸ਼ਾਂਤ, ਪਵਿੱਤਰ ਦਰਿਆ, ਅੰਮ੍ਰਿਤਾ/ਸਮਾਧੀ ਵਿਚ ਲੀਨ ਰਿਸ਼ੀ, ਕਥਨੀ ਅਤੇ ਕਰਨੀ 'ਚ ਪਾੜਾ ਨਾ ਕਰਨ ਵਾਲੇ ਸੱਚੇ-ਸੁੱਚੇ ਮਰਦ ਦੀ ਮੈਂ ਕਾਇਲ ਵੀ ਰਹੀ ਹਾਂ ਅਤੇ ਉਹਨਾਂ ਦੇ ਇਸ ਕਥਨ ਦੀ ਸਾਖ਼ੀ ਵੀ ਭਰਦੀ ਹਾਂ।)

— ਇਮਰੋਜ਼ ਜੀ ! ਰਾਈ ਦਾ ਪਹਾੜ, ਖੰਭਾਂ ਦੀਆਂ ਡਾਰਾਂ ਬਣਦੇ ਤਾਂ ਸੁਣਿਐ — ਪਰ ਜਿਥੇ ਨਾ-ਮਾਤਰ ਤੱਥ ਨਾ ਹੋਵੇ ਤਾਂ ਕਿਵੇਂ ਇਹ ਮਨਘੜਤ...ਇਸ 'ਤੇ ਇਮਰੋਜ਼ ਹੱਸ ਪਏ...

ਇ. — ਇਹ ਦੋ ਤਰ੍ਹਾਂ ਦੇ ਨਿੰਦਕ ਹਨ — ਇਕ ਉਹ ਜੋ ਅੰਮ੍ਰਿਤਾ ਨੂੰ ਆਪਣੇ ਤੋਂ ਬਹੁਤ ਉੱਚੀ ਥਾਂ ਵੇਖ ਕੀਨੇ ਨਾਲ ਭਰ ਗਏ ਕਿ ਉਹ ਉਥੇ ਤਕ ਕਿਉਂ ਨਹੀਂ ਪਹੁੰਚ ਸਕੇ। ਦੂਜੇ ਉਹ ਜੋ ਆਨੀ-ਬਹਾਨੀ ਅੰਮ੍ਰਿਤਾ ਦੇ ਨੇੜੇ ਢੁੱਕ ਕੇ ਬਹਿੰਦੇ ਸਨ ਕਿ ਸ਼ਾਇਦ ਕਦੇ ਅੰਮ੍ਰਿਤਾ ਉਹਨਾਂ ਉੱਤੇ ਮਿਹਰਬਾਨ ਹੋ ਜਾਏ। ਮੇਰੇ ਆਉਣ ਨਾਲ ਉਹਨਾਂ ਸਭਨਾਂ

ਨੇ ਪਹਿਲਾਂ ਤਾਂ ਉਡੀਕ ਕੀਤੀ, ਸੰਭਾਵਨਾ ਬਣਾਈ ਕਿ ਸ਼ਾਇਦ ਅੰਮ੍ਰਿਤਾ ਮੈਨੂੰ ਛੱਡ ਦੇਵੇ ਜਾਂ ਮੈਂ ਉਹਨੂੰ...ਪਰ ਉਹਨਾਂ ਸਾਨੂੰ ਸਵਾਸ-ਸਵਾਸ ਨਿੱਭਦੇ ਵੇਖਿਆ, ਜੋ ਉਹਨਾਂ ਵਲੋਂ ਨਹੀਂ ਹੋਣਾ ਸੀ...ਇਹ ਦੋਵੇਂ ਹੀ ਮੇਰੀ ਓਟ ਲੈ ਅੰਮ੍ਰਿਤਾ ਨੂੰ ਨਿੰਦਦੇ ਹਨ... ਜਿਹੜੀ ਥਾਂ ਇਹ ਅੰਮ੍ਰਿਤਾ ਨੂੰ ਵੇਖਣਾ ਚਾਹੁੰਦੇ ਸਨ, ਉਥੇ ਉਸ ਕਦੇ ਨਹੀਂ ਹੋਣਾ ਸੀ ਤੇ ਜਿਹੜੀ ਥਾਂ ਉਹ ਪੁੱਜ ਗਈ ਸੀ, ਉਸ ਥਾਂ ਇਹਨਾਂ ਦੀ ਪਹੁੰਚ ਕਦੇ ਨਹੀਂ ਹੋ ਸਕਦੀ...

— ਸੋ, ਹਾਰ ਵਿਚ ਚਿੱਥੇ ਪਏ, ਖਿੱਝੇ ਹੋਏ ਲੋਕਾਂ ਦੀ ਇਹ ਜੁਗਾਲੀ ਹੈ ! ਅੱਜ ਕਲ੍ਹ ਇਹ ਹਵਾ ਏ ਕਿ ਅੰਮ੍ਰਿਤਾ ਨੇ ਜਾਇਦਾਦ ਬੱਚਿਆਂ ਦੇ ਨਾਂ ਕੀਤੀ — ਪੂਰੀ ਉਮਰ ਦੀ ਵਫ਼ਾ ਦੇ ਸਿਲੇ ਵਿਚ ਤੁਹਾਡੇ ਪੈਰਾਂ ਹੇਠਲੀ ਜ਼ਮੀਨ ਖਿਸਕਾ ਲਈ...ਉਹ ਜੋ ਤੁਹਾਡੇ ਨਾਲ ਅੰਬਰਾਂ ਦੀਆਂ ਉਡਾਰੀਆਂ ਭਰਦੀ ਰਹੀ...(ਇਸ ਸਵਾਲ ਦੇ ਜਵਾਬ ਵਿਚ ਦਰਵੇਸ਼ ਬੇਲਾਗ ਹਾਸਾ ਹੱਸਿਆ ਤੇ ਕਿਹਾ...)

ਇ. — ਅਮੀਆ, ਲੋਕ ਨਹੀਂ ਜਾਣਦੇ ਕਿ ਅੰਮ੍ਰਿਤਾ ਦੀ ਜਾਇਦਾਦ ਸਬੰਧੀ ਵਸੀਅਤ ਮੈਂ ਹੀ ਬਦਲਵਾਈ — ਹੁਣ ਮੇਰੇ ਨਾਂ, ਫਿਰ ਅੱਗੋਂ ਬੱਚਿਆਂ ਦੇ ਨਾਂ ਮੈਂ ਕਰਦਾ...ਮੈਂ ਇਸ ਬਦਲਾ-ਬਦਲੀ ਦੇ ਚੱਕਰਾਂ ਦੀ ਜਹਿਮਤ ਨਹੀਂ ਭੁਗਤਣਾ ਚਾਹੁੰਦਾ ਸਾਂ। ਇਹ ਵਸੀਅਤ ਅੱਜ ਵੀ ਮੇਰੇ ਕੋਲ ਹੈ। ਮੈਂ ਜੋ ਚਾਹੁੰਦਾ ਸਾਂ, ਉਹ ਮੈਨੂੰ ਮਿਲਿਆ ਹੈ — ਅੰਮ੍ਰਿਤਾ ਮੇਰੀ ਵਸੀਅਤ ਵਿਚ ਹੈ ਅਤੇ ਬੱਚਿਆਂ ਦੀ ਵਸੀਅਤ ਵਿਚ ਜਾਇਦਾਦ।

— ਕਿਸੇ ਤਰ੍ਹਾਂ ਦੀ ਅਸੁਰੱਖਿਆ ਦੀ ਭਾਵਨਾ, ਕੋਈ ਡਰ ਜਾਂ ਤੌਖਲਾ — ਜਿਵੇਂ ਕਿ ਇਹ ਅਫ਼ਵਾਹ ਹੈ ਕਿ ਅੰਮ੍ਰਿਤਾ ਦੇ ਜਾਣ ਬਾਅਦ ਬੱਚਿਆਂ ਨੇ ਇਮਰੋਜ਼ ਨੂੰ ਬਾਹਰ ਕਰ ਦਿੱਤਾ ਹੈ ਤੇ ਕੇ-ਪੱਚੀ ਬਹੁਮੰਜ਼ਿਲੀ ਇਮਾਰਤ ਵਿਚ ਤਬਦੀਲ ਹੋ ਰਹੀ ਹੈ...

ਇ. — ਮੇਰੀ ਵਸੀਅਤ ਵਿਚ ਜਿਥੇ ਅੰਮ੍ਰਿਤਾ ਹੈ ਉਥੇ ਉਹਦੇ ਬੱਚੇ ਵੀ ਹਨ। (ਮੈਂ ਜਾਣਦੀ ਹਾਂ, ਇਮਰੋਜ਼ ਜਦ ਵੀ ਸੈਲੀ ਦਾ ਜ਼ਿਕਰ ਕਰਨਗੇ — ਸਾਡਾ ਪੁੱਤਰ ਕਹਿ ਕੇ — ਚਾਹੇ ਇਹ ਜ਼ਿਕਰ ਖ਼ੂਬੀਆਂ ਦਾ ਹੋਵੇ ਜਾਂ ਕੋਈ ਖ਼ਾਮੀ ਦੱਸੀ ਜਾਏ।) ਅਸੀਂ ਮਿਲ ਕੇ ਫ਼ੈਸਲਾ ਕੀਤਾ ਸੀ ਕਿ ਅਸੀਂ ਕੋਈ ਹੋਰ ਬੱਚਾ ਨਹੀਂ...ਬੱਚਿਆਂ ਤੋਂ ਵੀ ਵੱਧ ਉਹਨਾਂ ਦੇ ਬੱਚਿਆਂ ਨੇ ਮੈਨੂੰ ਅਪਣਾਇਆ ਹੈ...

(ਇਹ ਮੈਂ ਵੀ ਪਿਛਲੇ 20-22 ਵਰ੍ਹਿਆਂ ਤੋਂ ਮਹਿਸੂਸ ਕੀਤਾ ਹੈ। ਬੱਚਿਆਂ ਦੇ ਨਿੱਕੇ ਹੁੰਦਿਆਂ ਤੋਂ ਹੁਣ ਤੀਕ ਉਹ ਆਪਣੀ ਅੰਮ੍ਰਿਤਾ ਅੰਮੀ ਅਤੇ ਇਮਰੋਜ਼ ਬਾਬਾ ਦੇ ਫ਼ੈਨ ਹਨ। ਪਿੱਛੇ ਜਿਹੇ ਪੋਤਰੀ ਸ਼ਿਲਪਾ ਦਾ ਵਿਆਹ ਮੁੰਬਈ ਹੋਇਆ ਤਾਂ ਉਹਨੇ ਇਮਰੋਜ਼ ਹੁਰਾਂ ਦੀ ਹਾਜ਼ਰੀ ਸਭ ਤੋਂ ਜ਼ਰੂਰੀ ਸਮਝੀ — ਇਮਰੋਜ਼ ਜੀ ਦੇ ਜਨਮ ਦਿਹਾੜੇ, 26 ਜਨਵਰੀ ਨੂੰ ਬੱਚਿਆਂ ਵਲੋਂ ਢੇਰ ਸਾਰੇ ਫੁੱਲ ਭੇਜੇ ਜਾਂਦੇ ਹਨ।) ਪੋਤਰੀ ਸ਼ਿਲਪੀ ਨੇ ਇਸ ਵੇਰ (ਅਕਤੂਬਰ 2010) ਦੇ ਪਹਿਲੇ ਹਫ਼ਤੇ ਮੁੰਬਈ 'ਚ ਗਹਿਣਿਆਂ ਦੀ ਪ੍ਰਦਰਸ਼ਨੀ 'ਚ ਹਿੱਸਾ ਲਿਆ — ਇਮਰੋਜ਼ ਉਥੇ ਉਚੇਚ ਨਾਲ ਗਏ ਤੇ ਉਹਨਾਂ ਦੇ ਹਥੋਂ ਹੀ ਇਸ ਸਮਾਰੋਹ ਦਾ ਆਗਾਜ਼ ਹੋਇਆ। — ਇਕ ਪੀਢਾ ਭਰੋਸਾ ਸੀ ਇਮਰੋਜ਼ ਹੋਰਾਂ ਦੀ ਆਵਾਜ਼ 'ਚ) — ਨਹੀਂ, ਮੈਨੂੰ ਕਿਸੀ ਬੱਚੇ ਨੇ ਘਰੋਂ ਨਹੀਂ ਕੱਢਣਾ...

— ਅੰਮ੍ਰਿਤਾ ਜੀ ਦੀ ਜਾਇਦਾਦ ਸੰਬੰਧੀ, ਉਸ ਨਾਲ ਜੁੜੀ ਵਸੀਅਤ ਸੰਬੰਧੀ ਤੁਹਾਡੀਆਂ ਮਹਿਸੂਸਣੀਆਂ —

ਇ. — ਜਿਹੜੀ ਚੀਜ਼ ਮੈਂ ਕਮਾਈ ਨਹੀਂ, ਉਹ ਮੇਰੀ ਨਹੀਂ। ਮੈਂ ਤੇ ਅੰਮ੍ਰਿਤਾ ਰਸੋਈ ਖ਼ਰਚ ਮਿਲ ਕੇ ਕਰਦੇ ਸਾਂ। ਮੈਂ ਤਾਂ ਆਪਣੇ ਪਿਤਾ ਦੀ ਜ਼ਾਇਦਾਦ ਵਿਚੋਂ ਵੀ

ਹਿੱਸਾ ਨਹੀ ਲਿਆ। (ਸੋ ਇਹ ਨਿਸਚਿਤ ਹੈ ਕਿ ਇਮਰੋਜ਼ ਨੇ ਅੰਮ੍ਰਿਤਾ ਕਮਾਈ ਹੈ। ਜਿਸ ਦੀ ਕੀਮਤ ਉਮਰਾਂ ਦਾ ਵਿਸ਼ਵਾਸ, ਪਿਆਰ ਅਤੇ ਅੰਮ੍ਰਿਤਾ ਜੀ ਦੇ ਅੰਤਲੇ ਦਿਨਾਂ 'ਚ ਉਹਨਾਂ ਦੀ ਸੇਵਾ ਕਰਕੇ ਤਾਰੀ ਹੈ।)

— ਅੰਮ੍ਰਿਤਾ ਦੇ ਜਾਣ ਮਗਰੋਂ...

ਇ. — (ਗੱਲ ਵਿਚੇ ਹੀ ਟੋਕ ਕੇ) — ਅਮੀਆ, ਤੂੰ ਕਦੇ ਮੇਰੇ ਬੋਲਾਂ ਜਾਂ ਵਿਹਾਰ ਵਿਚ ਅੰਮ੍ਰਿਤਾ ਲਈ 'ਸੀ' ਹੋਣ ਦਾ ਅਹਿਸਾਸ ਕੀਤਾ ਹੈ... ਉਹ ਆਪਣੀ ਇਕ, ਖ਼ੂਬਸੂਰਤ ਨਜ਼ਮ ਗੁਨਗੁਨਾਉਣ ਲਗਦੇ ਹਨ — ਉਹਨੇ ਸਰੀਰ ਛੱਡਿਆ ਹੈ, ਸਾਥ ਨਹੀਂ... (ਪਿੱਛੇ ਜਿਹੇ ਨਿਰੂਪਮਾ ਦੱਤ ਨੇ ਹਫ਼ਤਾਵਾਰੀ 'ਦ ਸੰਡੇ ਇੰਡੀਅਨ' ਵਿਚ ਅੰਮ੍ਰਿਤਾ-ਇਮਰੋਜ਼ ਦੇ ਰਿਸ਼ਤੇ ਨੂੰ ਦਰਸਾਉਂਦਾ ਲੇਖ ਦਿੱਤਾ — 'ਇੱਕ ਸੀ ਅੰਮ੍ਰਿਤਾ, ਇੱਕ ਹੈ ਇਮਰੋਜ਼' ਇਮਰੋਜ਼ ਹੁਰਾਂ ਨੇ ਨਿਰੂਪਮਾ ਸਾਹਵੇਂ ਹੀ 'ਸੀ' ਲਫ਼ਜ਼ ਉੱਤੇ ਪੈਨੱ ਨਾਲ ਕਾਟਾ ਫੇਰਦੇ ਹੋਏ ਉਸ ਦੇ ਐਨ ਉੱਤੇ 'ਹੈ' ਲਫ਼ਜ਼ ਲਿਖ ਦਿੱਤਾ। ਉਸ ਵੇਲੇ ਉਹਨਾਂ ਦਾ ਚਿਹਰਾ ਪਿਆਰ ਤੇ ਸਿਰਫ਼ ਪਿਆਰ ਦੀ ਤਸਵੀਰ ਬਣਿਆ ਹੋਇਆ ਸੀ। ਨਿਰੂਪਮਾ ਦੀ ਭੁੱਲ ਸੋਧਦੇ ਹੋਏ, ਉਹ ਫੁਸਫੁਸਾ ਰਹੇ ਸਨ — ਇੱਕ ਹੈ ਅੰਮ੍ਰਿਤਾ ਅਤੇ ਇਕ ਹੈ ਇਮਰੋਜ਼...

ਅੰਮ੍ਰਿਤਾ ਉਹਨਾਂ ਲਈ ਹਮੇਸ਼ਾ ਹੈ, ਰਹੇਗੀ, ਕਦੇ 'ਸੀ' ਵਿਚ ਰੂਪਾਂਤਰਿਤ ਨਹੀਂ ਹੋਣੀ ਅਤੇ ਇਹ ਸਦੀਵੀਂ ਅਹਿਸਾਸ ਹੀ ਲੋਕਾਂ ਦੇ ਭੁਲੇਵਿਆਂ ਉੱਤੇ ਲੀਕ ਫੇਰਦਾ ਹੈ।

# ਇਮਰੋਜ਼ ਨਾਲ ਇਕ ਹੋਰ ਸਾਖਿਆਤਕਾਰ
# 16 ਅਪ੍ਰੈਲ, 2008

ਸਬੱਬ ਨਾਲ ਜਸਵੀਰ ਅਤੇ ਦੇਵਿੰਦਰ ਕੌਰ ਇੰਡੀਆ ਆਈਆਂ ਹੋਈਆਂ ਸਨ। ਉਹਨਾਂ ਨੂੰ ਮਿਲਣ ਲਈ ਇਮਰੋਜ਼ ਜੀ ਵੱਲ ਫ਼ੋਨ ਕੀਤਾ। ਅਲਕਾ ਨੇ ਦੱਸਿਆ ਕਿ ਜਸਵੀਰ ਮਹਾਰਾਜਾ ਹੋਟਲ (ਪਹਾੜਗੰਜ) ਠਹਿਰੀ ਏ ਅਤੇ ਉਥੇ ਹੀ ਇਮਰੋਜ਼ ਵੀ ਗਏ ਹਨ ਤੇ ਦੀਦੀ ਉਹਨਾਂ ਨੇ ਤੁਹਾਨੂੰ ਵੀ ਉਥੇ ਹੀ ਆਉਣ ਨੂੰ ਕਿਹਾ ਹੈ। ਸੋ ਖ਼ਿਆਲ ਆਇਆ ਕਿ ਅੱਜ ਅੰਮ੍ਰਿਤਾ ਜੀ ਦੇ ਪਾਠਕਾਂ – ਪ੍ਰਸ਼ੰਸਕਾਂ ਦੇ ਨਾਲ ਇਮਰੋਜ਼ ਜੀ ਦਾ ਸਾਖਿਆਤਕਾਰ ਕੀਤਾ ਜਾਏ ਅਤੇ ਇਸ ਤਰ੍ਹਾਂ ਨਾਲ ਇਹਨਾਂ ਦੋਸਤਾਂ ਦੀ ਵੀ ਰਾਇ ਮਿਲ ਜਾਏਗੀ...ਮੈਂ ਹੋਟਲ ਦੇ 406 ਨੰਬਰ ਕਮਰੇ ਵਿਚ ਦਾਖ਼ਲ ਹੋਈ ਤਾਂ ਚੌਕੜੀ (ਸਾਧੂ ਸਿੰਘ, ਦੇਵਿੰਦਰ, ਇਮਰੋਜ਼ ਅਤੇ ਜਸਵੀਰ) ਖਾਣੇ 'ਤੇ ਮੇਰਾ ਇੰਤਜ਼ਾਰ ਕਰ ਰਹੇ। ਜਸਵੀਰ ਨੇ ਮੇਰੇ ਸਾਹਵੇਂ ਥਾਲੀ ਕਰ ਦਿੱਤੀ – ਅਮੀਆ, ਪਹਿਲਾਂ ਕੁਝ ਖਾ ਲੈ...ਮੈਂ ਹੱਸ ਪਈ। ਦੇਵਿੰਦਰ ਦੋਸਤਾਨਾ ਮੁਸਕੜੀ ਦਿੰਦਿਆਂ, ਮੇਰੇ ਵਲ ਵੇਖਦਿਆਂ, ਇਮਰੋਜ਼ ਹੁਰਾਂ ਨੂੰ ਕਹਿਣ ਲੱਗੀ – ਇੰਨੇ ਵਰ੍ਹਿਆਂ ਮਗਰੋਂ ਅਮੀਆ ਨੂੰ ਵੇਖ ਰਹੀ ਆਂ, ਉਹੀ ਸੱਜਰਾ ਹਾਸਾ। ਇਮਰੋਜ਼ ਜੀ ਦੇ ਚਿਹਰੇ ਤੇ ਪਿਤਾ ਵਾਲਾ ਫ਼ਖ਼ਰ ਸੀ – 'ਦੇਵਿੰਦਰ, ਇਹ ਤਾਂ ਜਦ ਪੈਦਾ ਹੋਈ, ਉਸ ਵੇਲੇ ਵੀ ਹੱਸੀ ਹੀ ਸੀ, ਰੋਈ ਨਹੀਂ...

ਮੈਂ ਲਾਡਲੀ ਧੀ ਵਾਲੇ ਚੰਬਲਾਏ ਸੁਰ ਵਿਚ ਬੋਲ ਪਈ, 'ਨਹੀਂ ਇਮਰੋਜ਼ ਜੀ ! ਤੁਸੀਂ ਸ਼ਾਇਦ ਭੁੱਲ ਰਹੇ ਓ, ਬਚਪਨ ਵਿਚ ਤਾਂ ਮੈਂ ਬਹੁਤ ਰੋਂਦੂ ਸਾਂ। ਹਾਸਾ ਤਾਂ ਸ਼ਾਇਦ ਈ ਕਦੇ ਬੁੱਲ੍ਹਾਂ ਤੇ ਆਇਆ ਹੋਵੇ।' ਹੋਟਲ ਦੇ ਕਮਰਾ ਨੰਬਰ 406 ਵਿਚ ਜਿਥੇ ਅੰਮ੍ਰਿਤਾ ਦੀ ਯਾਦ ਵਿਚ ਚਾਰ ਚਿਰਾਗ ਬੱਲ ਰਹੇ ਸਨ, ਪੰਜਵਾਂ ਚਿਰਾਗ ਬਾਲਣ ਲਈ ਮੈਂ ਹਾਜ਼ਰੀ ਦੇਣ ਲੱਗੀ।

ਸਾਡੇ ਦਰਮਿਆਨ ਮੁੜ ਤੋਂ ਉਹਨਾਂ ਓਪਰੇ ਲੋਕਾਂ ਦੀਆਂ ਗੱਲਾਂ ਤੁਰ ਪਈਆਂ...

ਅਮੀਆ – ਸੋਚਿਆ ਸੀ, 'ਅੱਖਰ' ਵਿਚ ਮੇਰਾ ਖ਼ਤ ਪੜ੍ਹ ਕੇ ਲੋਕਾਂ ਦੇ ਗ਼ਲਤ ਵਿਚਾਰਾਂ ਅਤੇ ਸੋਚ 'ਤੇ ਕੁਝ ਦੇਰ ਲਈ ਠਲ੍ਹ ਪੈ ਜਾਏਗੀ। ਪਰ ਫ਼ਾਰਮ ਹਾਊਸ 'ਤੇ ਇਮਰੋਜ਼ ਹੁਰਾਂ ਨੂੰ ਖ਼ੁਸ਼, ਸੰਤੁਸ਼ਟ, ਸਿਹਤਮੰਦ ਵੇਖ ਕੇ ਵੀ ਲੋਕ ਸ਼ਾਂਤ ਨਹੀਂ ਹੋਏ। ਉਹ ਆਪਣੀ ਸੋਚ ਨੂੰ ਹਰ ਹਾਲ ਵਿਚ ਸਹੀ ਸਾਬਿਤ ਕਰਨ 'ਤੇ ਅੜੇ ਹੋਏ ਹਨ। ਮੇਰੀ ਇੱਕ ਦੋਸਤ ਨੇ ਦੱਸਿਐ – ਘਰ ਜਾਂਦਿਆਂ, ਰਾਹ ਵਿਚ ਇੱਕ ਮਿਹਰਬਾਨ ਸੱਜਣ ਕਹਿ ਰਹੇ ਸਨ – ਅਮੀਆ ਤਾਂ ਭੋਲੀ ਹੈ, ਉਹਨੂੰ ਕੀ ਪਤਾ, ਇਮਰੋਜ਼ ਆਪਣੇ ਨਿਜੀ ਦੋਸਤਾਂ ਸਾਹਵੇਂ ਰੋਂਦਾ ਏ – ਅੰਮ੍ਰਿਤਾ ਦੇ ਇਸ ਕੰਮ ਤੋਂ ਦੁੱਖੀ ਹੋ ਕੇ, ਉਹਨੂੰ ਕੋਸਦਾ ਏ ?

ਸਾਧੂ ਸਿੰਘ — ਅਮੀਆ ! ਰਚਨਾ, ਸਿਰਜਣਾ ਅਤੇ ਜਿਹਨੀ ਤਬੀਅਤ ਤੋਂ ਜਿੰਨੇ ਤੁਸੀਂ ਅੰਮ੍ਰਿਤਾ-ਇਮਰੋਜ਼ ਦੇ ਨੇੜੇ ਓ, ਉਸ ਤੋਂ ਨੇੜੇ ਹੋਰ ਕੌਣ ਹੋ ਸਕਦਾ ਏ ?

ਅਮੀਆ — ਮੈਂ ਸੋਚ ਰਹੀ ਆਂ, ਉਹ ਕਿਹੜੇ ਦੋਸਤ ਹੋ ਸਕਦੇ ਹਨ, ਜਿਹਨਾਂ ਨਾਲ ਇਮਰੋਜ਼ ਮਨ ਦੀ ਗੱਲ ਕਰ ਲੈਣ...ਦੂਰ ਤੀਕ ਨਜ਼ਰ ਕਰਨੀ ਆਂ ਤਾਂ ਤਿੰਨ ਚਾਰ ਨਾਂ ਉਭਰ ਕੇ ਸਾਹਮਣੇ ਆਉਂਦੇ ਹਨ...ਇੱਕ ਚਿੱਤਰਕਾਰ ਹਰਬੰਸ ਦਾ, ਜਿਹਨਾਂ ਦੇ ਘਰ ਮੈਂ ਅਤੇ ਇਮਰੋਜ਼ ਇੱਕ ਦਿਨ ਲੰਚ ਦੇ ਸੱਦੇ ਤੇ ਸਾਂ। ਉਥੇ ਵੀ ਹਾਸਾ-ਮਜ਼ਾਕ, ਪੁਰਾਣੀਆਂ ਯਾਦਾਂ ਦੀ ਮਿਠਾਸ ਸੀ ਅਤੇ ਇਸਦੇ ਇਲਾਵਾ ਕੁਝ ਨਹੀਂ ਸੀ। ਉਥੇ ਹਰਬੰਸ ਅੰਕਲ ਦੀ ਬਣਾਈ ਅੰਮ੍ਰਿਤਾ ਦੀ ਤਸਵੀਰ ਵੀ ਕੰਧ ਉੱਤੇ ਲੱਗੀ ਵੇਖੀ। (ਹਰਬੰਸ ਅੰਕਲ ਦਾ ਪਿਛਲੇ ਦਿਨੀਂ ਇੰਤਕਾਲ ਹੋ ਗਿਆ ਹੈ।) ਅਤੇ ਇਕ ਹੋਰ...ਮੁੰਬਈ ਵਿਚ ਇਕ ਬਹੁਤ ਪੁਰਾਣੇ ਦੋਸਤ ਦੀ ਵੱਡੀ ਭੈਣ, ਜੋ ਆਪਣੀ ਬਿਮਾਰੀ ਅਤੇ ਬਿਰਧ ਅਵਸਥਾ ਵੇਲੇ ਇਮਰੋਜ਼ ਜੀ ਨਾਲ ਪੁਰਾਣੀਆਂ ਯਾਦਾਂ ਵੰਡਦੀ ਹੈ। ਚੜ੍ਹਦੀ ਜਵਾਨੀ ਦੇ ਦਿਨਾਂ ਦੀ ਅੰਮ੍ਰਿਤਾ ਜੀ ਦੀ ਦੋਸਤ ਅਵਤਾਰ। ਇਹ ਸਭ ਇਮਰੋਜ਼ ਦੇ ਨਾਲ ਮਿਲ ਕੇ ਅੰਮ੍ਰਿਤਾ ਜੀ ਨਾਲ ਜੁੜੀਆਂ ਯਾਦਾਂ ਵੰਡਦੇ ਹਨ। ਹਾਂ ਸੱਚ, ਅੰਮ੍ਰਿਤਸਰ ਰਹਿੰਦੀ ਇਮਰੋਜ਼ ਜੀ ਦੀ ਭੈਣ ਸੁਭਾਗ — ਜਦ ਪਿਛਲੇ ਵਰ੍ਹੇ ਮੈਂ ਅਤੇ ਇਮਰੋਜ਼ ਇਕ ਰਾਤ ਉਹਨਾਂ ਕੋਲ ਠਹਿਰੇ — ਅੰਮ੍ਰਿਤਾ ਜੀ ਦੀ ਇੱਜ਼ਤ ਅਤੇ ਸਨਮਾਨ ਨੂੰ ਊਣਾ ਕਰਦਾ ਇੱਕ ਲਫ਼ਜ਼ ਵੀ ਮੈਂ ਕਿਸੇ ਦੇ ਬੁੱਲ੍ਹਾਂ 'ਤੇ ਆਉਂਦਾ ਨਹੀਂ ਵੇਖਿਆ। ਇਮਰੋਜ਼ ਦੇ ਸਾਹਮਣੇ ਤਾਂ ਦੁਸ਼ਮਨਾਂ, ਨਿੰਦਕਾਂ ਦੀ ਵੀ ਜੁਰੱਤ ਨਹੀਂ ਹੁੰਦੀ ਕਿ ਅੰਮ੍ਰਿਤਾ ਜੀ ਦੇ ਲਈ ਹੌਲੇ ਸ਼ਬਦ ਇਸਤੇਮਾਲ ਕਰਨ।

ਇਮਰੋਜ਼ — ਅਮੀਆ, ਇਹਨਾਂ ਓਪਰੇ ਲੋਕਾਂ ਦੀ ਤਾਂ ਗੱਲ ਜਾਣ ਹੀ ਦਿਓ ! ਇਹਨਾਂ 'ਚੋਂ ਕੋਈ ਮੈਨੂੰ ਨੇੜੇ ਹੋ ਕੇ ਮਿਲਿਆ ਨਹੀਂ, ਕਿਸੇ ਨੇ ਵੇਖਿਆ ਨਹੀਂ ਕਿ ਮੈਂ ਕਿਵੇਂ ਜੀ ਰਿਹਾ ਹਾਂ। ਲੋਕ ਮੈਨੂੰ ਤਕਲੀਫ਼ ਵਿਚ ਵੇਖਣਾ ਚਾਹੁੰਦੇ ਹਨ। ਅਜਿਹਾ ਸੋਚ ਕੇ ਉਹਨਾਂ ਨੂੰ ਅੰਦਰੂਨੀ ਖ਼ੁਸ਼ੀ ਮਿਲਦੀ ਹੈ, ਗੱਲ ਪੈਸਿਆਂ ਜਾਂ ਜਾਇਦਾਦ ਦੀ ਨਹੀਂ। ਨਾ ਇਸ ਵਿਚ ਕੋਈ ਤੱਥ-ਤੱਤ ਏ, ਉਹ ਤਾਂ ਸਿਰਫ਼ ਆਪਣੇ ਢੰਗ ਨਾਲ ਇਹਨੂੰ ਪਰਿਭਾਸ਼ਿਤ ਕਰਨਾ ਚਾਹੁੰਦੇ ਹਨ। ਮੇਰੀ ਓਟ ਲੈ ਕੇ ਅੰਮ੍ਰਿਤਾ ਨੂੰ ਮਾੜਾ ਕਹਿਣਾ ਚਾਹੁੰਦੇ ਹਨ।

ਸਾਧੂ ਸਿੰਘ — ਅੰਮ੍ਰਿਤਾ ਜੀ ਦੇ ਬਾਰੇ ਵਿਚ ਬਹੁਤ ਸਾਰੇ ਭੁਲੇਵੇਂ ਅਤੇ ਗ਼ਲਤਫ਼ਹਿਮੀਆਂ ਸਿਰਜੀਆਂ ਗਈਆਂ ਹਨ... ਦਰਅਸਲ ਤੁਸੀਂ ਦੋਵੇਂ ਵੱਖਰੀ ਭਾਂਤ ਦੇ ਓ...ਆਮ ਦੁਨੀਆ ਤੋਂ ਪਰੇ ਦੇ ਲੋਕ...ਲੋਕਾਂ ਨੂੰ ਤੁਹਾਡਾ ਰਿਸ਼ਤਾ ਏਨੀ ਉੱਚੀ ਥਾਂ ਪਿਆ ਜਚਦਾ ਨਹੀਂ...ਉਹਨਾਂ ਨੂੰ ਤਾਂ ਇਸ ਉੱਤੇ ਵੀ ਤਕਲੀਫ਼ ਹੁੰਦੀ ਏ ਕਿ ਤੁਹਾਨੂੰ ਕੋਈ ਤਕਲੀਫ਼ ਕਿਉਂ ਨਹੀਂ...ਅਸਲ ਵਿਚ ਤੁਹਾਡੇ ਜਿਹੇ ਰਿਸ਼ਤੇ ਦਾ ਕੋਈ ਦ੍ਰਿਸ਼ਟਾਂਤ ਵੀ ਨਹੀਂ ਮਿਲਦਾ। ਸੋ ਤੁਹਾਡਾ ਸੰਬੰਧ ਬਹੁਤਿਆਂ ਨੂੰ ਸਮਝ ਨਹੀਂ ਆਉਂਦਾ ਅਤੇ ਕੁਝ ਨੂੰ ਹਜ਼ਮ ਨਹੀਂ ਹੁੰਦਾ...

ਇਮਰੋਜ਼ — ਸੋ ਉਹ ਸਾਡੀ ਗੱਲ ਨਹੀਂ ਕਰ ਰਹੇ ਹੁੰਦੇ, ਉਹ ਆਪਣਾ ਅੰਦਰਲਾ ਪੜਤਾਲ ਰਹੇ ਹੁੰਦੇ ਹਨ ਜੋ ਉਹ ਆਪ ਹਨ...ਦਰਅਸਲ ਇਹਨਾਂ ਲੋਕਾਂ ਨੂੰ ਹਾਂ-ਪੱਖਤਾ ਬਰਦਾਸ਼ ਨਹੀਂ ਹੁੰਦੀ। ਇਹਨਾਂ ਕੋਲ ਜੀਊਣ ਦੀ ਜੁਰੱਤ ਨਹੀਂ...ਸੋ ਇਹ ਸੋਚ ਵੀ ਨਹੀਂ

ਸਕਦੇ...ਕਿ ਕੋਈ ਇਉਂ ਵੀ ਜੀ ਸਕਦਾ ਏ...ਇਹਨਾਂ ਨੂੰ ਰੂਹਾਂ ਦੀ ਸਮਝ ਕਿਥੇ...ਇਹਨਾਂ ਦੇ ਦੁਆਲੇ ਤਾਂ ਦੋ ਜਿਸਮ ਹੀ ਵਿਚਰਦੇ ਨਜ਼ਰੀਂ ਪੈਂਦੇ ਹਨ...ਅਤੇ ਇਹਦੇ ਨਾਲ ਹੀ ਉਹਨਾਂ ਨਾਲ ਜੁੜੀਆਂ ਕਮਜ਼ੋਰੀਆਂ, ਦੁਸ਼ਵਾਰੀਆਂ...

ਅਮੀਆ — ਹਾਂ, ਇਹ ਲੋਕ ਆਪਣੀ ਥਾਂ 'ਤੇ ਤੁਹਾਨੂੰ ਰੱਖ ਕੇ ਵੇਖਦੇ ਹਨ — ਸੋਚਦੇ ਹਨ ਕਿ ਜੇਕਰ ਅਜਿਹੇ ਹਾਲਾਤ ਵਿਚ ਉਹ ਹੁੰਦੇ ਤਾਂ ਇਹੀ ਕਰਦੇ...

ਦੇਵਿੰਦਰ — ਮੈਂ ਤਾਂ ਹਮੇਸ਼ਾ ਹੀ ਇਮਰੋਜ਼ ਨੂੰ ਮੁਹੱਬਤ ਦਾ ਜੀਉਂਦਾ-ਜਾਗਦਾ ਤਾਜਮਹਿਲ ਕਹਿੰਦੀ ਹਾਂ... ਇਥੇ ਲੋਕਾਂ ਦੀ ਆਪਣੀ ਸਾਈਕੀ ਬੋਲ ਰਹੀ ਏ।

ਅਮੀਆ — ਤਾਜਮਹਿਲ ਮੁਹੱਬਤ ਦੀ ਸੰਪੂਰਨਤਾ ਦਾ ਪ੍ਰਤੀਕ, ਇਸ ਵਿਚ ਤ੍ਰੇੜ ਨਹੀਂ ਆ ਸਕਦੀ...ਹਾਂ ਸੱਚ, ਲੋਕ ਕਹਿੰਦੇ ਨੇ ਇਮਰੋਜ਼ ਹੁਣ ਖੁਦ ਨੂੰ ਅਸੁਰੱਖਿਅਤ ਮਹਿਸੂਸਦਾ ਏ — ਅੰਮ੍ਰਿਤਾ ਨੇ ਇਹ ਬਹੁਤ ਮਾੜਾ ਕੀਤਾ...ਇਹ ਕਹਿ ਉੱਚੇ ਬਣ, ਇਮਰੋਜ਼ ਉੱਤੇ ਤਰਸ ਖਾਂਦੇ ਹਨ ਕਿ ਹੁਣ ਉਹਦੀ ਗੁਜ਼ਰ ਮੁਸ਼ਕਲ ਏ...

ਜਸਵੀਰ : ਸੁਰੱਖਿਆ ਉਹ ਭਾਲਦਾ ਏ ਜੋ ਪਹਿਲਾਂ ਨਹੀਂ ਸੁਰੱਖਿਅਤ। ਜਿਹਨੂੰ ਆਪਣੇ ਆਪ ਉੱਤੇ ਭਰੋਸਾ ਏ...ਜਿਹੜਾ ਆਪਣੇ ਨਾਲ ਜੀਉਂਦਾ ਏ...ਉਹ ਬਾਹਰੋਂ ਸੁਰੱਖਿਆ ਨਹੀਂ ਭਾਲਦਾ...

ਸਾਧੂ ਸਿੰਘ : ਸੋ ਉਹ ਆਪਣੇ ਅਰਥ ਪਾ ਰਹੇ ਹਨ...ਜੋ ਉਹ ਇੱਛਾ ਕਰਦੇ ਸਨ — ਉਹਦੀ ਪੂਰਤੀ ਨਹੀਂ ਹੋਈ...

ਅਮੀਆ : ਤੇ ਹੁਣ ਉਹਨਾਂ ਨੂੰ ਇਹ ਜਰਨਾ ਔਖਾ ਲਗ ਰਿਹਾ ਏ ਕਿ ਇਮਰੋਜ਼ ਵਿਚਾਰਾ ਬਣਿਆ ਕਿਉਂ ਨਹੀਂ ਦਿਖਦਾ...ਉਹ ਅੰਮ੍ਰਿਤਾ ਦੀ ਸ਼ਿਕਾਇਤ ਕਿਉਂ ਨਹੀਂ ਕਰਦਾ...ਤੁਸੀਂ ਦੋ ਵਿਅਕਤੀ ਨਹੀਂ — ਥੀਮ ਹੋ...ਤੁਸਾਂ ਦੋਹਾਂ ਮਿਲ ਕੇ ਨਵਾਂ ਇਤਿਹਾਸ ਸਿਰਜਿਆ ਏ।

ਦੇਵਿੰਦਰ : ਇਹਨਾਂ ਲੋਕਾਂ ਵਲੋਂ ਕੀਤੀ ਜਾ ਰਹੀ ਨੁਕਤਾਚੀਨੀ ਨੂੰ ਇੱਕ ਹੀ ਨਾਂ ਦਿੱਤਾ ਜਾ ਸਕਦਾ ਏ — ਸਾਹਿਤ ਦੇ ਗੌਸਿਪ ਗਲਿਆਰੇ...ਸਾਹਿਤਕ ਧੜਿਆਂ ਨੂੰ ਕੀ ਕਹੀਏ...ਸਭ ਆਪਣੇ-ਆਪਣੇ ਮਤਲਬਾਂ, ਉਦੇਸ਼ਾਂ ਨੂੰ ਲਏ ਉਸੇ ਨਜ਼ਰੀਏ ਤੋਂ ਦੂਜੇ ਨੂੰ ਜਾਂਚਦੇ...

ਅਮੀਆ : ਹਾਂ, ਇਹਨਾਂ ਕੋਲ ਢਲੇ-ਢਲਾਏ ਸੱਚੇ ਹਨ...ਜਿਹਨਾਂ 'ਤੇ ਆਪਣਾ ਵਿਚਾਰ ਉੱਲਦ ਮਨਮਰਜ਼ੀ ਦੀ ਵਿਚਾਰਧਾਰਾ ਘੜਦੇ ਹਨ...ਸੋ ਆਵਾ ਹੀ ਊਤਿਆ ਹੋਇਆ ਹੈ...

ਇਮਰੋਜ਼ : ਲੋਕਾਂ ਦਾ ਕੀ ਏ...ਇੱਕ ਲੇਖਕ ਨੇ ਕਿਥੇ ਜ਼ਿਕਰ ਕੀਤਾ ਕਿ ਮੈਂ ਇਮਰੋਜ਼ ਨੂੰ ਜਾਣਦਾ ਹਾਂ — ਉਹ ਸ਼ਰਾਬ ਪੀ ਕੇ ਲੰਮਾ ਪਿਆ ਰਹਿੰਦਾ ਏ। ਇਸ ਗੱਲ ਤੋਂ ਕਈ ਵਰ੍ਹਿਆਂ ਮਗਰੋਂ ਉਹ ਅੰਮ੍ਰਿਤਾ ਨੂੰ ਮਿਲਣ ਆਇਆ — ਅੰਮ੍ਰਿਤਾ ਨੇ ਮੇਰੇ ਵਲ ਇਸ਼ਾਰਾ ਕਰ ਕਿਹਾ...ਤੁਸਾਂ ਇਹਨੂੰ ਪਛਾਣਿਆ ਨਹੀਂ — ਇਹ ਉਹ ਸ਼ਖ਼ਸ ਹੈ ਜੋ ਪੀਕੇ...ਅਸੀਂ ਲਿਖਦੇ ਕੀ ਹਾਂ...ਜੀਉਂਦੇ ਕੀ ਹਾਂ...

ਅਮੀਆ : ਚਲੋ...ਗੱਲ ਹੁਣ ਹੋਰ ਪਾਸੇ ਜਾਣ ਲੱਗੀ ਏ...ਮੈਂ ਗੱਲ ਕਰਨੀ ਸੀ...ਆਮ ਲੋਕਾਂ 'ਚ ਜੋ ਅੰਮ੍ਰਿਤਾ ਦੀ ਵਸੀਅਤ ਬਾਰੇ ਤੋੜ-ਮਰੋੜ ਕੇ ਪ੍ਰਚਾਰਿਆ ਜਾ ਰਿਹਾ ਏ...ਉਹਦੀ ਜਾਇਦਾਦ ਨਾਲ ਜੁੜੀਆਂ ਅਫ਼ਵਾਹਾਂ...ਉਹਦੇ ਨਾਲ ਜੁੜਿਆ ਤੁਹਾਡਾ ਅਹਿਸਾਸ...

ਇਮਰੋਜ਼ : ਅਮੀਆ, ਕੀ ਤੂੰ ਮੇਰੇ ਸੁਭਾਅ ਤੋਂ ਜਾਣੂ ਨਹੀਂ...ਮੇਰੇ ਇੰਨੇ ਖ਼ਰਚੇ ਹੀ ਨਹੀਂ ਕਿ ਮੈਨੂੰ ਪੈਸੇ ਦੀ ਥੁੜ੍ਹ ਹੋਵੇ...ਹੁਣੇ ਜਿਹੇ ਪੰਜਾਬੀ ਅਕਾਦਮੀ, ਦਿੱਲੀ ਨੇ 'ਜਸ਼ਨ ਜ਼ਾਰੀ ਹੈ' ਉੱਤੇ 21 ਹਜ਼ਾਰ ਦਾ ਅਵਾਰਡ ਦਿੱਤਾ। ਰਕਮ ਹੱਥ ਆਉਂਦੇ ਹੀ ਸਭ ਤੋਂ ਪਹਿਲਾ ਕੰਮ ਘਰ 'ਚ ਦਾਖ਼ਲ ਹੁੰਦੇ ਹੀ ਪੂਰਾ ਵਿਹੜਾ ਮੌਸਮੀ ਫੁੱਲਾਂ ਵਾਲੇ ਬੂਟਿਆਂ ਨਾਲ ਭਰ ਦਿੱਤਾ...ਇਹਨਾਂ ਫੁੱਲਾਂ ਦੀ ਮਿਆਦ ਸਿਰਫ਼ 1 ਜਾਂ 2 ਮਹੀਨੇ ਦੀ...ਅਜਿਹੇ ਅਸਥਾਈ ਖੇੜੇ ਲਈ ਪੰਜ ਹਜ਼ਾਰ ਖ਼ਰਚ ਦੇਣੇ...

ਅਮੀਆ — ਹਾਂ, ਕੋ-ਪੱਚੀ ਦਾ ਗੇਟ ਖੋਲ੍ਹਦਿਆਂ ਹੀ ਫ਼ਲਾਕਸ, ਪੀਟੋਨੀਆ, ਜ਼ਰਬੇਰਾ, ਚਾਂਦਨੀ, ਪੇਪਰ ਫ਼ਲਾਵਰ, ਕਾਰਨੇਸ਼ਨ ਮਹਿਕਾਂ ਵੰਡਦੇ, ਆਉਣ ਵਾਲਿਆਂ ਦਾ ਸਵਾਗਤ ਕਰਦੇ, ਇਮਰੋਜ਼ ਦੀ ਸ਼ਾਹਦਿਲੀ ਦੀ ਸਾਖੀ ਭਰਦੇ ਨੇ। ਜਸਵੀਰ ਦੇ ਹੱਥਾਂ 'ਚ ਜਿਹੜਾ ਕੈਮਰਾ ਏ...ਇਹ ਵੀ ਉਸੇ ਇਨਾਮ ਦੀ ਬਦੌਲਤ ਦਸ ਹਜ਼ਾਰ ਦੀ ਕੀਮਤ ਤਾਰ ਕੇ ਲਿਆ ਹੈ...

ਇਮਰੋਜ਼ — ਤੇ ਤੂੰ ਮੇਰੇ ਨਵੇਂ ਫ਼ੈਬ ਇੰਡੀਆ ਦੇ ਕਪੜੇ ਨਹੀਂ ਵੇਖੇ...ਦੋ ਵਰ੍ਹਿਆਂ ਦਾ ਕੋਟਾ ਇਕੋ ਵੇਰ 'ਚ ਪੂਰਾ ਕਰ ਲਿਆ ਏ...

ਅਮੀਆ — ਤੁਹਾਡੇ ਇਕੋ ਜਿਹੇ ਦਿੱਸਦੇ ਕੱਪੜੇ ਕਿਥੇ ਦੱਸ ਪਾਉਂਦੇ ਨੇ ਕਿ ਤੁਸੀਂ ਕੁਝ ਨਵਾਂ ਪਾਇਆ ਏ ਜਾਂ ਪੁਰਾਣਾ...ਸਭ ਦੀ ਦਿੱਖ ਇਕੋ ਜਿਹੀ...ਸੂਫ਼ੀਆਨਾ ਰੰਗਤ...ਸੋ...

ਇਮਰੋਜ਼ — ਇਹੀ ਮੇਰਾ ਜ਼ਿੰਦਗੀ ਜੀਊਣ ਦਾ ਅੰਦਾਜ਼ ਏ। ਮੈਂ ਆਪਣੀ ਜੱਦੀ ਜ਼ਾਇਦਾਦ ਤੋਂ ਵੀ ਕੁਝ ਲੈਣਾ ਮੁਨਾਸਬ ਨਹੀਂ ਸਮਝਿਆ। ਮੈਂ ਆਪਣੀ ਦਾਲ-ਰੋਟੀ ਕਮਾ ਸਕਦਾ ਹਾਂ ਅਤੇ ਮੈਂ ਆਪਣੀ ਕਮਾਈ ਵਿਚ ਹੀ ਭਰੋਸਾ ਰੱਖਦਾ ਹਾਂ। ਮੇਰੇ ਕੋਲ ਕੋਈ ਸਥਾਈ ਨੌਕਰੀ ਨਹੀਂ ਸੋ ਮੈਂ ਕਦੇ ਰਿਟਾਇਰ ਨਹੀਂ ਹੋਣਾ...ਅੰਤ ਤੀਕ ਕੰਮ ਕਰਦੇ ਰਹਿਣਾ ਹੈ...ਮੈਨੂੰ ਕੋਈ ਘੜੀ-ਘੜਾਈ ਸੁਰੱਖਿਆ ਨਹੀਂ ਚਾਹੀਦੀ...

ਅਮੀਆ — ਹਾਂ, ਇਸ ਸੰਦਰਭ ਵਿਚ ਮੈਨੂੰ ਇਕ ਪੁਰਾਣੀ ਗੱਲ ਯਾਦ ਆ ਰਹੀ ਏ — ਜਦ ਕਦੇ ਅੰਮ੍ਰਿਤਾ ਜੀ ਨੂੰ ਲਗਦਾ, ਇਹਨੀਂ ਦਿਨੀਂ ਉਹਨਾਂ ਦੇ ਈਮਾ ਕੋਲ ਕੰਮ ਦੀ ਤੋਟ ਏ...ਉਹ ਖ਼ਾਮੋਸ਼ੀ ਨਾਲ ਉਹਨਾਂ ਦੇ ਬੋਝੇ ਵਿਚ ਕੁਝ ਰੁਪਏ ਰੱਖ ਦਿੰਦੇ ...ਉਹ ਰੁਪਏ, ਕੁਝ ਦਿਨ ਇਮਰੋਜ਼ ਦੀ ਜੇਬ ਵਿਚ ਬਗ਼ੈਰ ਕੋਈ ਖੜ-ਖੜ ਕੀਤੇ, ਬਿਨਾਂ ਖ਼ਰਚ ਹੋਏ, ਬੁੱਲ੍ਹ ਨਪੀੜੀ, ਕੰਨ ਵਲ੍ਹੇਟੀ ਪਏ ਰਹਿੰਦੇ। ਆਪਣੇ ਕਿਸੇ ਕੰਮ ਦੇ ਪੈਸੇ ਆਉਣ ਤੇ ਜੇਬ ਵਿਚ ਪਈ ਉਧਾਰ ਦੀ ਰਕਮ ਮੁੜ ਤੋਂ ਅੰਮ੍ਰਿਤਾ ਦੀ ਮੇਜ਼ ਦੀ ਦਰਾਜ਼ 'ਚ ਵਾਪਸ ਧਰ ਕੇ ਇਹ ਫ਼ਕੀਰ ਬਾਦਸ਼ਾਹ ਮੁਕਤੀ ਤੇ ਚੈਨ ਦਾ ਸਾਹ ਲੈਂਦਾ...

ਇਮਰੋਜ਼ —ਹਾਂ, ਅਠਾਰ੍ਹਾਂ ਵਰ੍ਹਿਆਂ ਦੀ ਉਮਰ ਤੋਂ ਮੈਂ ਆਪਣਾ ਖ਼ਰਚ ਆਪ ਕਮਾਇਆ ਹੈ। ਆਪਣੀ ਕਮਾਈ ਤੇ ਹੀ ਜਿਊਣ ਵਿਚ ਖ਼ੁਸ਼ੀ ਮਿਲਦੀ ਹੈ।

ਅਮੀਆ — ਅੱਲ੍ਹਾ ਕਰੇ ਜ਼ੋਰੇ — ਕਰਮ ਔਰ ਭੀ ਜ਼ਿਆਦਾ...!

ਸਭ — ਆਮੀਨ !

# ਅੰਤਿਕਾ

## ਕੇ-ਪੱਚੀ ਹੌਜ਼ ਖ਼ਾਸ ਬਨਾਮ ਐਨ-ਤੇਰ੍ਹਾਂ ਗ੍ਰੇਟਰ ਕੈਲਾਸ਼

ਅੰਮ੍ਰਿਤਾ ਪ੍ਰੀਤਮ ਦੇ ਤੁਰ ਜਾਣ ਮਗਰੋਂ ਅਫ਼ਵਾਹਾਂ ਦੇ ਵਾਵਰੋਲੇ ਉੱਡਣ ਲੱਗੇ। ਅੰਮ੍ਰਿਤਾ/ਇਮਰੋਜ਼ ਨੂੰ ਲੈ ਕੇ ਖ਼ਬਰੇ ਕਿੰਨੇ ਝੂਠ-ਸੱਚ ਅਖ਼ਬਾਰਾਂ, ਰਸਾਲਿਆਂ ਦੀਆਂ ਸੁਰਖ਼ੀਆ ਹੋਣ ਲੱਗੇ। ਇਹਨਾਂ ਵਿਚੋਂ ਅੰਮ੍ਰਿਤਾ ਦੇ ਚਰਿੱਤਰ, ਨਿਜੀ ਜ਼ਿੰਦਗੀ ਅਤੇ ਉਸ ਦੀਆਂ ਲਿਖਤਾਂ ਨੂੰ ਲੈ ਕੇ ਤਾਂ ਉਹਨਾਂ ਦੇ ਜਿਉਂਦੇ ਜੀ ਵੀ ਕਈ ਕੁਝ ਲਿਖਿਆ ਹੀ ਗਿਆ ਸੀ। ਹੁਣ ਉਹਨਾਂ ਦੀ ਵਸੀਅਤ ਅਤੇ ਕੇ-ਪੱਚੀ ਹੌਜ਼ ਖ਼ਾਸ ਵੀ ਵਿਵਾਦਾਂ ਦੇ ਘੇਰੇ ਵਿਚ ਆ ਗਏ। ਉਹ ਕੇ-ਪੱਚੀ ਹੌਜ਼ ਖ਼ਾਸ ਜੋ ਅੰਮ੍ਰਿਤਾ ਦਾ ਸਮਭਾਵੀ ਸੀ। ਜਿਹਨੂੰ ਲੇਖਕਾਂ, ਪਾਠਕਾਂ, ਪ੍ਰਸ਼ੰਸਕਾਂ ਦਾ ਹੱਜ ਮੰਨਿਆ ਜਾਂਦਾ ਸੀ। ਕੋਈ ਵੀ ਸਾਹਿਤ ਪ੍ਰੇਮੀ ਜੇ ਦੂਜੇ ਸ਼ਹਿਰੋਂ, ਦੇਸੋਂ ਦਿੱਲੀ ਆਏ ਤਾਂ ਇਸ ਮੱਕੇ ਦੇ ਦਰਸ਼ਨ ਕੀਤੇ ਬਿਨਾਂ ਨਹੀਂ ਰਹਿ ਸਕਦਾ ਸੀ। ਹੁਣ ਕਈ ਤਰ੍ਹਾਂ ਦੇ ਅਟਕਲ ਪੱਚੂ ਲਗਾਏ ਜਾ ਰਹੇ ਸਨ ਕਿ ਕੇ-ਪੱਚੀ ਹੌਜ਼ ਖ਼ਾਸ ਢਾਹਿਆ ਗਿਆ ਹੈ। ਉਥੇ ਮਲਟੀ ਪਲੈਕਸ ਬਣਾਇਆ ਜਾ ਰਿਹਾ ਹੈ। ਇਮਰੋਜ਼ ਨਿਥਾਵੇਂ ਹੋ ਕੇ ਖ਼ਬਰੇ ਕਿਧਰ ਚਲੇ ਗਏ ਹਨ। ਇਸ ਸਭ ਦੇ ਪ੍ਰਤੀਕਰਮ ਵਜੋਂ ਮੈਂ ਰਹਿ-ਰਹਿ ਕੇ ਟ੍ਰਿਬਿਊਨ, ਅੱਖਰ ਅਤੇ ਦੈਨਿਕ ਭਾਸਕਰ ਵਿਚ ਇਸ ਸਾਰੇ ਕਾਸੇ ਪ੍ਰਤੀ ਧੁੰਦਲਕੇ ਹਟਾਉਣ, ਭੁਲੇਵੇਂ ਲਾਹੁਣ ਦੇ ਜਤਨ ਕੀਤੇ। ਕੁਝ ਲੋਕ ਮੇਰੀਆਂ ਦਲੀਲਾਂ ਤੋਂ ਮੁਤਾਸਿਰ ਹੋਏ ਪਰ ਨਿੰਦਕਾਂ ਦੀ ਭੀੜ ਆਪਣਾ ਲਾਹੁਣਾ ਲਾਹੁੰਦੀ ਰਹੀ। ਹੌਲੀ-ਹੌਲੀ ਅੰਮ੍ਰਿਤਾ ਨੂੰ ਗਿਆਂ ਪੂਰੇ ਪੰਜ ਵਰ੍ਹੇ ਬੀਤ ਗਏ। ਅੰਮ੍ਰਿਤਾ ਜੀ ਦੀ ਅਲ੍ਹੜ ਉਮਰ ਦੀ ਦੋਸਤ ਅਵਤਾਰ ਹਰ ਵੇਰ ਦੀ ਤਰ੍ਹਾਂ ਕੈਨੇਡਾ ਤੋਂ ਸਰਦੀਆਂ ਬਿਤਾਉਣ ਇੰਡੀਆ ਆਈ ਹੋਈ ਸੀ। ਉਹਨਾਂ ਨੂੰ ਮਿਲਣ, ਉਹਨਾਂ ਦੀ ਭੈਣ ਕ੍ਰਿਪਾਲ ਦੇ ਘਰ ਹੌਜ਼ ਖ਼ਾਸ ਗਈ ਤਾਂ ਉਹਨਾਂ ਇਹ ਤੌਖਲਾ ਪ੍ਰਗਟਾਇਆ ਕਿ ਕੇ-ਪੱਚੀ ਨੂੰ ਵੇਚਣ ਦਾ ਫ਼ੈਸਲਾ ਹੋ ਗਿਆ ਹੈ। ਹੁਣ ਇੰਦਰਜੀਤ (ਇਮਰੋਜ) ਦਾ ਕੀ ਹੋਵੇਗਾ ? ਘਰ ਵਿਕਣ ਦਾ ਸੁਣ ਮੈਂ ਉਦਾਸ, ਪਰੇਸ਼ਾਨ, ਪਸ਼ੇਮਾਨ ਤਾਂ ਹੋਈ ਪਰ ਇਹ ਯਕੀਨ ਧੁਰ ਅੰਦਰ ਸੀ ਕਿ ਇਮਰੋਜ਼ ਹੋਰ ਕਿਤੇ ਨਹੀਂ ਜਾਣਗੇ। ਅੰਮ੍ਰਿਤਾ ਪਰਿਵਾਰ ਵਿਚ ਹੀ ਆਪਣੀ ਹੋਂਦ ਦੀ ਸਾਰਥਕਤਾ ਮੰਨਣਗੇ। ਘਰ ਦੇ ਵੀ ਇਮਰੋਜ਼ ਨਾਲ ਇੰਨੇ ਜੁੜੇ ਹੋਏ ਹਨ ਕਿ ਉਹ ਇਮਰੋਜ਼ ਨੂੰ ਕਿਥੇ ਨਹੀਂ ਜਾਣ ਦੇਣਗੇ। ਅਲਕਾ, ਅਮਾਨ ਅਤੇ ਸ਼ਿਲਪੀ ਦੇ ਪਿਆਰੇ ਬਾਬਾ ਜੀ ਜਿਹਨਾਂ ਬਿਨ ਉਹ ਆਪਣਾ ਹਰ ਉਤਸਵ, ਕਾਰਜ ਅਧੂਰਾ ਸਮਝਦੇ ਹਨ। ਚਾਹੇ ਸ਼ਿਲਪੀ (ਪੋਤਰੀ) ਦਾ ਵਿਆਹ ਹੋਵੇ, ਉਹਦੇ ਸ਼ੋਅ ਰੂਮ ਦਾ ਉਦਘਾਟਨ ਹੋਵੇ ਜਾਂ ਉਹਦੇ ਕੰਮ ਦੀ ਪ੍ਰਦਰਸ਼ਨੀ ਹੋਵੇ, ਇਮਰੋਜ਼ ਜੀ ਨੂੰ ਮੋਹ ਭਰਿਆ ਸੱਦਾ ਆਉਂਦਾ ਹੈ ਅਤੇ ਉਹ ਵੀ ਮਾਣ ਨਾਲ ਭਰ ਮੁੰਬਈ ਵਲ ਰਵਾਨਾ ਹੁੰਦੇ ਹਨ। ਸ਼ਿਲਪੀ ਦੇ ਵਿਆਹ ਅਤੇ ਸ਼ੋਅ

ਰੂਮ ਦੇ ਉਦਘਾਟਣ ਵੇਲੇ ਮੈਂ ਵੀ ਉਥੇ ਸਾਂ ਤੇ ਵੇਖਿਆ ਕਿਵੇਂ ਸਾਕ-ਸੰਬੰਧੀਆਂ, ਕੁੜਮਾਂ ਸਾਹਵੇਂ ਸ਼ਿਲਪੀ ਦੇ ਦਾਦਾ ਜੀ ਦਾ ਸੰਬੋਧਨ ਅਤੇ ਸਨਮਾਨ ਉਹਨਾਂ ਨੂੰ ਮਿਲਦਾ ਰਿਹਾ ਹੈ। ਸ਼ਿਲਪੀ, ਅਮਾਨ ਕਿਥੇ ਵੀ ਹੋਣ, ਇਮਰੋਜ਼ ਜੀ ਦੇ ਜਨਮਦਿਨ (26 ਜਨਵਰੀ) 'ਤੇ ਉਹਨਾਂ ਵਲੋਂ ਇਮਰੋਜ਼ ਜੀ ਤੀਕ ਫੁੱਲਾਂ ਦੇ ਗੁੱਛੇ ਮੁਬਾਰਕ ਕਹਿੰਦਿਆਂ ਪੁੱਜ ਜਾਂਦੇ ਹਨ। ਜੇਕਰ ਇਮਰੋਜ਼ ਜੀ ਕਦੇ ਕਿਥੇ ਬਿਨ ਦੱਸਿਆਂ ਚਲੇ ਜਾਣ ਜਾਂ ਚਿੱਲ ਲਾ ਕੇ ਆਉਣ ਅਲਕਾ ਦੇ ਜਿਵੇਂ ਸਾਹਵਾਂ 'ਚ ਸਾਹ ਨਹੀਂ ਰਹਿੰਦੇ। ਮੈਨੂੰ ਯਾਦ ਏ, ਇਕ ਵੇਰ ਇਮਰੋਜ਼ ਜੀ ਅੰਮ੍ਰਿਤਸਰ ਤੋਂ ਸ਼ਤਾਬਦੀ 'ਚ ਆ ਰਹੇ ਸਨ। ਉਹਨਾਂ ਦੀ ਭੈਣ ਸੁਭਾਗ ਨੇ, ਉਹਨਾਂ ਦੀ ਰਵਾਨਗੀ ਦਾ ਫ਼ੋਨ ਅਲਕਾ ਨੂੰ ਕਰ ਦਿੱਤਾ। ਇਮਰੋਜ਼ ਜੀ ਕਿਸੇ ਕਾਰਨੋਂ ਲੇਟ ਹੋ ਗਏ। ਉਹ ਕੁਝ ਘੰਟੇ ਜਿਵੇਂ ਅਲਕਾ ਦੇ ਸਾਹ ਸੂਤ ਗਏ। ਉਹਨਾਂ ਚਾਰ-ਪੰਜ ਘੰਟਿਆਂ ਦੌਰਾਨ ਖ਼ਬਰੇ ਕਿੰਨੇ ਫ਼ੋਨ ਅਲਕਾ ਦੇ ਮੇਰੇ ਵਲ ਆਏ ਤੇ ਖ਼ਬਰੇ ਕਿਸ ਕਿਸ ਨੂੰ ਮੇਰੇ ਤੋਂ ਫ਼ੋਨ ਕਰਵਾਇਆ। ਸੋ ਇਹ ਤਾਂ ਤੈਅ ਸੀ ਕਿ ਇਮਰੋਜ਼ ਜੀ ਨੇ ਕਿਥੇ ਨਹੀਂ ਜਾਣਾ। ਪਰ, ਹੁਣ ਗੱਲਾਂ-ਗੱਲਾਂ 'ਚ ਅਲਕਾ ਅਕਸਰ ਕਿਹਾ ਕਰਦੀ ਕਿ ਜੇ ਇਸ ਘਰ ਦਾ ਸੌਦਾ ਹੋ ਗਿਆ ਤਾਂ ਉਹ ਵੀ ਮੁੰਬਈ ਰਹਿੰਦੇ ਆਪਣੇ ਪਤੀ ਨਵਰਾਜ ਅਤੇ ਬੱਚਿਆਂ ਕੋਲ ਜਾ ਸਕੇਗੀ। ਦਿੱਲੀ ਦੋ ਘਰ ਲੈਣ ਦੀ ਗੱਲ ਸ਼ੁਰੂ ਤੋਂ ਹੁੰਦੀ ਸੀ, ਇਕ ਨਵੇਕਲਾ ਇਮਰੋਜ਼ ਜੀ ਲਈ ਤੇ ਦੂਜਾ ਅਮਾਨ ਲਈ। ਪੇਇੰਗ ਗੈਸਟ ਕੁੜੀਆਂ ਆਪਣੇ ਨਵੇਂ ਟਿਕਾਣਿਆਂ ਨੂੰ ਭਾਲਣ ਲੱਗੀਆਂ। 1 ਜਨਵਰੀ 2011 ਨੂੰ ਪੰਜਾਬੀ ਅਕਾਦਮੀ ਵਲੋਂ ਭਾਈ ਵੀਰ ਸਿੰਘ ਸਦਨ ਵਿਚ 'ਧੁੱਪ ਵਾਲੀ ਮਹਿਫ਼ਲ' ਦਾ ਜ਼ਸ਼ਨ ਮਨਾਇਆ ਜਾ ਰਿਹਾ ਸੀ। ਮੇਰੇ ਨਾਲ ਦੀ ਕੁਰਸੀ 'ਤੇ ਵਨੀਤਾ ਬੈਠੀ ਸੀ, ਕੁਝ ਪਰੇ ਡਾ. ਨੂਰ ਖੜੇ ਸਨ। ਅਚਾਨਕ ਇਕ ਬਿਲਡਰ ਦਾ ਫ਼ੋਨ ਆਇਆ, ਜੋ ਮੈਨੂੰ ਜਾਣਦਾ ਸੀ। ਉਹ ਆਪਣੇ ਧੰਦੇ ਨੂੰ ਧਿਆਨ 'ਚ ਰੱਖ ਕੇ ਕਹਿ ਰਿਹਾ ਕਿ ਹੁਣ ਕੇ-ਪੱਚੀ ਹੌਜ਼ ਖ਼ਾਸ ਮਾਰਕਿਟ ਵਿਚ ਵਿਕਣ ਨੂੰ ਆ ਗਿਆ ਹੈ। ਜੇ ਤੁਸੀਂ ਵਿਚ ਪਵੋ ਤੇ ਇਹ ਸੌਦਾ ਮੇਰੇ ਨਾਲ ਕਰਾ ਦਿਓ। ਮੈਂ ਉਸ ਨੂੰ ਤਾਂ ਕੋਈ ਜਵਾਬ ਨਹੀਂ ਦਿੱਤਾ। ਪਰ, ਭਰੇ ਮਨ ਨਾਲ ਮਾਈਕ ਸਾਹਵੇਂ ਆ ਕੇ ਕਵਿਤਾ ਦੀ ਥਾਂ ਆਪਣੇ ਜਜ਼ਬਿਆਂ ਨੂੰ ਇਹਨਾਂ ਸ਼ਬਦਾਂ 'ਚ ਬਿਆਨਿਆ, ''ਕਿੰਨੀਆਂ ਸੰਸਥਾਵਾਂ, ਅਕਾਦਮੀਆਂ, ਲੋਕਾਂ ਵਲੋਂ ਰਹਿ-ਰਹਿ ਕੇ ਅੰਮ੍ਰਿਤਾ-ਘਰ ਨੂੰ ਯਾਦ-ਘਰ ਬਣਾਉਣ ਦੀ ਖ਼ਾਹਿਸ਼ ਕੀਤੀ ਜਾ ਰਹੀ ਹੈ, ਤਜਵੀਜ਼ ਕੀਤੀ ਜਾ ਰਹੀ ਏ। ਕਈ ਵੇਰ ਇਸ ਘਰ ਦੇ ਢਹਿਣ ਅਤੇ ਮਲਟੀਪਲੈਕਸ ਬਣਾਉਣ ਦੇ ਅੰਦੇਸ਼ੇ ਹੁੰਦੇ ਰਹੇ ਹਨ। ਇਕੱਲੇਕਾਰੇ ਦੇ ਬੂਤੇ ਦਾ ਨਹੀਂ ਇੰਨੇ ਵੱਡੇ ਘਰ ਨੂੰ ਸਾਂਭਣਾ-ਸਹੇਜਣਾ। ਇੰਨਾ ਪੁਰਾਣਾ ਘਰ ਮੁਰੰਮਤ ਅਤੇ ਸੰਭਾਲ ਲਈ ਚੰਗੇ ਖ਼ਰਚ ਵੀ ਲੋੜਦਾ ਹੈ। ਸਮਾਂ ਬਦਲਣ ਨਾਲ ਹਾਲਾਤ ਬਦਲਦੇ ਹਨ, ਲੋੜਾਂ ਬਦਲਦੀਆਂ ਹਨ, ਸੋਚ ਬਦਲਦੀ ਹੈ, ਨਜ਼ਰੀਆ ਬਦਲਦਾ ਹੈ। ਸਭ ਤੋਂ ਵੱਡੀ ਸਚਾਈ ਵਕਤ ਦੀ ਤਬਦੀਲੀ ਹੈ, ਜਿਸ ਨੂੰ ਲੈ ਕੇ ਪਹਿਲੇ ਤੋਂ ਕੁਝ ਕਿਆਸਿਆ ਨਹੀਂ ਜਾ ਸਕਦਾ। ਚਾਹੋ ਤਾਂ ਇਸ ਦਾ ਚੰਗਾ ਮੁਲ ਤਾਰ ਕੇ ਸਹੇਜ ਸਕਦੇ ਹੋ।'' ਅਜਿਹਾ ਕਹਿਣ ਤੋਂ ਮੇਰੀ ਮੁਰਾਦ ਉਥੇ ਬੈਠੀਆਂ ਕੁਝ ਰਾਜਨੀਤਕ ਤਾਕਤਾਂ, ਪਤਵੰਤਿਆਂ ਅਤੇ ਸੰਸਥਾਵਾਂ ਪ੍ਰਤੀ ਆਸਵੰਦ ਸੋਚ ਸੀ। ਖ਼ੈਰ ਮੈਂ ਆਪਣੇ ਮਨ 'ਚ ਅਚਣਚੇਤ ਆਏ ਗੁੱਭ-ਗੁਬਾਰ ਨੂੰ ਕੱਢ ਮਾਈਕ ਤੋਂ ਹੱਟ ਗਈ। ਰਾਜਕੁਮਾਰੀ ਅਨੀਤਾ ਸਿੰਘ, ਦਰਸ਼ਨ ਸਿੰਘ ਨਾਵਲਿਸਟ, ਹਰਵਿੰਦਰ, ਮੁਨੀਸ਼, ਹਰਪ੍ਰੀਤ (ਸ਼ਾਇਰ

ਮਨਮੋਹਨ ਦੀ ਪਤਨੀ), ਵਨੀਤਾ ਕਈ ਲੋਕ ਇਸ ਸਭ ਨੂੰ ਲੈ ਕੇ ਜਿਗਿਆਸੂ ਹੋ ਗਏ। ਡਾ. ਨੂਰ ਕਹਿਣ ਲਗੇ—'ਨਹੀਂ, ਅਸੀਂ ਸਭ ਮਿਲ ਕੇ ਅਜਿਹਾ ਨਹੀਂ ਹੋਣ ਦਿਆਂਗੇ।' ਪਰ, ਉਹ ਜੋ ਬੰਦੇ-ਬੰਦੇ ਦੇ ਹਸਤਾਖਰ ਲੈ ਕੇ ਪ੍ਰਧਾਨਮੰਤਰੀ ਡਾ. ਮਨਮੋਹਨ ਸਿੰਘ ਨੂੰ ਦਰਖ਼ਾਸਤ ਕਰਨ ਦੀ ਤਜਵੀਜ਼ ਕਰ ਰਹੇ ਸਨ, ਮੈਂ ਉਸ ਨਾਲ ਇਤਫ਼ਾਕ ਨਹੀਂ ਰਖਦੀ ਸਾਂ। ਸੋ ਚੁੱਪ ਕਰ ਗਈ। ਰਾਜਕੁਮਾਰੀ ਅਨੀਤਾ ਸਿੰਘ ਕਹਿਣ ਲਗੀ—''ਇਹ ਇੰਨਾ ਸਹਿਲ ਨਹੀਂ। ਜੇ ਅਸੀਂ ਇਸ ਨੂੰ ਲੈ ਕੇ ਕੋਈ ਪ੍ਰਸਤਾਵ ਰੱਖਿਆ ਤਾਂ ਵਿਰੋਧੀ ਪਾਰਟੀ ਨੇ ਇਤਰਾਜ਼ ਲਾ ਦੇਣਾ ਏ।' ਜੇਕਰ ਏਨੇ ਵੱਡੇ-ਵੱਡੇ ਸੱਤਾਧਾਰੀਆਂ ਤੋਂ ਕੁਝ ਨਹੀਂ ਹੋ ਸਕਿਆ ਤਾਂ ਫਿਰ ਲੋਕੀ ਅੰਮ੍ਰਿਤਾ ਜੀ ਦੇ ਬੇਟੇ ਨਵਰਾਜ ਪ੍ਰਤੀ ਕਿਉਂ ਮਾੜਾ ਸੋਚ ਰਹੇ ਹਨ। ਉਸ ਤਾਂ ਆਪਣੇ ਹੱਕ ਵਰਤੇ ਹਨ। ਇਕ ਸਧਾਰਨ ਮਾਂ-ਬਾਪ ਵੀ ਆਪਣੀ ਜਾਇਦਾਦ, ਧਨ-ਸੰਪਤੀ ਦਾ ਹੱਕਦਾਰ ਆਪਣੇ ਬੱਚਿਆਂ ਨੂੰ ਬਣਾ ਕੇ ਜਾਂਦੇ ਹਨ। ਜੇ ਅਜਿਹਾ ਨਾ ਕਰਨ ਤਾਂ ਕੁਮਾਪੇ ਸਦੀਂਦੇ ਹਨ। ਅੰਮ੍ਰਿਤਾ ਪ੍ਰੀਤਮ ਕਿਵੇਂ ਆਪਣੇ ਸਿਹਤੋਂ ਕਮਜ਼ੋਰ ਇਕਲੌਤੇ ਪੁੱਤਰ ਅਤੇ ਹੋਰ ਆਰ-ਪਰਿਵਾਰ ਨੂੰ ਇਹਨਾਂ ਹੱਕਾਂ ਤੋਂ ਵਾਂਝਿਆ ਕਰਦੀ। ਆਪਣੇ ਪਰਿਵਾਰ ਨੂੰ ਮੁੱਖ ਰੱਖ ਕੇ ਹੀ ਉਸ ਵਸੀਅਤ ਕੀਤੀ ਸੀ। ਅੰਮ੍ਰਿਤਾ ਪ੍ਰੀਤਮ ਦੇ ਇਹਨਾਂ ਅਖੌਤੀ ਪ੍ਰਸ਼ੰਸਕਾਂ ਨੂੰ ਕੀ ਕਹੀਏ ਜਿਹੜੇ 'ਹਿੰਗ ਲਗੇ ਨਾ ਫਟਕੜੀ ਰੰਗ ਭੀ ਚੋਖੋ ਆਏ' 'ਚ ਯਕੀਨ ਰੱਖਦੇ ਹਨ। 'ਪਲੀਓਂ ਨਹੀਂ ਲਾਉਣਾ ਧੇਲਾ ਤੇ ਕਰਨਾ ਏ ਮੇਲਾ ਮੇਲਾ।' ਕੇ-ਪੱਚੀ ਹੌਜ਼ ਖ਼ਾਸ ਅੰਮ੍ਰਿਤਾ ਦੇ ਤੁਰ ਜਾਣ ਬਾਅਦ ਅਵਣਚੇਤ ਰਾਤੋਂ-ਰਾਤ ਤਾਂ ਨਹੀਂ ਵਿਕਿਆ। 31 ਅਕਤੂਬਰ 2005 'ਚ ਅੰਮ੍ਰਿਤਾ ਦੇ ਸਰੀਰ ਤਿਆਗਣ ਮਗਰੋਂ ਪੂਰੇ ਸਾਢੇ ਪੰਜ ਵਰ੍ਹਿਆਂ ਮਗਰੋਂ ਮਈ 2011 ਨੂੰ ਇਹ ਵਰਤਾਰਾ ਵਾਪਰਿਆ। ਇਸ ਦੌਰਾਨ ਕੌਣ ਸਾਹਮਣੇ ਆਇਆ ? ਕਿਸਨੇ ਸੋਚਣਾ-ਜਾਨਣਾ ਚਾਹਿਆ ਕਿ ਹੁਣ ਕੇ-ਪੱਚੀ ਨੂੰ ਸਹੇਜਣ ਲਈ ਕਿਹੋ ਜਿਹੇ ਉਪਰਾਲੇ ਕੀਤੇ ਜਾ ਸਕਦੇ ਹਨ ? ਲੋੜਾਂ, ਤੱਥਾਂ ਨੂੰ ਸਮਝੇ ਬਿਨਾਂ, ਉਪਭਾਵੁਕ ਹੋ ਕੇ ਰਾੜ੍ਹਾਂ ਕਢਣੀਆਂ, ਨਿੰਦਣਾ ਕਿਥੋਂ ਤੀਕ ਮੁਨਾਸਬ ਹੈ ? ਖ਼ੈਰ ਕਿਸੇ ਦੀ ਚੰਗੀ, ਸਿਹਤਮੰਦ ਸੋਚ ਨੂੰ ਵੀ ਕਿਵੇਂ ਆਪਣੀ ਮਾਨਸਿਕਤਾ ਮੁਤਾਬਕ ਰੰਗ ਦਿੱਤਾ ਜਾਂਦਾ ਏ, ਇਸ ਦਾ ਪਤਾ ਮੈਨੂੰ ਕੁਝ ਦਿਨਾਂ ਮਗਰੋਂ ਹੋਇਆ। ਜਦੋਂ ਇਸ ਸਾਰੇ ਕਾਸੇ ਤੋਂ ਕੁਝ ਦਿਨਾਂ ਬਾਅਦ ਅੰਧੇਰੀਆ ਮੋੜ 'ਤੇ ਭਾਪਾ ਪ੍ਰੀਤਮ ਸਿੰਘ ਦੇ ਫਾਰਮ ਹਾਊਸ 'ਚ 'ਧੁੱਪ ਵਾਲੀ ਮਹਿਫਲ' ਜੋ ਕਿ ਹਰ ਵਰ੍ਹੇ ਲਾਈ ਜਾਂਦੀ ਹੈ, 'ਚ ਮੈਂ ਸ਼ਮੂਲੀਅਤ ਕੀਤੀ। ਇਥੇ ਅਕਸਰ ਮੇਰੀ ਭੂਮਿਕਾ ਖ਼ਾਮੋਸ਼ ਰਹਿ, ਲੋਕਾਂ ਨਾਲ ਮਿਲਣ-ਗਿਲਣ ਅਤੇ ਹੁੰਦੇ ਪ੍ਰੋਗ੍ਰਾਮ ਦਾ ਅਨੰਦ ਲੈਣ ਦੀ ਹੁੰਦੀ ਹੈ। ਪਰ, ਕੁਝ ਦਿਨਾਂ ਮਗਰੋਂ ਅਲਕਾ ਦਾ ਮਿਲਣ ਲਈ ਫੋਨ ਆਇਆ। ਜਦ ਉਹਨੂੰ ਮਿਲਣ ਗਈ, ਅਲਵਿਦਾ ਹੋਣ ਲਗਿਆਂ, ਮੈਂ ਅਤੇ ਅਲਕਾ ਪੌੜੀਆਂ ਉਤਰ ਰਹੇ ਸਾਂ। ਹਰ ਵਾਰ ਦੀ ਤਰ੍ਹਾਂ ਅਲਕਾ ਗੇਟ ਤਕ ਮੈਨੂੰ ਛੱਡਣ ਆ ਰਹੀ ਸੀ। ਰਸਤੇ 'ਚ ਨੀਵੇਂ ਜਿਹੇ ਸੁਰ 'ਚ ਉਸ ਅਚਾਨਕ ਕਿਹਾ, ਦੀਦੀ, ਤੁਸੀਂ ਫ਼ਾਰਮ ਹਾਊਸ ਦੀ ਮਹਿਫ਼ਲ 'ਚ ਇਹ ਕੀ ਕਿਹਾ ਸੀ...ਕੁਝ ਦੇਰ ਤਾਂ ਮੈਨੂੰ ਗੱਲ ਦਾ ਸਿਰਾ ਫੜਨ 'ਚ ਲੱਗੀ। ਮੈਂ ਹੈਰਾਨ। ''ਅਲਕਾ, ਇਸ ਤਰ੍ਹਾਂ ਨਹੀਂ, ਇਸ ਫ਼ਾਰਮ ਹਾਊਸ 'ਚ ਨਹੀਂ ਪਰ ਇਸ ਦਾ ਕੁਝ ਹਿੱਸਾ ਮੈਂ ਭਾਈ ਵੀਰ ਸਿੰਘ ਸਦਨ 'ਚ ਐਲਾਨਿਆ ਸੀ। ਉਹ ਉਸ ਵੇਲੇ ਦੇ ਹਾਲਾਤ ਦੀ ਦੇਣ ਸੀ। ਜਦ ਮੈਂ ਆਪਣੇ ਜਜ਼ਬਾਤ ਕਾਬੂ ਨਾ ਕਰ ਸਕੀ ਤੇ ਵਹਿਣਾਂ 'ਚ ਵਹਿ ਤੁਰੀ। ਉਦੋਂ

ਮੈਂ ਤੈਨੂੰ ਦੱਸਿਆ ਵੀ ਸੀ। ਪਰ ਜਿਵੇਂ ਸਹਿਵਨ ਮੈਂ ਦੱਸਿਆ ਸੀ, ਉਵੇਂ ਸਹਿਜੇ ਤੂੰ ਲਿਆ ਸੀ। ਹੁਣ ਕਿਸੇ ਨੇ ਤੈਨੂੰ ਉਚੇਚ ਨਾਲ ਦੱਸਿਆ ਹੈ ਤੇ ਤੈਨੂੰ ਓਪਰਾ ਲਗਣ ਲੱਗਿਆ ਹੈ। ਜਿਹਨਾਂ ਦੋ ਬੰਦਿਆਂ ਇਕ ਪਰਵਾਸੀ ਕਵੀ ਅਤੇ ਇੱਕ ਉਸ ਪ੍ਰਕਾਸ਼ਕ ਕੁੜੀ ਨੇ ਤੈਨੂੰ ਦੱਸਿਆ ਹੈ ਕਿ 'ਅਮੀਆ ਕਿਵੇਂ ਖੁਲ੍ਹੇ ਆਮ ਐਲਾਨ ਕਰ ਰਹੀ ਸੀ। ਵਕਤ ਤੋਂ ਪਹਿਲੇ ਉਹਨੂੰ ਅਜਿਹਾ ਨਹੀਂ ਕਰਨਾ ਚਾਹੀਦਾ ਸੀ। ਜਦੋਂ ਵੇਲਾ ਆਉਂਦਾ, ਉਦੋਂ ਵੇਖਿਆ ਜਾਂਦਾ।' ਪਰ, ਭੋਲੀ ਦੋਸਤ, ਜਿਥੇ ਮੈਂ ਅਜਿਹਾ ਕੁਝ ਬੋਲੀ ਸਾਂ, ਉਥੇ ਉਹ ਮੌਜੂਦ ਨਹੀਂ ਸਨ। ਸੋ ਸੁਣੀ ਸੁਣਾਈ, ਦੂਜੇ ਸਰੋਤਾਂ ਤੋਂ ਪਹੁੰਚੀ ਗੱਲ ਉਹ ਤੈਨੂੰ ਕੰਨੀ ਸੁਣੀਂ ਦਾਸਤਾਂ ਬਣਾਕੇ ਕਿਉਂ ਪੇਸ਼ ਕਰ ਰਹੇ ਹਨ ?'' ਖ਼ੈਰ ਅਲਕਾ ਅਤੇ ਮੇਰੀ ਭੈਣਾਂ ਵਰਗੀ ਦੋਸਤੀ 'ਚ ਕੋਈ ਲੀਕ ਨਹੀਂ ਪਾ ਸਕਦਾ। ਇਹ ਸਮੇਂ ਨਾਲ ਹੋਰ ਪੀਢੀ ਹੋ ਰਹੀ ਹੈ।

ਤਿੰਨ-ਚਾਰ ਮਹੀਨੇ ਇਸੇ ਤਰ੍ਹਾਂ ਲੰਘ ਗਏ। 10 ਮਈ 2011 ਨੂੰ ਮੈਂ ਕੇ-ਪੱਚੀ ਹੌਜ਼-ਖ਼ਾਸ ਗਈ। ਇਮਰੋਜ਼ ਜੀ ਪੋਤੇ-ਪੋਤਰੀ ਅਮਾਨ, ਸ਼ਿਲਪੀ ਨਾਲ ਨਵਾਂ ਘਰ ਵੇਖਣ ਗਏ ਸਨ। ਇਸ ਵਰ੍ਹੇ 14 ਮਈ, ਮੇਰਾ ਜਨਮ ਦਿਹਾੜਾ ਸੱਖਣਾ ਬੀਤ ਗਿਆ। ਮੈਂ ਉਡੀਕਦੀ ਰਹੀ ਕਿ ਅਲਕਾ ਦਾ ਫੋਨ ਆਏਗਾ—ਦੀਦੀ ਬਾਬਾ ਜੀ, ਕੇਕ ਲੈ ਆਏ ਨੇ। ਕਿਸੇ ਵੇਲੇ ਆ ਜਾਓ ਤੇ ਕੁਝ ਚਿਰ ਹਾਸੇ-ਖੁਸ਼ੀ ਦਾ ਸਮਾਂ ਮਿਲ ਕੇ ਬਿਤਾ ਲਈਏ। ਇਹ ਮਗਰੋਂ ਪਤਾ ਚਲਿਆ ਕਿ ਨਵੇਂ ਘਰ 'ਚ ਸਾਮਾਨ ਲਿਜਾਣ ਦੀ ਭੱਜ ਦੌੜ 'ਚ ਸਭ ਮਸਰੂਫ਼ ਸਨ। ਉਹਨਾਂ ਨੇ 15 ਮਈ (2011) ਨਵੇਂ ਘਰ ਸਿਫਟ ਕੀਤਾ। ਤੇ ਮੈਂ ਯੂਨੀਵਰਸਿਟੀ ਸਾਲਾਨਾ ਪ੍ਰੀਖਿਆਵਾਂ 'ਚ ਆਪਣੀ ਡਿਊਟੀ ਨਿਭਾ ਰਹੀ ਸਾਂ। 16 ਮਈ, ਅਲਕਾ ਨੇ ਫ਼ੋਨ 'ਤੇ ਨਵੇਂ ਘਰ ਦਾ ਸਿਰਨਾਵਾਂ ਦਿੱਤਾ ਤੇ ਆਉਣ ਦਾ ਸੱਦਾ ਵੀ। ਐਨ-13 ਗ੍ਰੇਟਰ ਕੈਲਾਸ਼-1 ਵਿਚ ਡਰਦਿਆਂ-ਡਰਦਿਆਂ ਪੱਬ ਧਰਿਆ। ਸਿਕਓਰਟੀ ਗਾਰਡ ਦੇ ਰਜਿਸਟਰ ਵਿਚ ਵਾਕਫ਼ਾਂ ਦੀ ਸੂਚੀ ਵਿਚ ਮੇਰਾ ਨਾਂ ਦਰਜ ਸੀ। ਬੂਹੇ 'ਚੋਂ ਅੰਦਰ ਵੜਦਿਆਂ ਹੀ ਟੀਸਦੀ ਖ਼ੁਸ਼ੀ ਹੋਈ। ਫ਼ਰਸ਼, ਦਿਵਾਰਾਂ, ਰਸੋਈ, ਸਾਰਾ ਘਰ ਅਤਿ ਆਧੁਨਿਕ ਸਨ ਪਰ, ਫ਼ਰਨੀਚਰ, ਤਸਵੀਰਾਂ, ਕਿਤਾਬਾਂ ਦੀਆਂ ਅਲਮਾਰੀਆਂ ਉਹੀ ਹੌਜ਼ ਖ਼ਾਸ ਵਾਲੇ ਘਰ ਦੀ ਯਾਦ ਦਿਵਾਉਂਦੀਆਂ। ਅੰਮ੍ਰਿਤਾ ਦੀ ਲਿਖਣ ਮੇਜ਼, ਨਾਗਮਣੀ ਲਈ ਆਈਆਂ ਰਚਨਾਵਾਂ ਨੂੰ ਸਾਂਭਦੀ ਦਰਾਜ਼ਾਂ ਵਾਲੀ ਸਾਈਡ ਬੋਰਡ ਅਤੇ ਉਹ ਡਾਈਨਿੰਗ ਟੇਬਲ ਜਿਥੇ ਬੈਠ ਮੈਂ ਕਈ ਵੇਰ ਅੰਮ੍ਰਿਤਾ ਹੁਰਾਂ ਦੇ ਹੱਥੀਂ ਬਣਾਈ ਸਬਜ਼ੀ ਅਤੇ ਨਿੱਕੇ-ਨਿੱਕੇ ਫੁਲਾਵੇਂ ਫੁਲਕਿਆਂ ਦਾ ਅਤੇ ਇਮਰੋਜ਼ ਹੁਰਾਂ ਦੇ ਹੱਥ ਦੀ ਬਣਾਈ ਲਜੀਜ਼ ਚਾਹ ਦਾ ਸਵਾਦ ਲਿਆ ਸੀ। ਇਮਰੋਜ਼ ਦਾ ਸਟੂਡੀਓ, ਉਹ ਲੈਂਪਸ਼ੇਡ ਜਿਹਨਾਂ 'ਤੇ ਉਰਦੂ ਅਤੇ ਪੰਜਾਬੀ ਕਵੀਆਂ ਦੇ ਸ਼ਿਅਰ ਇਮਰੋਜ਼ ਦੇ ਹੱਥਾਂ ਨਾਲ ਕੈਲੀਓਗ੍ਰਾਫ਼ੀ 'ਚ ਲਿਖੇ ਹੋਏ, ਅੰਮ੍ਰਿਤਾ ਜੀ ਦਾ ਪਲੰਘ ਜਿਥੇ ਬੈਠ ਕੇ, ਅੱਧਲੇਟੇ ਮੂਧੇ ਹੋ ਕੇ ਉਹਨਾਂ ਢੇਰਾਂ ਸਫ਼ੇ ਆਪਣੀਆਂ ਲਿਖਤਾਂ ਨਾਲ ਭਰੇ ਸਨ। ਹੌਜ਼ ਖ਼ਾਸ ਦੇ ਘਰ ਦੀਆਂ ਪੌੜੀਆਂ ਚੜ੍ਹਦਿਆਂ ਹੀ ਜਿਸ ਦਰਵਾਜ਼ੇ 'ਤੇ ਲਿਖਿਆ ਮਿਲਦਾ ਸੀ 'ਪਰਛਾਵਿਆਂ ਨੂੰ ਪਕੜਨ ਵਾਲਿਓ ਛਾਤੀ 'ਚ ਬਲਦੀ ਅੱਗ ਦਾ ਪਰਛਾਵਾਂ ਨਹੀਂ ਹੁੰਦਾ' ਉਹ ਗ੍ਰੇਟਰ ਕੈਲਾਸ਼ ਵਾਲੇ ਘਰ ਦੇ ਬੂਹੇ 'ਚੋਂ ਦਾਖ਼ਲ ਹੁੰਦੇ ਹੀ ਸਾਹਮਣੀ ਕੰਧ 'ਤੇ ਇਕ ਵੱਡੀ ਸਾਰੀ ਪੇਂਟਿੰਗ ਵਾਂਗ ਲੱਗਿਆ ਹੋਇਆ ਦਿੱਖਦਾ ਹੈ। ਇਥੋਂ ਤਕ ਕਿ 'ਕੇ-ਪੱਚੀ ਅੰਮ੍ਰਿਤਾ ਪ੍ਰੀਤਮ' ਵਾਲੀ ਨਾਂ-ਤਖ਼ਤੀ ਵੀ

ਫਰੇਮ ਕੀਤੀ ਹੋਈ—ਇਮਰੋਜ਼ ਦੀਆਂ ਪੇਂਟਿੰਗਸ ਅਤੇ ਅੰਮ੍ਰਿਤਾ ਦੀਆਂ ਤਸਵੀਰਾਂ ਨਾਲ ਇਕ ਕੀਮਤੀ ਪੇਂਟਿੰਗ ਵਾਂਗ ਸਹੇਜੀ ਹੋਈ। ਇਸ ਸਭ ਤੋਂ ਵੀ ਉੱਤੇ ਉਹੀ ਪੁਰਾਣੀ ਨਿੱਘੀ ਗਲਵਕੜੀ ਅਲਕਾ ਤੇ ਇਮਰੋਜ਼ ਦੀ। ਉਹੀ ਅਮੂ (ਅਮਾਨ) ਦਾ ਹਰ ਵਾਰ ਵਾਂਗ ਪਿੱਠ ਪਿਛਿਓਂ ਮਲਕੜੇ ਜਿਹੇ ਆ ਮੋਢਿਆਂ 'ਤੇ ਹੱਥ ਧਰਨਾ, ਸ਼ਿਲਪੀ ਦੇ ਚਿਹਰੇ ਦੀ ਖ਼ੂਬਸੂਰਤ ਮੁਸਕਾਨ। ਸੱਚ ਅੰਮ੍ਰਿਤਾ ਦੇ ਪੋਤਰੇ-ਪੋਤਰੀ ਨੂੰ ਵਿਰਾਸਤ 'ਚ ਅੰਮ੍ਰਿਤਾ ਦੇ ਤਿੱਖੇ ਨੈਣ-ਨਕਸ਼ ਅਤੇ ਖ਼ੂਬਸੂਰਤੀ ਮਿਲੀ ਹੈ। ਪਾਕਿਸਤਾਨੀ ਕਹਾਣੀਕਾਰਾ ਅਫ਼ਜ਼ਲ ਤੌਸੀਫ਼ ਤਾਂ ਸ਼ਿਲਪੀ ਨੂੰ ਨਿੱਕੀ ਅੰਮ੍ਰਿਤਾ ਹੀ ਕਹਿੰਦੀ ਹੈ। ਹੂ-ਬ-ਹੂ ਉਹੀ ਮੁਹਾਂਦਰਾ। ਲਗਿਆ, ਕੁਝ ਵੀ ਨਹੀਂ ਬਦਲਿਆ। ਇਸ ਘਰ ਦੇ ਕਣ-ਕਣ ਵਿਚ ਵੀ ਅੰਮ੍ਰਿਤਾ ਉਵੇਂ ਹੀ ਸਾਹ ਲੈਂਦੀ, ਆਪਣੀ ਹੋਂਦ ਦਾ ਅਹਿਸਾਸ ਦਿੰਦੀ ਮਹਿਸੂਸ ਹੋ ਰਹੀ ਸੀ। ਜਾਪਿਆ ਜਿਵੇਂ ਕੇ-ਪੱਚੀ ਹੌਜ਼ ਖ਼ਾਸ ਦਾ ਘਰ ਕਿਸੇ ਦੈਵੀ ਸ਼ਕਤੀ ਨੇ ਚੁੱਕ ਕੇ ਸਿੱਧੇ ਐਨ-13, ਗ੍ਰੇਟਰ ਕੈਲਾਸ਼-। 'ਚ ਧਰ ਦਿਤਾ ਹੋਵੇ। ਜਿਵੇਂ ਹਨੂਮਾਨ ਜੀ ਨੇ ਲੱਛਮਣ ਜੀ ਲਈ ਸੰਜੀਵਨੀ ਬੂਟੀ ਲਿਆਉਣ ਲਈ ਪੂਰਾ ਦਰੋਣਾਗਿਰੀ ਪਹਾੜ ਮੋਢਿਆਂ ਉੱਤੇ ਧਰ ਕੇ, ਉਡਦੇ ਹੋਇਆਂ ਇਕ ਥਾਂ ਤੋਂ ਦੂਜੀ ਥਾਂ ਧਰ ਦਿੱਤਾ ਸੀ। ਅੰਮ੍ਰਿਤਾ ਜੀ ਜਿਵੇਂ ਹਰ ਨਵੇਂ ਕੰਮ ਦੀ ਸ਼ੁਰੂਆਤ, ਜਨਮ ਦਿਨ, ਨਵੇਂ ਸਾਲ, ਦੀਵਾਲੀ, ਕਿਸੇ ਸਨਮਾਨ ਉੱਤੇ ਮੈਨੂੰ ਤੁਹਫ਼ਿਆਂ ਨਾਲ ਨਿਵਾਜਦੇ ਸਨ, ਉਹ ਜ਼ਿੰਮੇਵਾਰੀ ਅਲਕਾ ਨੇ ਆਪਣੇ ਉੱਤੇ ਲੈ ਲਈ ਏ, ਤਾਂ ਹੀ ਤਾਂ ਇਮਰੋਜ਼ ਹੱਸ ਕੇ ਉਸਨੂੰ ਛੋਟੀ ਮਾਂ ਕਹਿੰਦੇ ਹਨ। ਗ੍ਰੇਟਰ ਕੈਲਾਸ਼ ਜਾਣ ਦੇ ਕੁਝ ਦਿਨਾਂ ਮਗਰੋਂ ਅਲਕਾ ਇਮਰੋਜ਼ ਹੌਜ਼ ਖ਼ਾਸ ਆਏ ਤੇ ਮੈਨੂੰ ਗ੍ਰੀਨਪਾਰਕ ਦੇ ਐਵਰਗ੍ਰੀਨ ਰੈਸਤਰਾਂ 'ਚ ਦੁਪਹਿਰ ਦੇ ਖਾਣੇ ਦਾ ਸੱਦਾ ਦਿੱਤਾ। ਮਠਿਆਈ ਦਾ ਡੱਬਾ, ਕੀਮਤੀ ਫੁੱਲਾਂ ਦੇ ਗੁੱਛਿਆਂ ਨਾਲ ਮੇਰਾ ਸਵਾਗਤ ਕਰ ਰਹੇ, ਉਸ ਤੋਂ ਪਹਿਲਾਂ ਇਕੱਤ ਦਾ ਬਹੁਤ ਖ਼ੂਬਸੂਰਤ, ਕੀਮਤੀ ਦੁਪੱਟਾ ਅਲਕਾ, ਸ਼ਿਲਪੀ ਨੇ ਦਿੱਲੀ ਹਾਟ ਬੁਲਾ ਕੇ ਮੇਰੇ ਤੋਂ ਪਸੰਦ ਕਰਾ ਕੇ ਖ਼ਰੀਦ ਕੇ ਦਿੱਤਾ ਸੀ। ਸਿਰ ਮੁੜ ਸਜਦੇ 'ਚ ਨਿਵ ਗਿਆ। ਪੰਜਾਬੀ ਅਕਾਦਮੀ ਦੀ ਇੱਕ ਗੋਸ਼ਟੀ 'ਚ ਕਿਸੇ ਨੇ ਮੇਰੇ ਤੋਂ ਇਮਰੋਜ਼ ਜੀ ਦਾ ਫ਼ੋਨ ਮੰਗਿਆ। ਮੈਂ ਫ਼ੋਨ ਨੰਬਰ ਦੱਸਣ ਦੇ ਨਾਲ ਹੀ ਨਵੇਂ ਘਰ ਦਾ ਪਤਾ ਦੇ ਦਿੱਤਾ। ਦੋ ਦਿਨਾਂ ਮਗਰੋਂ 18 ਜੂਨ 2011, ਪੱਤਰਕਾਰ ਮਨਧੀਰ ਦਿਓਲ ਦਾ ਫ਼ੋਨ ਆਇਆ ਕਿ ਉਹ ਇਮਰੋਜ਼ ਜੀ ਨਾਲ ਇੰਟਰਵੀਯੂ ਕਰਨਾ ਚਾਹੁੰਦਾ ਏ। ਇਮਰੋਜ਼ ਜੀ ਉਸ ਵੇਲੇ ਚੰਡੀਗੜ੍ਹ ਸਨ। ਉਸ ਮੇਰੇ ਨਾਲ, ਮੇਰੇ ਘਰ ਆ ਕੇ ਗੱਲ ਕਰਨ ਲਈ ਇਸਰਾਰ ਕੀਤਾ। ਉਦੋਂ ਤੀਕ ਮੈਂ ਨਹੀਂ ਜਾਣਦੀ ਸਾਂ ਕਿ ਉਹ ਸਿੱਧੂ ਦਮਦਮੀ ਦੇ ਸਾਡਾ ਚੈਨਲ ਨਾਲ ਜੁੜ ਗਿਆ ਹੈ। ਖ਼ੈਰ ਉਹ ਕੈਮਰਾਮੈਨ ਨਾਲ ਮੇਰੇ ਘਰ ਆਇਆ। ਸਾਡੇ ਦਰਮਿਆਨ ਕਾਫ਼ੀ ਸਵਾਲੋ-ਜਵਾਬ ਹੋਏ। ਵਿਚ-ਵਿਚਾਲੇ ਉਸ ਕੇ-ਪੱਚੀ ਹੌਜ਼ਖ਼ਾਸ ਦੀ ਇਮਾਰਤ ਬਾਰੇ ਪੁੱਛਿਆ। ਪਰ ਗੱਲ ਸਿਰਫ਼ ਕੇ-ਪੱਚੀ ਦੀ ਹੀ ਨਹੀਂ ਹੋਈ ਸੀ। ਇਮਰੋਜ਼ ਦੀ ਸੁਪਰ ਹੀਰੋ ਦੀ ਇਮੇਜ਼, ਅੰਮ੍ਰਿਤਾ ਦੇ ਸੰਗ ਸਾਥ ਦੀ, ਇਹਨਾਂ ਦੋਹਾਂ ਨਾਲ ਨੇੜਤਾ ਦੀ, ਇਹਨਾਂ ਦੋਹਾਂ ਦੀਆਂ ਲਿਖਤਾਂ ਉੱਤੇ ਵੀ ਖੁੱਲ੍ਹ ਕੇ ਚਰਚਾ ਹੋਈ। ਪਰ, ਮੇਰੇ ਨਾਲ ਗੱਲ ਕਰਨ ਮਗਰੋਂ ਉਹ ਹੌਜ਼ ਖ਼ਾਸ ਦੀ ਢੱਠੀ ਇਮਾਰਤ ਦੀਆਂ ਤਸਵੀਰਾਂ ਲੈ ਪੱਤਰਕਾਰੀ ਦਾ ਧਰਮ ਨਿਭਾ ਗਿਆ ਕਿ ਕਿਵੇਂ ਕੋਈ ਖ਼ਬਰ ਸਨਸਨੀਖੇਜ਼ ਬਣਾ ਟਿਕਣ ਲਈ ਤਿਆਰ ਕਰੀਦੀ ਏ। ਪੰਜਾਬ 'ਚ ਲਗਾਤਾਰ ਇਸ ਸਾਖਿਆਤਕਾਰ ਦਾ, ਢਹੀ

ਇਮਾਰਤ ਅਤੇ ਉਸ ਨਾਲ ਜੁੜਿਆ ਉਸ ਦਾ ਸਵਾਲ ਅਤੇ ਮੇਰਾ ਜਵਾਬ ਟੀ.ਵੀ. ਦੇ ਸਮਾਚਾਰ ਚੈਨਲਾਂ ਦੀਆਂ ਸੁਰਖੀਆਂ ਬਣਿਆ। ਮੇਰੇ ਮਗਰੋਂ ਅਜੀਤ ਕੌਰ ਅਤੇ ਕੁਝ ਪੰਜਾਬੀ ਲੇਖਕਾਂ ਦੇ ਇੰਟਰਵੀਓ ਲਏ ਗਏ। ਮੈਨੂੰ ਇਸ ਕਾਸੇ ਦਾ ਪਤਾ ਉਦੋਂ ਲੱਗਿਆ ਜਦੋਂ ਇਸ ਸਭ ਨੂੰ ਲੈ ਕੇ ਲੇਖਕ ਦੋਸਤਾਂ-ਮਨਜੀਤ ਟਿਵਾਣਾ, ਨਿਰੂਪਮਾਦੱਤ, ਕਾਨ੍ਹਾ ਸਿੰਘ ਅਤੇ ਕੁਝ ਨਿੱਜੀ ਦੋਸਤਾਂ ਦੇ ਫ਼ੋਨ ਆਉਣੇ ਸ਼ੁਰੂ ਹੋਏ ਕਿ ਇਹ ਖ਼ਬਰ ਟ੍ਰਿਬਿਊਨ, ਅਜੀਤ ਅਤੇ ਸਪੋਕਸਮੈਨ ਵਿਚ ਵੀ ਛੱਪੀ ਏ। ਕੁਝ ਚਿਰ ਪਰੇਸ਼ਾਨ ਰਹੀ। ਸੋਚਿਆ, ਇਸ ਬਾਰੇ ਕੁਝ ਵਿੱਥ ਪਾ ਕੇ ਲਿਖਣਾ ਹੀ ਠੀਕ ਰਹੇਗਾ। ਪਰ ਇਸ ਦਰਮਿਆਨ ਫੇਸਬੁਕਾਂ, ਅਖ਼ਬਾਰਾਂ, ਰਸਾਲਿਆਂ 'ਚ ਕੇ-ਪੱਚੀ ਹੌਜ਼ ਖ਼ਾਸ ਦੇ ਕੀਰਨੇ ਪਾਏ ਗਏ, ਮਰਸੀਏ ਗਾਏ ਗਏ। ਅੰਮ੍ਰਿਤਾ ਨੂੰ ਗਾਲ੍ਹਾਂ ਕੱਢੀਆਂ ਗਈਆਂ। ਨਵਰਾਜ਼ ਨੂੰ ਖ਼ਲਨਾਇਕ ਦਾ ਰੂਪ ਦਿੱਤਾ ਗਿਆ ਜਿਹੜਾ ਕਰੋੜਾਂ ਰੁਪਏ ਗੰਢ ਬੰਨ੍ਹ ਮੁੰਬਈ ਚਲਾ ਗਿਆ। ਇਉਂ ਇਕ ਵੇਰ ਮੁੜ ਅੰਮ੍ਰਿਤਾ, ਇਮਰੋਜ਼ ਦੇ ਨਾਲ-ਨਾਲ ਨਵਰਾਜ ਵੀ ਸੁਰਖ਼ੀਆਂ 'ਚ ਆ ਗਏ। ਹੈਰਤ ਇਹ ਸੋਚ ਕੇ ਹੁੰਦੀ ਕਿ ਜਿਹਨਾਂ ਲੇਖਕਾਂ ਨਾਲ ਵਿਚਾਰਾਂ ਦੀ ਸਾਂਝ ਨਾ ਹੋਣ ਕਾਰਨ ਅੰਮ੍ਰਿਤਾ ਦਾ 24-25 ਸਾਲਾਂ ਤੋਂ ਕਲਾਮ ਨਹੀ ਸੀ ਰਿਹਾ ਉਹ ਦਾਅਵੇ ਬੰਨ੍ਹਣ ਲਗੇ ਕਿ ਅੰਮ੍ਰਿਤਾ ਨੇ ਇਹ ਭਵਿੱਖੀ ਖ਼ਾਹਿਸ਼ਾਂ, ਕਾਮਨਾਵਾਂ ਕੀਤੀਆਂ ਸਨ। ਤਿੰਨ ਦਹਾਕੇ ਪਹਿਲਾਂ ਜੇ ਅੰਮ੍ਰਿਤਾ ਨੇ ਅਜਿਹਾ ਕੁਝ ਕਿਹਾ ਵੀ ਤਾਂ ਕੀਮਤ ਉਸ ਵੇਲੇ ਕੀਤੀ ਗੱਲ ਦੀ ਨਹੀਂ। ਅੰਤਲੇ ਦਿਨਾਂ 'ਚ ਉਹਦੀ ਕੀ ਸੋਚ ਅਤੇ ਇੱਛਾ ਸੀ, ਇਸ ਦੀ ਅਹਿਮੀਅਤ ਹੋਣੀ ਚਾਹੀਦੀ ਹੈ। ਤੇ ਇਹ ਸਭ ਕੁਝ ਅੰਮ੍ਰਿਤਾ ਪ੍ਰੀਤਮ ਦੀ ਇੱਛਾ ਨੂੰ ਮੱਦੇ ਨਜ਼ਰ ਰੱਖਦਿਆਂ ਹੀ ਕੀਤਾ ਗਿਆ ਸੀ। ਅੰਮ੍ਰਿਤਾ ਜੀ ਨੇ ਆਪਣੀ ਰਿਹਾਇਸ਼ਗਾਹ ਨੂੰ ਯਾਦਗਾਰ ਬਣਾਉਣ ਦੀ ਥਾਂ ਆਪਣੇ ਪੁੱਤਰ ਦੇ ਆਰ-ਪਰਿਵਾਰ ਦੇ ਚੰਗੇ ਜਿਊਣ ਦਾ ਵਸੀਲਾ ਸਮਝ ਕੇ ਹੀ ਇਹ ਵਸੀਅਤ ਕੀਤੀ ਸੀ। ਜੇ ਇਹ ਯਾਦਗਾਰ ਬਣਾਉਣੀ ਬਣਦੀ ਸੀ ਤਾਂ ਕਿਸੇ ਸੰਸਥਾ, ਅਕਾਦਮੀ ਜਾਂ ਸਰਕਾਰ ਵਲੋਂ। ਅੰਮ੍ਰਿਤਾ ਜੀ ਦੇ ਜਿਊਂਦੇ ਜੀਅ ਕਈ ਪਤਵੰਤੇ ਲੇਖਕ ਅੰਮ੍ਰਿਤਾ ਕੋਲ ਇਹ ਤਜਵੀਜ਼ ਲੈ ਕੇ ਗਏ ਸਨ ਕਿ ਘਟੋ-ਘੱਟ ਕੇ-ਪੱਚੀ ਦੀ ਪਹਿਲੀ ਮੰਜ਼ਲ ਜਿਥੇ ਅੰਮ੍ਰਿਤਾ ਰਹਿੰਦੀ ਏ, ਨੂੰ ਮਿਊਜ਼ੀਅਮ ਵਿਚ ਤਬਦੀਲ ਕੀਤਾ ਜਾਏ। ਅੰਮ੍ਰਿਤਾ ਹੁਰਾਂ ਨੇ ਹਾਮੀ ਨਹੀਂ ਭਰੀ। ਪਹਿਲਾਂ ਹੀ ਉਹਨਾਂ ਉੱਤੇ ਰਹਿ-ਰਹਿ ਕੇ ਇਹ ਇਲਜ਼ਾਮ ਲਾਇਆ ਜਾਂਦਾ ਰਿਹਾ ਹੈ ਕਿ ਅੰਮ੍ਰਿਤਾ ਨੇ ਸਾਹਿਤ ਅਕਾਦਮੀ ਦਾ ਇਨਾਮ ਆਪ ਆਪਣੀ ਝੋਲੀ ਪੁਆ ਲਿਆ। ਹੁਣ ਲੋਕਾਂ ਨੇ ਕਹਿਣਾ ਸੀ ਕਿ ਅੰਮ੍ਰਿਤਾ ਨੇ ਆਪਣੀ ਯਾਦਗਾਰ ਆਪਣੇ ਖ਼ਰਚੇ ਅਤੇ ਵਸੀਲਿਆਂ ਨਾਲ ਆਪ ਸਥਾਪਤ ਕੀਤੀ। ਅੰਮ੍ਰਿਤਾ ਹੁਰਾਂ ਦਾ ਕਹਿਣਾ ਸੀ, "ਮੈਨੂੰ ਜੇ ਕਿਸੇ ਯਾਦ ਕਰਨਾ ਏ, ਤਾਂ ਮੇਰੀਆਂ ਲਿਖਤਾਂ ਵਿਚੋਂ ਕਰਨਾ ਏ।" ਉਂਜ ਵੀ ਮਠਾਂ, ਡੇਰਿਆਂ ਪ੍ਰਤੀ ਨਿਰਾ ਅੰਨ੍ਹਵਿਸ਼ਵਾਸ ਹੀ ਸ਼ਰਧਾ ਦਾ ਵਾਇਜ਼ ਬਣਦਾ ਏ। ਪ੍ਰੇਮਚੰਦ ਦੀ ਰਿਹਾਇਸ਼ ਗਾਹ, ਗੁਰਬਖ਼ਸ਼ ਸਿੰਘ ਦਾ ਪ੍ਰੀਤ ਨਗਰ ਅੱਜ ਜਿਵੇਂ ਤਰਸਯੋਗ ਹਾਲਤ 'ਚ ਪਹੁੰਚੇ ਹਨ, ਵਕਤ ਲੰਘਾ ਕੇ ਸ਼ਾਇਦ ਇਹੀ ਹਸ਼ਰ ਅੰਮ੍ਰਿਤਾ ਦੇ ਕੇ-ਪੱਚੀ ਭਵਨ ਦਾ ਹੋਣਾ ਸੀ। ਗੋਰਕੀ, ਟਾਲਸਟਾਏ, ਸ਼ੇਕਸਪੀਅਰ ਦੀਆਂ ਯਾਦਗਾਰਾਂ ਦੀ ਗੱਲ ਹੋਰ ਏ। ਉਥੇ ਸਾਂਝੇ ਉੱਦਮ, ਉਹਨਾਂ ਥਾਵਾਂ ਨੂੰ ਵੇਖਣ ਲਈ ਲਾਈ ਗਈ ਟਿਕਟ ਆਦਿ ਅਹਿਮ ਭੂਮਿਕਾ ਨਿਭਾਉਂਦੇ ਹਨ।

ਜਸਬੀਰ ਭੁੱਲਰ ਦੇ ਲੇਖ ਨੇ ਵੀ ਕੁਝ ਗਲਤਫਹਿਮੀਆਂ ਨੂੰ ਜਨਮ ਦਿੱਤਾ। ਖ਼ਾਸ ਕਰ ਇਮਰੋਜ਼ ਨੂੰ ਅੰਮ੍ਰਿਤਾ ਦੀਆਂ ਤਸਵੀਰਾਂ, ਕਿਤਾਬਾਂ ਸਣੇ, ਕਿਰਾਏ ਦੇ ਘਰ ਵਿਚ ਰਹਿਣ ਦਾ ਦੱਸ ਕੇ। ਮੈਨੂੰ ਕਈ ਲੇਖਕ-ਮਿੱਤਰਾਂ ਦੇ ਫ਼ੋਨ ਆਏ ਇਮਰੋਜ਼ ਦਾ ਪਤਾ ਪੁੱਛਦੇ, ਉਹਨਾਂ ਦੀ ਖ਼ੈਰੀਅਤ ਜਾਨਣ ਲਈ। ਇਹ ਪਤਾ ਚਲਣ 'ਤੇ ਗ੍ਰੇਟਰ ਕੈਲਾਸ਼ ਦੀਆਂ ਦੋ ਮੰਜਲਾਂ 'ਚੋਂ ਇੱਕ ਮੰਜਲ 'ਤੇ ਇਮਰੋਜ਼ ਦੀ ਅੰਮ੍ਰਿਤਾ ਦੀਆਂ ਯਾਦਾਂ ਨਾਲ ਭਰੀ ਜੀਵੰਤ ਹੋਂਦ ਹੈ ਜਿਵੇਂ ਹੌਜ਼ਖ਼ਾਸ ਦੀ ਪਹਿਲੀ ਮੰਜਲ 'ਤੇ ਸੀ। ਸੁਣ ਕੇ ਉਹ ਚੁੱਪ ਹੋ ਗਏ। ਦੂਜੀ ਇਤਰਾਜ਼ ਯੋਗ ਗੱਲ ਇਸ ਲੇਖ ਵਿਚ ਇਹ ਸੀ ਕਿ ਹੁਣ ਨਾਗਮਣੀ 'ਚ ਛੱਪਣ ਲਈ ਆਉਂਦੀਆਂ ਰਚਨਾਵਾਂ ਨੂੰ ਸਹੇਜਦੀ ਦਰਾਜ਼ਾਂ ਵਾਲੀ ਮੇਜ਼ ਦਾ ਉਥੇ ਨਾ ਹੋਣਾ ਜਦ ਕਿ ਉਹ ਹੌਜ਼ਖ਼ਾਸ ਵਿਚ ਵੀ ਕਾਇਮ ਸੀ ਅਤੇ ਹੁਣ ਗ੍ਰੇਟਰ ਕੈਲਾਸ਼ ਵੀ ਕਾਇਮ ਹੈ। ਅੰਮ੍ਰਿਤਾ ਜੀ ਦੇ ਕਮਰੇ ਵਿਚ ਟੈਲੀਵਿਜ਼ਨ ਅੰਮ੍ਰਿਤਾ ਜੀ ਦੇ ਜਿਊਂਦੇ ਜੀ ਲਗ ਗਿਆ ਸੀ। ਇਹ ਉਹਨਾਂ ਦੀ ਨੂੰਹ ਅਲਕਾ ਲਈ ਨਹੀਂ, ਸਗੋਂ ਉਹਨਾਂ ਦੀ ਨੌਕਰਾਣੀ ਜੋ 24 ਘੰਟੇ ਅੰਮ੍ਰਿਤਾ ਜੀ ਦੀ ਦੇਖਭਾਲ ਲਈ ਰੱਖੀ ਗਈ ਸੀ, ਉਹਦਾ ਧਿਆਨ ਲਾਉਣ ਲਈ ਅੰਮ੍ਰਿਤਾ ਹੁਰਾਂ ਦੀ ਮਰਜ਼ੀ ਨਾਲ ਲਗਾਇਆ ਗਿਆ ਸੀ। ਟੀ.ਵੀ. ਕਮਰੇ ਦੀ ਪਵਿੱਤਰਤਾ ਨੂੰ ਭੰਗ ਕਰਨ ਦਾ ਵਾਇਜ਼ ਕਿਵੇਂ ਬਣਦਾ ਹੈ, ਇਹ ਮੇਰੀ ਸਮਝ ਤੋਂ ਬਾਹਰ ਹੈ। ਇਮਰੋਜ਼ ਜੀ ਟੀ.ਵੀ. ਅਤੇ ਮਿਊਜ਼ਿਕ ਦੇ ਚਲਦੇ ਰਹਿੰਦਿਆਂ ਹੀ ਆਪਣੀ ਚਿੱਤਰਕਾਰੀ ਤੇ ਹੁਣ ਕਾਵਿ-ਸਿਰਜਣ 'ਚ ਵੀ; ਮਸਰੂਫ਼ ਰਹਿੰਦੇ ਹਨ। ਸੋ ਇਹ ਬਿਆਨਬਾਜੀ ਨਿਰੀ ਉਪਭਾਵੁਕਤਾ ਭਰੀ ਸੋਚ ਵਜੋਂ ਸੀ। ਅਜੀਤ ਕੌਰ ਦਾ ਜ਼ਿਕਰ ਵੀ ਵੱਡੀ ਗਲਤਫ਼ਹਿਮੀ ਦੀ ਵਜ੍ਹਾ ਬਣਿਆ। ਅੰਮ੍ਰਿਤਾ ਜੀ ਨੂੰ ਜਦੋਂ ਸਸਕਾਰ ਲਈ ਲਿਜਾ ਰਹੇ ਸਾਂ ਉਸ ਆਪਣੇ ਸੁਭਾਅ ਵਾਂਗ ਪੂਰੇ ਜ਼ੋਰ ਸ਼ੋਰ ਨਾਲ ਅਰਪਨਾ ਸਮੇਤ ਹਾਜ਼ਰੀ ਭਰੀ ਸੀ। ਉਹਨਾਂ ਨੂੰ ਭਾਪਾ ਪ੍ਰੀਤਮ ਸਿੰਘ ਦੇ ਨੌਕਰ ਤੋਂ ਪਤਾ ਚਲਿਆ ਸੀ ਕਿ ਗੁਆਂਢ 'ਚ ਕੋਈ ਮੌਤ ਹੋ ਗਈ ਹੈ ਤੇ ਉਹ ਪਹੁੰਚ ਗਏ। ਜਸਬੀਰ ਭੁੱਲਰ ਦੀ ਇਮਰੋਜ਼ ਨਾਲ ਹੋਈ ਫ਼ੋਨੀ ਗੱਲਬਾਤ ਨੇ ਇਹ ਭੁਲੇਖਾ ਸਿਰਜਿਆ। ਭੁੱਲਰ ਦੇ ਇਹ ਪੁੱਛਣ 'ਤੇ ਕਿ ਕੌਣ-ਕੌਣ ਆਉਂਦਾ ਰਿਹਾ ਉਸੇ 'ਚ ਕਿਸੇ ਗਲੇ ਇਮਰੋਜ਼ ਹੁਰਾਂ ਕਿਹਾ ਕਿ ਅਜੀਤ ਕਈ ਵਰ੍ਹਿਆਂ ਤੋਂ ਨਹੀਂ...ਇਮਰੋਜ਼ ਹੁਰਾਂ ਨੂੰ ਜਦੋਂ ਮੈਂ ਇਸ ਕਾਸੇ ਦਾ ਪੁੱਛਿਆ ਤਾਂ ਉਹਨਾਂ ਕਿਹਾ ਅਜੀਤ ਨੇ ਫਸਟ ਪਰਸਨ ਦੀ ਥਾਂ ਥ੍ਰਡ ਪਰਸਨ ਤੋਂ ਇਨਫ਼ਾਰਮੇਸ਼ਨ ਚਾਹੀ। ਉਸ ਮੇਰੇ ਤੋਂ ਨਹੀਂ ਪੁੱਛਿਆ ਤੇ ਕਿਸੇ ਗੱਲ ਦੀ ਸਫ਼ਾਈ ਦੇਣਾ ਮੇਰੀ ਫ਼ਿਤਰਤ 'ਚ ਨਹੀਂ।' ਚਾਈਨਿਜ਼ ਵਿਸਪਰ ਖੇਡ 'ਚ ਪਹਿਲੇ ਬੰਦੇ ਤੋਂ ਤੁਰਦੀ ਗੱਲ ਅੰਤਲੇ ਬੰਦੇ ਤਕ ਪਹੁੰਚਣ 'ਤੇ ਜਿਵੇਂ ਕੁਝ ਦੀ ਕੁਝ ਹੋਰ ਹੋ ਜਾਂਦੀ ਹੈ। ਇਥੇ ਵੀ ਕੁਝ ਅਜਿਹਾ ਹੀ ਹੋਇਆ। ਖ਼ੈਰ ਇਮਰੋਜ਼ ਜੀ ਦਾ ਤਾਂ ਇਹ ਵੀ ਕਹਿਣਾ ਏ ਕਿ ਜਦੋਂ ਚੰਡੀਗੜ੍ਹ ਗਿਆ, ਭੁੱਲਰ ਨੂੰ ਮਿਲਣਾ ਹੋਇਆ ਤਾਂ ਉਹਨੂੰ ਵੀ ਪੁੱਛਣਾ ਨਹੀਂ ਕਿ ਉਸ ਕਿਉਂ ਅਜਿਹਾ...ਹਾਂ ਅੰਮ੍ਰਿਤਾ ਪਰਿਵਾਰ ਪ੍ਰਤੀ ਉਹਨਾਂ ਦੀ ਈਮਾਨਦਰਾਨਾ ਸੋਚ ਨੇ ਜਸਬੀਰ ਭੁੱਲਰ ਨੂੰ ਇੱਕ ਖ਼ਤ ਅਤੇ 'ਨਵਾਂ ਪਤਾ' ਕਵਿਤਾ ਦਾ ਦੂਜਾ/ਅੰਤਲਾ ਹਿੱਸਾ ਜ਼ਰੂਰ ਭੇਜਿਆ ਜਿਸ ਤੋਂ ਪਤਾ ਚਲਦਾ ਹੈ ਕਿ ਘਰ ਬਦਲਣ ਨਾਲ ਕੁਝ ਨਹੀਂ ਬਦਲਿਆ। ਜਿਥੇ ਵੀ ਉਹ ਆਪ ਹਨ, ਉਹਨਾਂ ਦਾ ਪਿਆਰਾ ਪਰਿਵਾਰ ਹੈ, ਉਹ ਹੀ ਉਹਨਾਂ ਦਾ ਘਰ ਹੈ। ਕਵਿਤਾ ਦੇ ਅਖ਼ੀਰ 'ਚ ਆਪਣੇ ਇਸ ਨਵੇਂ ਸਿਰਨਾਵੇਂ ਦੀ

ਤਾਕੀਦ ਵੀ ਕੀਤੀ। ਸਮੇਂ ਦੇ ਅਨੁਭਵ ਨੇ ਇਹੀ ਸਿਖਾਇਆ ਏ ਕਿ ਕੁਝ ਵੀ ਸਥਾਈ ਨਹੀਂ। ਸੋ ਕਿਸੇ ਚੀਜ਼ ਦਾ ਦਾਅਵਾ ਨਹੀਂ ਹੋ ਸਕਦਾ। ਬਦਲਦੀ ਦੁਨੀਆ, ਮੌਸਮਾਂ, ਰੁੱਤ ਚੱਕਰ, ਉਮਰਾਂ ਵਾਂਗ ਤਬਦੀਲੀ ਹੀ ਜ਼ਿੰਦਗੀ ਦਾ ਸਭ ਤੋਂ ਵੱਡਾ ਸੱਚ ਹੈ ਜੋ ਕਿ ਵਕਤ ਨਾਲ ਆਉਣੀ ਲਾਜ਼ਮੀ ਹੈ। ਖੜੋਤੇ ਪਾਣੀ ਤਾਂ ਬੁੱਸ ਜਾਂਦੇ ਹਨ। ਮੇਰੇ ਅਤੇ ਇਮਰੋਜ਼ ਵਾਂਗ ਇਸ ਸਾਰੇ ਕਾਸੇ ਦੀ ਸੂਖਮ ਤਾਣੀ ਨੂੰ ਫੜਨ ਦਾ ਉਪਰਾਲਾ ਕੀਤੈ ਅਸਲੋਂ ਨਵੀਂ ਸ਼ਾਇਰਾ ਸੁਰਿੰਦਰ ਬਿੰਨਰ ਨੇ। (ਭਾਵੇਂ 2010 ਤੋਂ ਲੈ ਕੇ 2012 ਦੀ ਸ਼ੁਰੂਆਤ ਵਿਚ ਉਸਦੇ ਪੰਜ ਕਾਵਿ-ਸੰਗ੍ਰਹਿ ਪਾਠਕਾਂ ਦੀ ਨਜ਼ਰ ਹੋ ਚੁੱਕੇ ਹਨ।) ਉਸ ਦੇ ਸੱਜਰੇ ਕਾਵਿ-ਸੰਗ੍ਰਹਿ 'ਤਨ ਮਨ ਦੋਵੇਂ ਅੱਥਰੇ' (ਚੇਤਨਾ ਪ੍ਰਕਾਸ਼ਨ) ਨੂੰ ਹੱਥਾਂ 'ਚ ਲੈ ਸਹਿਜੇ ਹੀ ਖੋਲ੍ਹਿਆ ਤਾਂ ਸਾਹਮਣੇ ਜਿਹੜੀ ਪਹਿਲੀ ਕਵਿਤਾ ਆਈ, ਪੜ੍ਹ ਕੇ ਹੈਰਤ ਭਰੀ ਖ਼ੁਸ਼ੀ ਅਤੇ ਸੰਤੁਸ਼ਟੀ ਹੋਈ ਕਿ ਇਸ ਦੁਨੀਆ 'ਚ ਅਜਿਹੀ ਹਾਂ-ਪੱਖੀ ਸੋਚ ਰੱਖਣ ਵਾਲੇ ਲੋਕ ਵੀ ਹਨ। ਅੰਮ੍ਰਿਤਾ/ਇਮਰੋਜ਼ ਪ੍ਰਸੰਗ ਦੀ ਥਾਹ ਲੈਣ ਲਈ ਇਸ ਸੰਗ੍ਰਹਿ ਵਿਚਲੀ ਇਹ ''ਹੂਰਾਂ 'ਚੋਂ ਹੂਰ'' ਨਾਂ ਦੀ ਪੂਰੀ ਦੀ ਪੂਰੀ ਕਵਿਤਾ ਹਾਜ਼ਰ ਹੈ :-

**ਹੂਰਾਂ 'ਚੋਂ ਹੂਰ**

ਨਾ ਅੰਮ੍ਰਿਤਾ ਪ੍ਰੀਤਮ ਰਹੀ
ਨਾ ਉਸਦਾ ਘਰ ਰਿਹੈ
ਨਾ ਨਾਨਕ ਸਿੰਘ ਰਿਹਾ
ਨਾ ਉਸ ਦਾ ਦਰ ਰਿਹੈ
ਬਦਲਣਾ ਹੀ ਜ਼ਿੰਦਗੀ
ਦਾ ਦਸਤੂਰ ਹੈ
ਫਿਰ ਇਹ ਸੰਗ ਦਿਲ ਜ਼ਮਾਨਾ
ਕਿਉਂ ਚੁੰਝ-ਚਰਚਾ ਕਰ ਰਿਹੈ
ਇਹ ਬੇਕਾਰ ਦੀਆਂ ਗੱਲਾਂ
ਗੌਲ ਤਾਂ ਕਰਨ ਵਾਲੀ ਇਹ ਹੈ
ਕਿ ਕੌਣ ਕਿਸ ਦੇ ਮੋਹ ਵਿਚ ਠਰ ਰਿਹੈ
ਤੇ ਵਿਛੜੇ ਮੀਤ ਦੇ
ਝਾਉਲੇ ਹੋਰ ਮੁੱਖ 'ਚੋਂ ਲੱਭ ਕੇ
ਉਸੇ ਤੇ ਮਰ ਰਿਹੈ।

ਓ ਸੰਗ ਦਿਲ ਜ਼ਮਾਨੇ
ਅੰਮ੍ਰਿਤਾ ਪ੍ਰੀਤਮ ਜਾਂ ਇਮਰੋਜ਼ ਦੇ
ਕਿੱਸੇ ਦੀ ਪੂਣੀ ਨਾ ਕੱਤ
ਚਰਖਾ ਤੇਰਾ ਵੀ
ਚੂੰ ਚੂੰ ਕਰ ਰਿਹੈ

ਪਲਕ ਬੰਦ ਕਰ ਸੋਚ
ਤੱਤਾ ਹਉਕਾ
ਬਾਹਰ ਆਉਣੋਂ ਕਿਉਂ ਡਰ ਰਿਹੈ
ਘੁੱਟ ਕੇ ਪੀੜ ਹਾਉਕੇ ਦੀ
ਦਿਲ ਅੰਦਰ
ਤੂੰ ਵੀ ਤਾਂ ਲਹੂ ਦੀਆਂ ਰਗਾਂ ਤੇ
ਜਬਰ ਕਰ ਰਿਹੈ
ਤੇ ਹਰ ਖ਼ਬਰ ਰਸਾਲੇ ਵਿਚ
ਅੰਮ੍ਰਿਤਾ ਦੇ ਵਿੱਕ ਚੁੱਕੇ
ਘਰ ਨੂੰ ਨਸ਼ਰ ਕਰ ਰਿਹੈ
ਇਮਰੋਜ਼ ਦੇ ਕੰਬਦੇ ਹੱਥਾਂ ਦਾ
ਜ਼ਿਕਰ ਕਰ ਰਿਹੈ

ਐ ਜ਼ਮਾਨੇ
ਬਦਲਨਾ ਹੀ
ਜ਼ਿੰਦਗੀ ਦਾ ਦਸਤੂਰ ਹੈ
ਇਮਰੋਜ਼ ਨੇ ਸਾਹਾਂ ਦੇ
ਅੰਤਿਮ ਪੜਾਅ ਤਕ
ਜੋ ਮੁਹੱਬਤ ਨਿਭਾਈ
ਮੇਰੀ ਨਿਗਾਹ ਵਿਚ ਤਾਂ
ਅੰਮ੍ਰਿਤਾ ਪ੍ਰੀਤਮ
ਹੂਰਾਂ ਦੀ ਵੀ ਹੂਰ ਹੈ
ਇਸੇ ਗੱਲ ਨੂੰ ਯਾਦ ਕਰਕੇ
ਤੱਕ ਮੇਰੇ ਨੈਣਾ 'ਚ ਵੀ
ਕਿੰਨਾ ਨੂਰ ਹੈ !

**ਕੁਝ ਹੋਰ** : 15 ਮਈ 2012 : ਅੰਮ੍ਰਿਤਾ ਪਰਿਵਾਰ ਨੂੰ ਕੇ-ਪੱਚੀ ਹੌਜ਼ਖ਼ਾਸ ਤੋਂ ਐਨ-13 ਗ੍ਰੇਟਰ ਕੈਲਾਸ਼ ਵਿਚ ਸ਼ਿਫ਼ਟ ਹੋਇਆਂ ਇੱਕ ਵਰ੍ਹਾ ਹੋ ਗਿਐ। ਇਸ ਘਰ ਵਿਚ ਜਿਥੇ ਅਮੀਆ ਦਾ ਜਨਮਦਿਨ ਮਨਾਇਆ ਜਾ ਰਿਹੈ, ਅੰਮ੍ਰਿਤਾ ਜੀ ਦੇ ਪੋਤਰੇ ਅਮਾਨ ਦਾ ਪੇਸ਼ਗੀ ਜਨਮਦਿਨ (ਉਸ ਦਾ ਜਨਮਦਿਨ 24 ਮਈ ਨੂੰ ਹੁੰਦਾ ਹੈ) ਮਨਾਇਆ ਜਾ ਰਿਹੈ, ਕਿਉਂਕਿ ਉਸ ਨੇ ਆਪਣੇ ਜਨਮ ਦਿਹਾੜੇ 'ਤੇ ਆਪਣੇ ਪਰਿਵਾਰ ਤੋਂ ਬਹੁਤ ਦੂਰ ਲੰਦਨ ਹੋਣਾ ਹੈ। ਉਥੇ ਇਸ ਘਰ ਦਾ ਜਨਮਦਿਨ ਪੂਰੇ ਉਮਾਹ ਅਤੇ ਚਾਅ ਨਾਲ ਮਨਾਉਣ ਲਈ ਅਮਾਨ, ਸ਼ਿਲਪੀ ਅਤੇ ਵਿਸ਼ਾਲ (ਸ਼ਿਲਪੀ ਦਾ ਪਤੀ) ਉਚੇਚੇ ਤੌਰ 'ਤੇ ਦਿੱਲੀ ਆਏ ਹਨ ਅਤੇ ਇੱਕ ਬਹੁਤ ਖ਼ੂਬਸੂਰਤ ਕੇਕ ਜਿਸ ਉੱਤੇ ਅਮਾਨ ਦੇ ਨਾਂ ਅਗੇ ਚਾਕਲੇਟ ਨਾਲ ਬਣੀ ਝੁੱਗੀ ਤੋਂ ਪਹਿਲਾਂ ਵਰ੍ਹੇ ਗੰਢ ਮੁਬਾਰਕ ਲਿਖਿਆ ਹੋਇਆ।

ਇਮਰੋਜ਼, ਅਲਕਾ, ਅਮੀਆ ਅਤੇ ਇਹਨਾਂ ਬੱਚਿਆਂ ਦੀ ਖਿੜਖਿੜਾਉਂਦੀ ਹਾਜ਼ਰੀ ਵਿਚ ਅੰਮ੍ਰਿਤਾ ਹੁਰਾਂ ਦੀ ਹੋਂਦ ਵੀ ਆਪਣੀ ਸ਼ਮੂਲੀਅਤ ਭਰ ਰਹੀ। ਅੰਮ੍ਰਿਤਾ ਪਰਿਵਾਰ ਦੇ ਜਨਮਦਿਨਾਂ ਨੂੰ ਕੈਲਿਓਗ੍ਰਾਫ਼ੀ ਨਾਲ ਉਲੀਕਦੀ ਇਮਰੋਜ਼ ਜੀ ਦੀ ਹੱਥ-ਲਿਖਤ ਪੇਂਟਿੰਗ ਵਜੋਂ ਤਸਵੀਰਾਂ 'ਚ ਤਸਵੀਰ ਵਾਂਗ ਲਗੀ ਹੋਈ ਹੈ ਤਾਂ ਕਿ ਇਹ ਖ਼ਾਸ ਦਿਨ ਹਾਫ਼ਿਜ਼ੇ 'ਚ ਖੁਣੇ ਰਹਿਣ। ਹੁਣ ਸਭ ਨੇ ਇਕ ਰਾਇ ਹੋ 15 ਮਈ ਨੂੰ ਵੀ ਇਸ ਹਾਫ਼ਿਜ਼ੇ ਦਾ ਹਿੱਸਾ ਬਣਾਉਣ ਦੀ ਤਜਵੀਜ਼ ਕੀਤੀ। ਇਮਰੋਜ਼ ਜੀ ਝੱਟ ਦੇਣੀ ਕੈਲਿਓਗ੍ਰਾਫ਼ੀ 'ਚ 15 ਮਈ ਉਲੀਕ ਲਿਆਏ ਅਤੇ ਉਸ ਪੇਂਟਿੰਗ ਦੇ ਸਭ ਤੋਂ ਹੇਠਲੇ ਹਿੱਸੇ 'ਤੇ ਚਿਪਕਾ ਦਿੱਤਾ। ਕੈਮਰੇ ਦੀ ਅੱਖ ਨੇ ਇਹਨਾਂ ਯਾਦਗਾਰੀ ਛਿਣਾਂ ਨੂੰ ਸੰਜੋ ਲਿਆ।

ex-MEMBER OF PARLIAMENT
(RAJAYA SABHA)

सत्यमेव जयते

amrita pritam

**TO WHOMESOEVER IT MAY CONCERN**

This is to state that Dr. Amarjeet Kaur does translation work for me, translating from Punjabi to Hindi.

Dr. Amarjett Kaur is a hard and a consistant worker and has a good command on these two languages.

15.2.93

Amrita Pritam.

AMRITA PRITAM
K-25 HAUZ KHAS
NEW DELHI-110016
INDIA
Off. 381453, Resi. 669278

ਕਦੀ ਜੱਗਾ ਵਕਤ ਦੇਵੇਗੀ
ਕੋਈ ਇੱਕ ਸਾਹੀ ਦੀ ਰਾਹ
ਜਿੱਦੇ ਰਸਤੇ ਦੀ ਮੁਲਾਕਾਤ ਦੇ ਲਈ-
ਇਹ ਸਮਾਂ ਘੜੀ ਨੂੰ ਮਿਲਾਵੇਗੀ
ਤਾਂ ਘੜੀ ਠਹਿਰ ਜਾਵੇਗੀ ...

ਠੀਕ ਠਹਿਰਦੀ ਹਵਾ ਤੇਰੇ ਰਸਤੇ ਵਿਚ ਆਵੇਗੀ
ਤਾਂ ਬਾਹਰ ਦੀ ਖ਼ੁਸ਼ਬੂ ਵਿਚ ਵੀ
ਮੇਰੀ ਸੀਰ ਦੇ ਉਤੇ ਜਾਵੇਗਾ

ਕਿ ਉਹਦੇ ਪੁੱਤ ਬਾਹ ਮਿਲੀ ਤਾਂ
ਤੇ ਓਦੋਂ ਮਿਲ ਜਾਵੇ
ਤੇਰੀ ਬਾਹ ਦਾ ਪਿਆਰ ਸੱਚ ਮਿਲ ਗਏ ਨੇ
ਮੈਂ ਸੁੱਖਦੇ ਰਸਤੇ ਮਿਲ ਜਾਵਾਂਗਾ
ਤਾਂ ਪਹਿਲਾਂ ਹੋਵੇਗਾ

ਜੇ ਹੋਏ ਤਾਂ ਇਹ ਮਿਲੀਆਂ ਸੀ ....

ਇਮਰੋਜ਼

